ਤਬਦੀਲੀ ਪਸੰਦ ਨੌਜਵਾਨਾਂ–ਵਿਦਿਆਰਥੀਆਂ ਦੀ ਮੈਗਜ਼ੀਨ


ਲਲਕਾਰ

ਬੁਲੇਟਿਨ

ਮਈ–ਜੂਨ, 2011 ₹ 10



• ਅੰਨਾ! ਸਾਨੂੰ ਭ੍ਰਿਸ਼ਟਾਚਾਰ ਮੁਕਤ ਪੂੰਜੀਵਾਦ ਨਹੀਂ, ਪੂੰਜੀਵਾਦ ਤੋਂ ਮੁਕਤੀ ਚਾਹੀਦੀ ਹੈ! • ਵਸੋਂ : ਇੱਕ ਸਮੱਸਿਆ • ਆਸਥਾ ਆਧਾਰਿਤ ਫਲਸਫ਼ਿਆਂ ਨਾਲ ਵਿਗਿਆਨ ਦੀ ਟੱਕਰ ਲਗਾਤਾਰ ਜਾਰੀ ਹੈ। • ਵਿਦਰੋਹੀ ਗਾਇਕ – ਪਾਲ ਰੌਬਿਸਨ



ਇਤਿਹਾਸ ਉਹਨਾਂ ਇਨਸਾਨਾਂ ਨੂੰ ਸਭ ਤੋਂ ਮਹਾਨ ਦੱਸਦਾ ਹੈ, ਜਿਹਨਾਂ ਨੇ ਸਾਂਝੀ ਖੁਸ਼ੀ ਲਈ ਕੰਮ ਕਰਕੇ ਖੁਦ ਨੂੰ ਉਚਿਆਇਆ ਹੈ, ਤਜ਼ਰਬਾ ਉਹਨਾਂ ਇਨਸਾਨਾਂ ਨੂੰ ਸਭ ਤੋਂ ਵੱਧ ਖੁਸ਼ ਦੱਸਦਾ ਹੈ, ਜਿਹਨਾਂ ਨੇ ਵੱਧ ਤੋਂ ਵੱਧ ਲੋਕਾਂ ਨੂੰ ਖੁਸ਼ੀ ਦਿੱਤੀ ਹੋਵੇ....।

ਜੇਕਰ ਅਸੀਂ ਜ਼ਿੰਦਗੀ 'ਚ ਅਜੇਹੀ ਪੋਜ਼ੀਸ਼ਨ ਦੀ ਚੋਣ ਕੀਤੀ ਹੋਵੇ ਜਿਸ ਵਿੱਚ ਅਸੀਂ ਮਨੁੱਖਤਾ ਲਈ ਵੱਧ ਤੋਂ ਵੱਧ ਕੰਮ ਕਰ ਸਕੀਏ, ਤਾਂ ਕੋਈ ਵੀ ਬੋਝ ਸਾਨੂੰ ਝੁਕਾ ਨਹੀਂ ਸਕੇਗਾ, ਕਿਉਂਕਿ ਉਹ ਸਭ ਦੇ ਭਲੇ ਲਈ ਕੀਤੀਆਂ ਕੁਰਬਾਨੀਆਂ ਹੋਣਗੀਆਂ, ਤਦ ਸਾਨੂੰ ਕਿਸੇ ਤੁੱਛ, ਸੀਮਤ, ਸਵਾਰਥੀ ਅਨੰਦ ਦਾ ਅਹਿਸਾਸ ਨਹੀਂ ਹੋਵੇਗਾ। ਪਰ ਸਾਡੀ ਖੁਸ਼ੀ ਦਾ ਸਬੰਧ ਲੱਖਾਂ ਲੋਕਾਂ ਨਾਲ਼ ਹੋਵੇਗਾ, ਸਾਡੇ ਅਮਲ ਚੁੱਪ ਚਾਪ ਅਤੇ ਨਿਰੰਤਰ ਕੰਮ 'ਚ ਰੁੱਝੇ ਰਹਿਣਗੇ।

ਅਤੇ ਸਾਡੀ ਮੌਤ 'ਤੇ ਭਲੇ ਲੋਕਾਂ ਦੀਆਂ ਅੱਖਾਂ ਵਿੱਚ ਗਰਮ ਹੰਝੂ ਹੋਣਗੇ।

- ਕਾਰਲ ਮਾਰਕਸ
(ਕਿੱਤੇ ਦੀ ਚੋਣ ਸਬੰਧੀ ਇੱਕ ਨੌਜਵਾਨ ਦੇ ਵਿਚਾਰ)

‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ ’ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਖ ’ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖੌਫ਼ ਐਲਾਨ ਹੈ।

ਇਸ ਅੰਕ ’ਚ

ਕਵਰ ਤਸਵੀਰ - ਇਵਾਨ ਬੇਵਜੇਂਕੋਂ ਦੀ ਪੇਂਟਿੰਗ ‘ਯੰਗ ਸਟੀਲ ਵਰਕਰਜ਼’

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ
ਵਿਦਿਆਰਥੀਆਂ ਦੀ ਮੈਗਜ਼ੀਨ

ਬੁਲੇਟਿਨ-18, ਮਈ-ਜੂਨ 2011

ਸੰਪਾਦਕ

ਲਖਵਿੰਦਰ

ਇੱਕ ਕਾਪੀ ਦਾ ਮੁੱਲ
ਦਸ ਰੁਪਏ

ਸਾਲਾਨਾ ਚੰਦਾ
60 ਰੁਪਏ (ਡਾਕ ਰਾਹੀਂ 80 ਰੁਪਏ)

ਫੋਨ ਨੰ. - 9646150249

ਈਮੇਲ: lalkaar08@rediffmail.com

ਸੰਪਾਦਕੀ ਦਫ਼ਤਰ : ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਜ਼, ਡਾਕ ਤੇ ਸ਼ਹਿਰ - ਸਰਹਿੰਦ ਸ਼ਹਿਰ,
ਜ਼ਿਲ੍ਹਾ - ਫਤਿਹਗੜ੍ਹ ਸਾਹਿਬ 140406, ਪੰਜਾਬ

ਮਾਲਕ, ਪ੍ਰਕਾਸ਼ਕ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋਂ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਕ੍ਰਾਸਿੰਗ, ਜਲੰਧਰ, ਪੰਜਾਬ ਤੋਂ ਛਪਵਾ ਕੇ ਉਕਤ ਪਤੇ ਤੋਂ ਪ੍ਰਕਾਸ਼ਿਤ ਕੀਤਾ

- ਸੰਪਾਦਕੀ

ਅੰਨਾ ! ਸਾਨੂੰ ਭ੍ਰਿਸ਼ਟਾਚਾਰ ਮੁਕਤ ਪੂੰਜੀਵਾਦ ਨਹੀਂ, ਪੂੰਜੀਵਾਦ ਤੋਂ ਮੁਕਤੀ ਚਾਹੀਦੀ ਹੈ !

ਪਿਛਲੇ ਕਰੀਬ ਤਿੰਨ ਮਹੀਨਿਆਂ ਤੋਂ ਅਰਬ ਸੰਸਾਰ ਦੇ ਵਿਦਿਆਰਥੀਆਂ-ਨੌਜਵਾਨਾਂ ਅਤੇ ਮਜ਼ਦੂਰਾਂ ਦਾ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ ਅਤੇ ਤਾਨਾਸ਼ਾਹੀ ਖਿਲਾਫ ਤਿੱਖਾ ਸੰਘਰਸ਼ ਚੱਲ ਰਿਹਾ ਹੈ। ਮਿਸਰ ਵਿੱਚ ਹੁਸਨੀ ਮੁਬਾਰਕ ਤੋਂ ਬਾਅਦ ਸੱਤ੍ਹਾ 'ਤੇ ਬੈਠੇ ਜਨਰਲ ਤੰਨ੍ਹਾਵੀ ਦੀ ਸੱਚਾਈ ਜਨਤਾ ਦੇ ਸਾਹਮਣੇ ਆ ਚੁੱਕੀ ਹੈ ਅਤੇ ਲੋਕਾਂ ਨੇ ਫਿਰ ਤੋਂ ਇਤਿਹਾਸਕ ਤਹਿਰੀਰ ਚੌਂਕ 'ਚ ਇਕੱਠਾ ਹੋਣਾ ਸ਼ੁਰੂ ਕਰ ਦਿੱਤਾ ਹੈ, ਲਿਬੀਆ ਵਿੱਚ ਦਮਨ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਅਦ ਵੀ ਜਨਰਲ ਗੱਦਾਫੀ ਦੇ ਸਾਹਮਣੇ ਲੋਕਾਂ ਨੇ ਆਪਣੇ ਹਥਿਆਰ ਨਹੀਂ ਸੁੱਟੇ, ਬੇਰੂਤ ਅਤੇ ਯਮਨ ਵਿੱਚ ਵੀ ਸੰਘਰਸ਼ ਰੁਕਦਾ ਨਜ਼ਰ ਨਹੀਂ ਆਉਂਦਾ। ਇਸੇ ਦੌਰਾਨ ਸਾਡੇ ਦੇਸ਼ ਵਿੱਚ ਵੀ ਉੱਘੇ ਸਮਾਜ ਸੇਵਕ ਅਤੇ ਗਾਂਧੀਵਾਦੀ ਅੰਨਾ ਹਜਾਰੇ ਦੀ ਅਗਵਾਈ 'ਚ ਭ੍ਰਿਸ਼ਟਾਚਾਰ ਖਿਲਾਫ ਸੰਘਰਸ਼ ਦੀ ਸ਼ੁਰੂਆਤ ਹੋਈ ਅਤੇ ਚਾਰ ਦਿਨ ਬੀਤਦੇ-ਬੀਤਦੇ ਬਿਨਾਂ ਕਿਸੇ ਖੂਨ-ਖਰਾਬੇ ਦੇ ਬਹੁਤ ਹੀ ਸ਼ਾਂਤੀਪੂਰਨ ਅਤੇ ਜਮਹੂਰੀ ਤਰੀਕੇ ਨਾਲ਼ ਜਿੱਤ ਵੀ ਪ੍ਰਾਪਤ ਹੋ ਗਈ। ਭਾਵੇਂ ਕਿ ਇਹ ਗੱਲ ਸਮਝ ਤੋਂ ਪਰ੍ਹੇ ਹੈ ਕਿ ਜਿਹੜੀ ਸਰਕਾਰ ਅੰਦਰੂਨੀ ਸੁਰੱਖਿਆ ਅਤੇ ਮਾਓਵਾਦ ਦੇ ਖਤਰੇ ਦੇ ਨਾਂ 'ਤੇ ਕਸ਼ਮੀਰ ਤੋਂ ਲੈ ਕੇ ਉੱਤਰ-ਪੂਰਬ ਅਤੇ ਮੱਧ ਭਾਰਤ ਵਿੱਚ ਜ਼ਬਰ ਅਤੇ ਜ਼ਬਰ ਦੇ ਨਵੇਂ ਨਵੇਂ ਰਿਕਾਰਡ ਸਥਾਪਤ ਕਰ ਰਹੀ ਹੈ, ਮਜ਼ਦੂਰਾਂ ਕਿਸਾਨਾਂ ਤੋਂ ਲੈ ਕੇ ਵਿਦਿਆਰਥੀ-ਨੌਜਵਾਨਾਂ ਦੇ ਮੁਜ਼ਾਹਰਿਆਂ ਅਤੇ ਧਰਨਿਆਂ ਨੂੰ ਮਹੀਨੇ ਬੀਤ ਜਾਣ ਬਾਅਦ ਵੀ ਕੋਈ ਕਾਰਵਾਈ ਕਰਨਾ ਤਾਂ ਦੂਰ, ਸਗੋਂ ਡਾਂਗਾ ਜਾਂ ਗੋਲ਼ੀਆਂ ਨਾਲ਼ ਉਹਨਾਂ ਦਾ ਸਵਾਗਤ ਕੀਤਾ ਜਾਂਦਾ ਹੈ, ਉਸ ਸਰਕਾਰ ਦਾ ਦਿਲ ਇਸ ਮੌਕੇ 'ਤੇ ਇੰਨੀ ਜਲਦੀ ਕਿਵੇਂ ਪਸੀਜ ਗਿਆ!

ਆਖਿਰ ਕਿਉਂ ਕੁਝ ਦਿਨ ਪਹਿਲਾਂ ਹੀ 'ਪੇਡ ਨਿਊਜ਼' ਅਤੇ ਨੀਰਾ ਰਾਡੀਆ-ਰਤਨ ਟਾਟਾ ਟੇਪ ਕਾਂਡ 'ਚ ਆਪਣੀ ਦਲਾਲੀ ਲਈ ਮਸ਼ਹੂਰ ਹੋਏ ਮੀਡੀਆ ਨੂੰ ਭ੍ਰਿਸ਼ਟਾਚਾਰ ਦੀ ਇੰਨੀ ਚਿੰਤਾ ਸਤਾਉਣ ਲੱਗੀ ਕਿ ਉਸਨੇ ਇਸ ਲੜਾਈ ਨੂੰ 'ਨਵੀਂ ਆਜ਼ਾਦੀ' ਦਾ ਨਾਂ ਦੇ ਦਿੱਤਾ! ਆਖਿਰ ਕਿਉਂ ਸੀ. ਆਈ. ਆਈ., ਫਿੱਕੀ ਵਰਗੀਆਂ ਵੱਖ ਵੱਖ ਸਨਅਤੀ ਜਥੇਬੰਦੀਆਂ ਅਤੇ ਇੱਥੋਂ ਤੱਕ ਕਿ ਜਿੰਦਲ ਗਰੁੱਪ ਵਰਗੇ ਉਦਯੋਗਪਤੀ ਜਿਨ੍ਹਾਂ ਦਾ ਪੂਰਾ ਤਾਣਾ-ਬਾਣਾ ਹੀ ਮਜ਼ਦੂਰਾਂ ਦੀ ਲੁੱਟ ਅਤੇ ਭ੍ਰਿਸ਼ਟਾਚਾਰ ਉੱਤੇ ਟਿਕਿਆ ਹੈ, ਉਹ ਵੀ ਇਸ 'ਸੰਘਰਸ਼' ਦਾ ਸਾਥ ਦੇਣ ਲਈ ਕੁੱਦ ਪਏ!!

ਖੈਰ ਗੱਲ ਚਾਹੇ ਜੋ ਵੀ ਹੋਵੇ, ਇੰਨਾ ਤਾਂ ਮੰਨਣਾ ਪਵੇਗਾ ਕਿ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਜਿਸ ਜਨ ਲੋਕਪਾਲ ਬਿੱਲ ਨੂੰ ਲੈ ਕੇ ਅੰਨਾ ਹਜਾਰੇ ਅਤੇ ਉਸ ਦੇ ਹਮਾਇਤੀ ਸੰਘਰਸ਼ ਕਰ ਰਹੇ ਸਨ, ਉਸ ਦੇ ਪਾਸ ਹੋਣ ਦਾ ਰਾਹ ਤਾਂ ਸਾਫ ਹੋ ਹੀ ਗਿਆ ਹੈ। ਪਰ ਸਵਾਲ ਇਹ ਹੈ ਕਿ ਇਸ ਨਾਲ਼ ਹਾਸਲ ਕੀ ਹੋਵੇਗਾ? ਬਹੁਤੀ ਡੂੰਘਾਈ 'ਚ ਨਾ ਜਾਂਦੇ ਹੋਏ ਜੇ ਅਸੀਂ ਇਸ ਸੰਘਰਸ਼ ਦੇ ਹੋਰ ਆਗੂ, ਮੈਗਸੇਸੇ ਪੁਰਸਕਾਰ ਜੇਤੂ ਸਮਾਜ ਸੇਵਕ ਅਰਵਿੰਦ ਕੇਜਰੀਵਾਲ ਦੇ ਸ਼ਬਦਾਂ 'ਚ ਕਹੀਏ ਤਾਂ ਇਸ ਬਿੱਲ ਦੇ ਮਾਧਿਅਮ ਨਾਲ਼ 'ਨਾਗਰਿਕ ਸਮਾਜ' ਰਾਹੀਂ ਨਿਯੁਕਤ ਕੀਤੀ ਸੀ. ਬੀ. ਆਈ. ਵਰਗੀ ਇੱਕ ਜਾਂਚ-ਪੜਤਾਲ ਸੰਸਥਾ ਹੋਂਦ ਵਿੱਚ ਆਵੇਗੀ, ਜਿਹੜੀ ਦੇਸ਼ ਦੀਆਂ ਬਾਕੀ ਜਾਂਚ-ਪੜਤਾਲ ਸੰਸਥਾਵਾਂ ਨਾਲ਼ 'ਮਿਲਕੇ ਹੀ' ਕੰਮ ਕਰੇਗੀ ਅਤੇ ਮੰਤਰੀਆਂ ਅਤੇ ਅਫਸਰਾਂ ਦੀ ਦਖਲ-ਅੰਦਾਜ਼ੀ ਤੋਂ ਪੂਰਨ ਰੂਪ ਵਿੱਚ ਆਜ਼ਾਦ ਹੋਵੇਗੀ। ਹੁਣ ਇਹ ਗੱਲ ਪੁੱਛਣਾ ਲਾਜ਼ਮੀ ਹੋ ਜਾਂਦਾ ਹੈ ਕਿ ਚੋਣ ਕਮਿਸ਼ਨ, ਜਿਹੜਾ ਇੱਕ ਅਜਿਹੀ ਹੀ ਆਜ਼ਾਦ ਤੇ ਨਿਰਪੱਖ ਸੰਸਥਾ ਹੈ ਅਤੇ ਦੇਸ਼ 'ਚ ਪਿਛਲੇ 60 ਸਾਲਾਂ ਤੋਂ ਕੰਮ ਰਿਹਾ ਹੈ, ਉਸ ਨਾਲ਼ ਸਾਡੇ ਚੋਣਾਂ ਵਿੱਚ ਕਿੰਨਾ ਕੁ ਸੁਧਾਰ ਹੋਇਆ ਹੈ! ਸੂਚਨਾ ਦੇ ਅਧਿਕਾਰ-2005 ਦੇ ਆਉਣ ਨਾਲ਼ ਸਰਕਾਰੀ ਭ੍ਰਿਸ਼ਟਾਚਾਰ ਅਤੇ ਲੁੱਟ 'ਤੇ ਕਿੰਨਾ ਫਰਕ ਪਿਆ ਹੈ!

ਪਰ ਸਵਾਲ ਸਿਰਫ ਇੰਨਾ ਹੀ ਨਹੀਂ ਹੈ, ਜੇ ਕੁਝ ਸਮੇ ਲਈ ਮੰਨ ਵੀ ਲਿਆ ਜਾਵੇ ਕਿ ਇਹ ਬਿੱਲ ਭ੍ਰਿਸ਼ਟਾਚਾਰ ਨੂੰ ਨੱਥ ਪਾਵੇਗਾ ਤਾਂ ਪਿਛਲੇ ਦੋ ਦਹਾਕਿਆਂ ਤੋਂ ਚੱਲੀਆਂ ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ 'ਤੇ ਅਧਾਰਿਤ ਸਿੱਖਿਆ ਦੇ ਬਜ਼ਾਰੀਕਰਨ ਦੀ ਜੋ ਮੁਹਿੰਮ ਚੱਲੀ ਹੈ, ਜਿਸ ਨੇ ਉੱਚ-ਸਿੱਖਿਆ ਨੂੰ ਸਿਰਫ ਪੈਸੇ ਵਾਲਿਆਂ ਦੀ ਰਖੇਲ ਬਣਾ ਕੇ ਰੱਖ ਦਿੱਤਾ ਹੈ, ਕੀ ਇਹ ਪ੍ਰਕਿਰਿਆ ਰੁਕ ਜਾਵੇਗੀ; ਅਲੱਗ ਅਲੱਗ ਖੇਤਰਾਂ 'ਚ ਜਾਰੀ ਠੇਕਾਕਰਨ ਦੀ ਪ੍ਰਕਿਰਿਆ ਅਤੇ ਮਜ਼ਦੂਰਾਂ ਦੀ ਲੁੱਟ ਦੀ ਕਾਰਵਾਈ ਰੁਕ ਜਾਵੇਗੀ; ਕੀ ਲਗਾਤਾਰ ਘਟਦੇ ਜਾਂਦੇ ਰੁਜ਼ਗਾਰ ਦੇ ਮੌਕਿਆਂ ਜਿਸ ਨੇ ਬੇਰੁਜ਼ਗਾਰੀ ਨੂੰ 30 ਕਰੋੜ ਦੇ ਅੰਕੜੇ ਦੇ ਨੇੜੇ ਪਹੁੰਚਾ ਦਿੱਤਾ ਹੈ, ਦੀ ਰਫਤਾਰ ਘਟ ਜਾਵੇਗੀ; ਆਤਮ-ਹੱਤਿਆ ਲਈ ਲਗਾਤਾਰ ਮਜਬੂਰ ਹੋ ਰਹੇ ਕਿਸਾਨਾਂ ਦੀ ਜ਼ਿੰਦਗੀ 'ਚ ਕੋਈ ਫਰਕ ਆਵੇਗਾ ਜਾਂ ਲੱਕਤੋੜ ਮਹਿੰਗਾਈ ਤੋਂ ਦੁਖੀ ਆਮ ਜਨਤਾ ਨੂੰ ਕੋਈ ਰਾਹਤ ਮਿਲੇਗੀ; ਕਦੇ ਵੀ ਨਹੀਂ, ਕਿਉਂ ਕਿ ਇਹਨਾਂ ਸਵਾਲਾਂ ਦਾ ਵਾਸਤਾ ਭਿਸ਼ਟਾਚਾਰ ਨਾਲ਼ ਨਹੀਂ ਸਗੋਂ ਨਿੱਜੀ ਮੁਨਾਫੇ ਦੀ ਬੁਨਿਆਦ 'ਤੇ ਟਿਕੇ ਪੂਰੇ ਪੂੰਜੀਵਾਦੀ ਢਾਂਚੇ ਨਾਲ਼ ਹੈ, ਜੋ ਸਮੁੱਚੀ ਲੋਕਾਈ ਨੂੰ ਤਬਾਹ-ਬਰਬਾਦ ਕਰਕੇ ਹੀ ਜਿਉਂਦਾ ਰਹਿ ਸਕਦਾ ਹੈ। ਨਾ ਸਿਰਫ਼ ਇੰਨਾ ਹੀ, ਸਗੋਂ ਸੱਚ ਤਾਂ ਇਹ ਹੈ ਕਿ ਲੁੱਟ ਅਤੇ ਅਨਿਆਂ 'ਤੇ ਟਿਕਿਆ ਇਹ ਢਾਂਚਾ, ਜਿਸ ਦਾ ਸੱਭਿਆਚਾਰ ਹੀ ਲਾਲਚ ਹੈ, ਆਪਣੇ ਦਾਇਰੇ ਅੰਦਰ ਭ੍ਰਿਸ਼ਟਾਚਾਰ ਨੂੰ ਚਾਹ ਕੇ ਵੀ ਨਹੀਂ ਖਤਮ ਕਰ ਸਕਦਾ।

ਅੱਜ ਇਸ ਦੇਸ਼ ਦੇ ਵਿਦਿਆਰਥੀਆਂ ਨੌਜਵਾਨਾਂ ਸਾਹਮਣੇ ਬੁਨਿਆਦੀ ਕੰਮ ਇਸ ਸੜ ਗਲ ਚੁੱਕੀ ਪੂੰਜੀਵਾਦੀ

ਮਸ਼ੀਨਰੀ ਨੂੰ ਸੁਧਾਰਨ ਜਾਂ ਰੋਗ ਮੁਕਤ ਕਰਨ ਦਾ ਨਹੀਂ, ਸਗੋਂ ਇਸ ਦਾ ਇੱਕ ਬਦਲ ਖੋਜਣ ਦਾ ਹੈ।

ਇਸ ਦੇਸ਼ ਦੇ ਪੂੰਜੀਪਤੀ ਵਰਗ ਤੇ ਉਸ ਦੀ ਮੈਨੇਜਿੰਗ ਕਮੇਟੀ ਦਾ ਕੰਮ ਕਰਨ ਵਾਲੀ ਸਰਕਾਰ ਨੂੰ ਵੀ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਉਹਨਾਂ ਦਾ ਟੀਚਾ ਹਰ ਸੰਭਵ ਕੋਸ਼ਿਸ਼ ਨਾਲ਼ ਇਸ ਲੁਟੇਰੇ ਢਾਂਚੇ ਨੂੰ ਬਣਾਈ ਰੱਖਣਾ ਹੈ। ਦਰਅਸਲ, ਅੰਨਾ ਹਜਾਰੇ (ਭਾਵੇਂ ਉਸ ਦੀ ਨਿੱਜੀ ਮਨਸ਼ਾ ਜੋ ਵੀ ਹੋਵੇ) ਵਰਗੇ ਐਨ. ਜੀ. ਓ. ਪੰਥੀ ਅਤੇ ਸਮਾਜ ਸੇਵਕਾਂ ਦੀ ਰਾਜਨੀਤੀ ਅਸਲ 'ਚ ਇਸ ਪੂੰਜੀਵਾਦੀ ਢਾਂਚੇ ਦੇ ਬਿਲਕੁਲ ਫਿੱਟ ਬੈਠਦੀ ਹੈ। ਇਹ ਇਸ ਢਾਂਚੇ ਲਈ ਇੱਕ 'ਸੇਫਟੀ ਵਾਲਵ' ਅਤੇ ਦੂਜਾ ਇੱਕ ਲਛਮਣ ਰੇਖਾ ਦਾ ਵੀ ਕੰਮ ਕਰਦੀ ਹੈ। ਸਾਡੇ ਕਹਿਣ ਦਾ ਅਰਥ ਹੈ ਇਹ ਨਹੀਂ ਕਿ ਭ੍ਰਿਸ਼ਟਾਚਾਰ ਅਤੇ ਬਾਕੀ ਮੁੱਦਿਆਂ ਖਿਲਾਫ ਚਲ ਰਹੇ ਮੌਜੂਦਾ ਸੰਘਰਸ਼ਾਂ ਦਾ ਕੋਈ ਮਹੱਤਵ ਨਹੀਂ, ਸਗੋਂ ਇਹ ਤਦੋਂ ਹੀ ਕੁਝ ਹਾਸਲ ਕਰਨਗੇ ਜਦ ਇਹ ਢਾਂਚਾ-ਤਬਦੀਲੀ ਦੇ ਵਿਆਪਕ ਏਜੰਡੇ ਤਹਿਤ ਹੋਣਗੇ।

ਅਜਿਹੇ ਸਮੇਂ ਵਿੱਚ ਸਾਨੂੰ ਇਹ ਤੈਅ ਕਰਨਾ ਪਵੇਗਾ ਕਿ ਅਸੀਂ ਮੁਲਕ ਦੀ 85 ਕਰੋੜ ਮਿਹਨਤਕਸ਼ ਜਨਤਾ ਦਾ ਪੱਖ ਚੁਣਦੇ ਹੋਏ ਇੱਕ ਭਾਵੀ ਲੋਕ-ਇਨਕਲਾਬ ਦੀ ਤਿਆਰੀ 'ਚ ਸ਼ਾਮਲ ਹੋਈਏ ਜਾਂ ਲੋਟੂਆਂ ਜਾਬਰਾਂ ਦਾ ਪੱਖ ਪੂਰਦੇ ਹੋਏ ਸਿਰਫ ਕੁਝ ਸੁਧਾਰ ਅਤੇ ਕੁਝ ਰਿਆਇਤਾਂ ਹਾਸਲ ਕਰਨ ਦੀ ਹੀ ਲੜਾਈ ਲੜਦੇ ਰਹੀਏ। •

ਐ ਨੌਜਵਾਨੋਂ
ਅੱਜ ਦਾ ਦਿਨ ਹੈ ਤੁਹਾਡੇ ਨਾਂ,
ਉਠਾਓ ਆਵਾਜ਼
ਹੁਣ ਨਾ ਥਕਾਵਟ ਹੋਵੇ, ਨਾ ਹੀ ਗੂੜ੍ਹੀ ਨੀਂਦ
ਇਹ ਸਮਾਂ ਹੈ ਤੁਹਾਡਾ,
ਤੁਹਾਡੀ ਹੈ ਇਹ ਥਾਂ
ਵਾਰ ਦਿਓ ਸਾਡੇ ਤੋਂ ਆਪਣਾ ਹੁਨਰ
ਆਪਣੀ ਜੱਦੋ-ਜਹਿਦ
ਅਸੀਂ ਚਾਹੁੰਦੇ ਹਾਂ ਕਿ
ਮਿਸਰ ਦੇ ਨੌਜਵਾਨ ਡਟੇ ਰਹਿਣ
ਹਮਲਾਵਰ ਅਤੇ ਜ਼ਾਲਮਾਂ ਦੇ
ਹਰ ਹਮਲੇ ਦਾ
ਮੁਕਾਬਲਾ ਕਰਨ।

- ਮਿਸਰ ਦੇ ਕਵੀ ਇਬਰਾਹਿਮ ਨਾਜੀ
(1898-1953)

ਵਸੋਂ : ਇੱਕ ਸਮੱਸਿਆ

(ਸਫਾ 10 ਦਾ ਬਾਕੀ)

ਦਾ, ਜਿਥੇ ਬੱਚਿਆਂ ਦੀ ਕਿਲਕਾਰੀਆਂ, ਨੌਜਵਾਨਾਂ ਦਾ ਦ੍ਰਿੜ ਉਤਸ਼ਾਹ ਬਹੁਗਿਣਤੀ ਬਜ਼ੁਰਗਾਂ ਦੀ ਕਰਾਹ ਹੇਠਾਂ ਦਬ ਜਾਵੇਗੀ ? ਕਿਥੋਂ ਆਉਣਗੀਆਂ ਨਵੀਂਆਂ ਸੰਭਾਵਨਾਵਾਂ, ਨਵੀਂ ਊਰਜਾ, ਨਵੇਂ ਵਿਚਾਰ, ਨਵੇਂ ਪ੍ਰਯੋਗ? ਕਿਸੇ ਵੀ ਪ੍ਰਜਾਤੀ ਲਈ ਇਹ ਇਕ ਭਿਅੰਕਰ ਸੰਕਟ ਦਾ ਵਿਸ਼ਾ ਹੈ। ਮਾਹਰ ਇਸ ਫੌਰੀ ਹਾਲਤ ਨੂੰ ਵਸੋਂ ਦਾ ਅਸਲੀ ਸੰਕਟ ਮੰਨਦੇ ਹਨ। ਕਿਸੇ ਨੇ ਠੀਕ ਹੀ ਕਿਹਾ ਸੀ ਕਿ ਬਿਮਾਰੀ ਦਾ ਸਹੀ ਡਾਇਗਨੋਸਿਸ (ਯਾਨੀ ਪਹਿਚਾਣ) ਕਰਨ ਨਾਲ ਹੀ ਅਸੀਂ ਉਸਦਾ ਸਹੀ ਇਲਾਜ ਕਰ ਸਕਦੇ ਹਾਂ। ਇਹ ਪਹਿਲਾ ਅਤੇ ਵਾਜ਼ਬ ਕਦਮ ਲਏ ਬਿਨਾਂ ਇਲਾਜ ਕਰਨਾ, ਅੰਨ੍ਹੇ ਦੇ ਹੱਥ 'ਚ ਛੁਰੀ ਫੜਾਉਣ ਦੇ ਬਰਾਬਰ ਹੈ—ਮਰੀਜ ਦੀ ਗਰਦਨ ਵੀ ਕੱਟੀ ਜਾ ਸਕਦੀ ਹੈ। ਹੁਣ ਇਹ ਸਾਡੇ ਸਭ 'ਤੇ ਹੈ ਕਿ ਹੁਣ ਆਪਣੀ ਸਾਰੀ ਊਰਜਾ, ਉੱਦਮ ਇਸ ਗੱਲ 'ਤੇ ਲਗਾਈਏ ਕਿ ਸਾਡੇ ਸਭ ਤੋਂ ਅਨਮੋਲ ਸਰੋਤ— ਮਨੁੱਖ, ਉਸਦੀ ਜ਼ਿੰਦਗੀ ਕਿਵੇਂ ਹੋਰ ਖੁਸ਼ਹਾਲ ਬਣਾਈਏ, ਉਹਨਾਂ ਦੀਆਂ ਬੁਨਿਆਦੀ ਲੋੜਾਂ ਬੁਨਿਆਦੀ ਹੱਕ-ਸਰੂਪ ਕਿਵੇਂ ਉਪਲਬਧ ਕਰਾਈਏ, ਤਾਂ ਕਿ ਹਰ ਬੱਚਾ, ਬੁੱਢਾ ਅਤੇ ਨੌਜਵਾਨ, ਨਰ-ਨਾਰੀ, ਸਾਰੇ ਆਪਣੀ ਸਿਰਜਣਸ਼ਕਤੀ ਦੀ ਭਰਪੂਰ ਵਰਤੋਂ ਕਰ ਸਕਣ ਅਤੇ ਸਭ ਸੰਭਾਵਨਾਵਾਂ ਚੌਤਰਫ਼ਾ ਵਿਕਸਿਤ ਹੋ ਸਕਣ। ਜਾਂ ਫਿਰ ਇਕ ਸ਼ਤਰਮੁਰਗ ਦੀ ਤਰ੍ਹਾਂ ਰੇਤ 'ਚ ਸਿਰ ਲਕੋਈ ਇਹਨਾਂ ਸੰਭਾਵਨਾਵਾਂ ਦਾ ਬੇਰਹਿਮ ਕਤਲ ਕਰਨ ਦੀ ਯੋਜਨਾ ਬਣਾਈਏ ? ਫ਼ੈਸਲਾ ਤੁਹਾਡੇ 'ਤੇ ਹੈ, ਮੇਰੇ 'ਤੇ ਹੈ, ਸਾਡੇ ਸਭ 'ਤੇ ਹੈ। ਇਤਿਹਾਸ ਦੇ ਪੰਨੇ ਪਲਟਦੇ ਹੋਏ ਭਵਿੱਖ ਦੀਆਂ ਪੀੜ੍ਹੀਆਂ ਸਾਡੀਆਂ ਕਮਜ਼ੋਰੀਆਂ 'ਤੇ ਹਮਦਰਦੀ ਤਾਂ ਜਤਾ ਸਕਦੀਆਂ ਹਨ , ਸਾਡੇ ਨਾਕਾਮ, ਅੰਸ਼ਿਕ ਯਤਨਾਂ ਨਾਲ਼ ਇਤਫ਼ਾਕ ਰੱਖ ਸਕਦੀਆਂ ਹਨ, ਪਰ ਸਾਡੀ ਗੈਰ-ਸਰਗਰਮੀ ਜਾਂ ਬੇਈਮਾਨ ਨਾਲ ਚੁੱਕੇ ਗਏ ਕਦਮਾਂ ਨੂੰ ਮਾਫ਼ ਨਹੀਂ ਕਰਨਗੀਆਂ, ਕਦੇ ਨਹੀਂ।

ਸੰਦਰਭ ਸੂਚੀ

1. ਐਫ.ਐਸ. ਲਾਪੇ, ਜੋਸੇਫ ਕਾਂਲਿੰਸ, ਪੀਟਰ ਰੋਸੇਟ ਅਤੇ ਲੁਇਸ ਇਸਪਰਜਾ, 1998, ਵਰਲਡ ਹੰਗਰ-ਟਵੈਲਜ਼ ਮਿਥਜ਼, ਗ੍ਰੋਵ ਪ੍ਰੇਸ, ਨਿਊਯਾਰਕ
2. ਕਾਰਲ ਮਾਰਕਸ, ਪੂੰਜੀ ਭਾਗ ਪਹਿਲਾ
3. ਥਾਮਸ ਮਾਲਥਸ, 1798, ਐਨ ਐਸੇ ਆਨ ਪ੍ਰਿੰਸੀਪਲ ਆਫ਼ ਪਾਪੁਲੇਸ਼ਨ
4. ਸਟੀਵੇਨ ਮੇਸ਼ਰ, 2008, ਪਾਪੁਲੇਸ਼ਨ ਕੰਟਰੋਲਰ ਰੀਅਲ ਕਾਸਟਲ, ਇਲਯੂਜ਼ਰੀ ਬੇਨੇਫ਼ਿਟਸ ਟ੍ਰਾਜੈਕਸ਼ਨ ਪਬਲੀਸ਼ਰਜ਼
5. ਹਿਊਮਨ ਡੇਵੇਲਪਮੈਂਟ ਰਿਪੋਰਟ, 1998 ਓਵਰਵਿਊ— ਚੇਜਿੰਗ ਟੁੱਡੇਜ਼, ਕੰਜ਼ਪਸ਼ਨ ਪੈਟੰਰਸ ਫ਼ਾਰ ਟੁਮਾਰੋਜ਼
6. ਹਿਊਮਨ ਡੇਵੇਲਪਮੈਂਟ ਰਿਪੋਰਟ, 2009)

(**ਧੰਨਵਾਦ ਸਹਿਤ- ਵਿਕਲਪਿਕ ਆਰਥਿਕ ਸਰਵੇ**, 2009-2010)

ਵਸੋਂ : ਇੱਕ ਸਮੱਸਿਆ

• ਮੀਨਾਲੀ ਚੱਕਰਵਰਤੀ

ਦੋਸਤਾਂ-ਜਾਣਕਾਰਾਂ ਨਾਲ ਗੱਪਸ਼ਪ ਕਰਦੇ ਹੋਏ ਕਿੰਨੀ ਵਾਰੀ ਗੱਲ ਵਸੋਂ 'ਤੇ ਆ ਕੇ ਰੁਕਦੀ ਹੈ। ਇਹ ਸਾਡਾ ਸਭ ਦਾ ਤਜ਼ਰਬਾ ਹੈ— ਪਾਣੀ ਦੀ ਸਮੱਸਿਆ, ਰੋਜ਼ੀ-ਰੋਟੀ ਦੀ ਸਮੱਸਿਆ, ਗਰੀਬੀ-ਬਦਹਾਲੀ ਦੀ ਸਮੱਸਿਆ, ਜਰਾਇਮ ਅਤੇ ਸਮਗਲਿੰਗ ਦੀ ਸਮੱਸਿਆ, ਆਦਿ-ਆਦਿ, ਲੈ-ਦੇ ਕੇ ਸਾਰੀਆਂ ਸੱਮਸਿਆਵਾਂ ਦੀ ਜੜ੍ਹ ਸਾਡੀ ਵਿਸ਼ਾਲ ਵਸੋਂ ਹੈ। ਇਸ ਗੱਲ 'ਤੇ ਘੱਟ ਜਾਂ ਵੱਧ ਇਕ ਆਮ ਰਾਏ ਜਿਹੀ ਬਣ ਜਾਂਦੀ ਹੈ। ਜੇਕਰ ਤੁਸੀਂ ਵੀ ਇਸ ਤਰਕ ਨਾਲ ਸਹਿਮਤ ਹੋ, ਤਾਂ ਤੁਸੀਂ ਨਿਸ਼ਚਿੰਤ ਰਹੋ, ਤੁਸੀਂ ਬਹੁਮਤ 'ਚ ਹੋ। ਨਾਲੇ ਹੋਵੋ ਵੀ ਕਿਉਂ ਨਾ, ਮਨੁੱਖ ਜਾਤੀ ਦੀ ਵਸੋਂ ਤਕਰੀਬਨ 650 ਕਰੋੜ ਹੈ, ਜੋ ਕਿ ਮਨੁੱਖੀ ਇਤਿਹਾਸ 'ਚ ਪਹਿਲੀ ਵਾਰ ਹੋਇਆ ਹੈ। ਸਾਡੇ ਆਪਣੇ ਦੇਸ਼ ਦੀ ਆਬਾਦੀ ਕਰੀਬ 110 ਕਰੋੜ ਹੈ, ਯਾਨੀ ਹਰ ਛੇਵਾਂ ਵਿਅਕਤੀ ਭਾਰਤੀ ਹੈ। ਚੌਤਰਫ਼ਾ ਜਿੱਥੇ ਵੀ ਦੇਖੀਏ — ਸਰਕਾਰ ਤੋਂ ਲੈ ਕੇ ਬੁੱਧੀਜੀਵੀ ਤਬਕਾ, ਨੌਜਵਾਨ ਪੀੜ੍ਹੀ ਤੋਂ ਲੈ ਕੇ ਬਜ਼ੁਰਗ— ਇਸ "ਵਿਕਰਾਲ" ਸੱਮਸਿਆ ਤੋਂ ਬਹੁਤ ਚਿੰਤਤ ਹਨ ਅਤੇ ਉਸ ਨਾਲ ਨਜਿੱਠਣ ਦੀ ਫ਼ਿਕਰ 'ਚ ਰੁੱਝੇ ਹੋਏ ਹਨ। ਦੇਸ਼ੀ-ਵਿਦੇਸ਼ੀ ਗੈਰ-ਸਰਕਾਰੀ ਅਤੇ ਸਰਕਾਰੀ ਸੰਸਥਾਵਾਂ ਇਸ ਸੱਮਸਿਆ ਨਾਲ ਜੂਝਣ ਲਈ ਪ੍ਰਾਜੈਕਟ ਬਣਾ ਰਹੀਆਂ ਹਨ, ਅਰਬਾਂ-ਖਰਬਾਂ ਰੁਪਏ ਵਹਾ ਰਹੀਆਂ ਹਨ। ਯੂ.ਐਨ.ਐਫ਼.ਪੀ.ਏ. (ਯੂਨਾਇਟੇਡ ਨੇਸ਼ਨਜ਼ ਪਾਪੂਲੇਸ਼ਨ ਫੰਡ) ਇਕ ਪੂਰਾ ਸੰਸਥਾਨ ਹੈ, ਜਿਹੜਾ 1967 ਤੋਂ ਵਸੋਂ 'ਤੇ ਕੰਟਰੋਲ ਦੇ ਪ੍ਰੋਗਰਾਮਾਂ 'ਚ ਲੱਗਿਆ ਹੋਇਆ ਹੈ। ਜ਼ਾਹਿਰ ਹੈ ਉਹਨਾਂ ਦੇ ਸਾਰੇ ਪ੍ਰਾਜੈਕਟ ਤੀਜੀ ਦੁਨੀਆ ਦੇ ਦੇਸ਼ਾਂ 'ਤੇ ਕੇਂਦਰਿਤ ਹਨ।

ਜਾਣਕਾਰਾਂ 'ਚੋਂ, ਕੁਝ ਤਾਂ ਨਰਮੀ ਨਾਲ ਇਹਨਾਂ ਬੱਚਾ-ਪੈਦਾ ਕਰਨ ਵਾਲੀਆਂ ਮਸ਼ੀਨਾਂ ਤੋਂ ਗ੍ਰਸਿਤ ਵਸੋਂ ਨੂੰ ਪਿਆਰ-ਪੁਚਕਾਰ ਦੀ ਭਾਸ਼ਾ ਨਾਲ ਸਮਝਾਉਣ 'ਚ ਵਿਸ਼ਵਾਸ ਰੱਖਦੇ ਹਨ। ਪਰ ਕੁਝ ਹਸਤੀਆਂ ਨੂੰ ਡਰ ਹੈ ਕਿ ਪਾਣੀ ਸਿਰ ਤੋਂ ਉਤਾਂਹ ਚਲਾ ਗਿਆ ਹੈ ਅਤੇ ਹੁਣ ਪਿਆਰ-ਪੁਚਕਾਰ ਦੀ ਭਾਸ਼ਾ ਦੀ ਅੱਯਾਸ਼ੀ ਅਸੀਂ ਸਹਿਣ ਨਹੀਂ ਕਰ ਸਕਦੇ। ਹੁਣ ਤਾਂ ਇਹਨਾਂ ਨਾਸਮਝਾਂ 'ਤੇ ਜ਼ਬਰੀ ਹੀ ਕੁਝ ਤੌਰ-ਤਰੀਕਿਆਂ ਦੀ ਵਰਤੋਂ ਕਰਨੀ ਪਏਗੀ, ਨਹੀਂ ਤਾਂ ਇਹ ਧਰਤੀ ਹੀ ਸੰਕਟ 'ਚ ਆ ਜਾਏਗੀ। ਨਾਲੇ ਅਸੀਂ ਇਹ ਦੇਖ ਰਹੇ ਹਾਂ ਕਿ ਬੁੱਧੀਜੀਵੀਆਂ ਅਤੇ ਨੀਤੀ ਘਾੜਿਆਂ ਦੇ ਅਹਿਮ ਤਬਕੇ 'ਚ ਇਹ ਦੂਜਾ ਤਰੀਕਾ ਅਪਣਾਉਣ ਵਾਲੇ ਜ਼ੋਰ ਫੜਦੇ ਜਾ ਰਹੇ ਹਨ।

ਹੁਣ ਇਹ ਤਾਂ ਅਸੀਂ-ਤੁਸੀਂ ਵੀ ਮੰਨਾਂਗੇ ਕਿ ਇੱਕਵੀਂ ਸਦੀ 'ਚ ਪ੍ਰਵੇਸ਼ ਕਰਨ ਦੇ ਬਾਵਜੂਦ ਮਨੁੱਖੀ ਸਮਾਜ ਭਿਆਨਕ ਤੰਗੀ, ਬਦਹਾਲੀ ਅਤੇ ਗਰੀਬੀ ਨਾਲ ਜੂਝ ਰਿਹਾ ਹੈ। ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਤੋਂ ਲੈ ਕੇ ਪਿੰਡ ਤੱਕ, ਅਫ਼ਰੀਕਾ ਅਤੇ ਏਸ਼ੀਆ ਤੋਂ ਲੈ ਕੇ ਲਾਤਿਨੀ ਅਮਰੀਕਾ ਤੱਕ, ਇੱਥੋਂ ਤੱਕ ਕਿ ਕਈ ਵਿਕਸਿਤ ਮੁਲਕ ਵੀ ਬੁਨਿਆਦੀ ਸੱਮਸਿਆਵਾਂ ਨਾਲ ਗ੍ਰਸਿਤ ਹਨ। ਹੁਣੇ ਦੀ ਹੀ ਇਕ ਰਿਪੋਰਟ ਅਨੁਸਾਰ, ਅਮਰੀਕਾ 'ਚ ਵੀ 490 ਲੱਖ ਲੋਕ ਭੁੱਖੇ ਸੌਂਦੇ ਹਨ (ਨਿਊਯਾਰਕ ਟਾਈਮਜ਼, 18 ਨੰਵਬਰ 2009)। ਤਾਂ ਕੀ ਅਸੀਂ ਵੀ ਇਹ ਮੰਨ ਲਈਏ ਕਿ ਵਸੋਂ ਹੀ ਸਾਰੀ ਸਮਸਿਆ ਦੀ ਜੜ੍ਹ ਹੈ? ਆਓ ਵਿਸਥਾਰ ਨਾਲ ਵੇਖੀਏ।

ਆਧੁਨਿਕ ਇਤਿਹਾਸ 'ਚ, ਯੋਜਨਾਬੱਧ ਤਰੀਕੇ ਨਾਲ ਵੱਧਦੀ ਵਸੋਂ ਦੇ ਖਤਰੇ 'ਤੇ ਪ੍ਰਕਾਸ਼ ਪਾਉਣ ਵਾਲਿਆਂ 'ਚ ਸ਼ਾਇਦ ਸੱਭ ਤੋਂ ਪਹਿਲੇ ਵਿਅਕਤੀ ਹਨ ਰੇਵਰੇਂਡ ਥਾਮਸ ਮਾਲਥਸ। ਇਹ ਅੰਗਰੇਜ਼ ਪਾਦਰੀ ਆਪਣੇ-ਆਪ ਨੂੰ ਗਣਿਤ ਵਿਗਿਆਨੀ ਮੰਨਦੇ ਸਨ ਅਤੇ ਸਮਾਜਿਕ ਸੱਮਸਿਆਵਾਂ ਦਾ ਗਣਿਤਕ ਅਧਾਰ ਲੱਭਣ 'ਚ ਯਤਨਸ਼ੀਲ ਰਹਿੰਦੇ ਸਨ। ਅਠਾਰ੍ਹਵੀਂ ਸਦੀ ਦੇ ਅੰਤ 'ਚ ਇੰਗਲੈਂਡ 'ਚ ਸਨਅਤੀ ਇਨਕਲਾਬ ਜ਼ੋਰ ਫੜ ਰਿਹਾ ਸੀ। ਇਸਦਾ ਅਸਰ ਕਾਰੋਬਾਰੀ ਸਮਾਜ 'ਤੇ ਤਾਂ ਬਹੁਤ ਲਾਭਦਾਇਕ ਸੀ, ਪਰ ਆਮ ਲੋਕਾਂ ਦੀ ਹਾਲਤ ਬੇਹੱਦ ਤਰਸਯੋਗ ਸੀ। ਲੋਕ ਭੁੱਖ ਨਾਲ ਬੇਹਾਲ, ਮੌਸਮ ਨਾਲ ਨਜਿੱਠਣ 'ਚ ਨਾਕਾਮ, ਮੱਖੀਆਂ ਦੀ ਤਰ੍ਹਾਂ ਮਰ ਰਹੇ ਸਨ। ਸ਼ਹਿਰਾਂ ਦਾ ਇਹ ਹਾਲ ਸੀ ਕਿ ਚਾਰੇ ਪਾਸੇ ਗੰਦਗੀ ਦਾ ਮੰਜ਼ਰ, ਇਕ-ਇਕ ਕਮਰੇ 'ਚ 20-25 ਲੋਕ ਤੁੰਨੇ ਰਹਿਣ ਨੂੰ ਮਜ਼ਬੂਰ, ਤਿੰਨ-ਚਾਰ ਸਾਲ ਦੇ ਬੱਚੇ ਵੀ ਫੈਕਟਰੀ ਅਤੇ ਖਾਣਾਂ ਦੇ ਦਮਘੋਟੂ ਮਾਹੌਲ 'ਚ ਕੰਮ ਕਰਨ ਲਈ ਮਜ਼ਬੂਰ। ਆਮ ਬਿਮਾਰੀ ਵੀ ਹਰ ਵਾਰੀ ਮਹਾਂਮਾਰੀ ਦਾ ਰੂਪ ਲੈ ਲੈਂਦੀ। ਇਸ ਮਾਹੌਲ 'ਚ ਸਾਡੇ ਰੇਂਵਰੇਂਡ ਮਾਲਥਸ ਨੇ ਇਹ ਹਿਸਾਬ ਲਗਾਇਆ ਕਿ ਵਸੋਂ ਤਾਂ 2,4,8,16,32 ਦੀ ਰਫ਼ਤਾਰ ਨਾਲ ਯਾਨੀ ਜਿਊਮੈਟਰਿਕ ਪ੍ਰੋਗਰੇਸ਼ਨ 'ਚ ਹੀ ਵੱਧ ਸਕਦੀ ਹੈ। ਅੰਨ ਦਾ ਉਤਪਾਦਨ ਮਹਿਜ਼ 2,4,6,8,10 ਦੀ ਰਫਤਾਰ ਨਾਲ ਯਾਨੀ ਅਰਿਥਮੇਟਿਕ ਪ੍ਰੋਗ੍ਰੇਸ਼ਨ 'ਚ ਹੀ ਵੱਧ ਸਕਦਾ ਹੈ। ਇਸ ਕਾਰਨ ਜਲਦੀ ਹੀ ਵਸੋਂ ਇੰਨੀ ਵੱਧ ਜਾਵੇਗੀ ਕਿ ਧਰਤੀ 'ਤੇ ਅੰਨ ਦਾ ਸੰਕਟ ਪੈਦਾ ਹੋ ਜਾਵੇਗਾ। ਮਾਲਥਸ ਸਾਹਬ ਆਪਣੀ ਇਸ ਖੋਜ ਤੋਂ ਇੰਨੇ ਡਰ ਗਏ ਕਿ ਉਹਨਾਂ ਨੇ 1798 'ਚ ਇਕ ਕਿਤਾਬ ਲਿਖ ਮਾਰੀ 'ਏਨ ਐਸੇ ਆਨ ਦੀ ਪ੍ਰਿੰਸੀਪਲ ਆਫ਼ ਪਾਪੂਲੇਸ਼ਨ।' ਉਸ ਕਿਤਾਬ 'ਚ ਉਹਨਾਂ ਨੇ ਇਸ "ਵਿਕਰਾਲ" ਸੱਮਸਿਆ ਬਾਰੇ ਵਿਸਥਾਰ ਨਾਲ ਲਿਖਿਆ, ਇਹ ਵੀ ਭੱਵਿਖਬਾਣੀ ਕੀਤੀ ਕਿ ਸੰਨ 1890 'ਚ ਮਨੁੱਖੀ ਵਸੋਂ ਸਮੁੱਚੇ ਅੰਨ ਉਤਪਾਦਨ ਨੂੰ ਪਾਰ ਕਰ ਜਾਵੇਗੀ। ਇਕ ਚੰਗੇ ਖੋਜ ਵਿਦਿਆਰਥੀ ਦੀ ਤਰਜ਼ 'ਤੇ ਉਹਨਾਂ ਨੇ ਇਸ ਭੀਸ਼ਣ ਸੰਕਟ ਤੋਂ ਉੱਭਰਨ ਦਾ ਉਪਾਅ ਵੀ ਸੁਝਾਇਆ। ਉਪਾਅ ਸਿੱਧਾ ਸੀ — "ਅਮੀਰ ਜਮਾਤ ਦੇ ਹਿੱਸੇ ਦੇ ਕਾਫ਼ੀ ਸਾਧਨ ਕਾਇਮ ਰੱਖਣ ਲਈ ਗਰੀਬਾਂ ਨੂੰ ਮਾਰਨਾ ਹੋਵੇਗਾ।" ਉਹਨਾਂ ਦੀ ਹੀ ਕਿਤਾਬ ਤੋਂ ਕੁਝ

ਸਤਰਾਂ ਦੇਖੋ।

"ਵਸੋਂ ਨੂੰ ਇਕ ਸਤੁੰਲਿਤ ਮਿੱਕਦਾਰ 'ਚ ਬਣਾਈ ਰੱਖਣ ਲਈ ਜਿੰਨੇ ਬੱਚੇ ਜ਼ਰੂਰੀ ਹਨ ਉਹਨਾਂ ਦੇ ਇਲਾਵਾ ਬੱਚਿਆਂ ਨੂੰ ਜ਼ਰੂਰਤ ਅਨੁਸਾਰ ਖ਼ਤਮ ਹੋ ਜਾਣਾ ਹੋਵੇਗਾ, ਨਹੀਂ ਤਾਂ ਬਾਲਗਾਂ ਨੂੰ ਮਾਰ ਕੇ ਉਹਨਾਂ ਲਈ ਥਾਂ ਬਣਾਉਣੀ ਪਏਗੀ...। ਇਸ ਲਈ ਸਾਨੂੰ ਕੁਦਰਤੀ ਨਿਯਮਾਂ ਨਾਲ ਮੌਤ ਆਸਾਨ ਕਰਨੀ ਹੋਵੇਗੀ, ਨਾ ਕਿ ਬੇਵਕੂਫ਼ੀਵੱਸ ਉਸ 'ਚ ਰੋੜਾ ਅਟਕਾਈਏ, ਨਾਲੇ ਜੇਕਰ ਸਾਨੂੰ ਵਾਰੀ-ਵਾਰੀ ਆਉਣ ਵਾਲੀ ਭੁੱਖਮਰੀ ਤੋਂ ਡਰ ਲੱਗਦਾ ਹੈ, ਤਾਂ ਸਾਨੂੰ ਪੱਕੀ ਲਗਨ ਨਾਲ ਦੂਜੀਆਂ ਵਿਨਾਸ਼ਕਾਰੀ ਤਾਕਤਾਂ ਨੂੰ ਹੱਲਾਸ਼ੇਰੀ ਦੇਣੀ ਹੋਵੇਗੀ, ਜਿਹੜੀਆਂ ਕੁਦਰਤ ਨੂੰ ਮਜ਼ਬੂਰਨ ਅਪਣਾਉਣੀਆਂ ਪੈਂਦੀਆਂ ਹਨ। ਸਾਨੂੰ ਗਰੀਬਾਂ ਨੂੰ ਸਾਫ਼ ਸੁਥਰਾ ਰੱਖਣ ਦੀ ਬਜਾਏ ਗੰਦਗੀ ਦੀ ਆਦਤ ਪਾਉਣੀ ਪਏਗੀ।ਆਪਣੇ ਸ਼ਹਿਰਾਂ 'ਚ ਸਾਨੂੰ ਹੋਰ ਸੌੜੀਆਂ ਗਲੀਆਂ ਬਣਵਾਉਣੀਆਂ ਪੈਣਗੀਆਂ ਅਤੇ ਘਰਾਂ 'ਚ ਹੋਰ ਜ਼ਿਆਦਾ ਲੋਕ ਤੁੰਨਣੇ ਪੈਣਗੇ, ਨਾਲੇ ਸਾਨੂੰ ਪਲੇਗ ਵਰਗੀਆਂ ਮਹਾਂਮਾਰੀਆਂ ਨੂੰ ਖੁੱਲੇ ਹੱਥਾਂ ਨਾਲ ਸੱਦਾ ਦੇਣਾ ਹੋਵੇਗਾ। ਪਿੰਡ ਵੱਲ ਸਾਨੂੰ ਪੂਰੇ-ਪੂਰੇ ਕਸਬੇ ਗੰਦੇ, ਸੜਦੇ ਹੋਏ ਤਲਾਬ, ਨਾਲੇ ਦੇ ਨੇੜੇ ਵਸਾਉਣੇ ਹੋਣਗੇ ਅਤੇ ਲੋਕਾਂ ਨੂੰ ਬੇਨਤੀ ਕਰਨੀ ਹੋਵੇਗੀ ਕਿ ਉਹ ਆਪਣੇ ਘਰ ਵੱਧ ਤੋਂ ਵੱਧ ਗੈਰ-ਸਿਹਤਮੰਦ ਮਾਹੌਲ 'ਚ ਬਣਾਉਣ।" (ਏਨ ਐਸੇ ਆਨ ਪ੍ਰਿੰਸੀਪਲ ਆਫ ਪਾਪੁਲੇਸ਼ਨ, ਭਾਗ 5, ਚੈਪਟਰ 5)

ਮਾਲਥਸ ਸਭ ਤੋਂ ਜ਼ਿਆਦਾ ਨਾਰਾਜ਼ ਡਾਕਟਰਾਂ ਤੋਂ ਸਨ। ਉਹਨਾਂ ਦਾ ਕਹਿਣਾ ਸੀ ਕਿ ਇਹ "ਭਲੇ, ਪਰ ਗੁੰਮਰਾਹ ਲੋਕ ਮਨੁੱਖ ਜਾਤੀ ਦੀ ਭਲਾਈ ਦੇ ਨਾਂ 'ਤੇ ਉਸਦਾ ਪੂਰੀ ਤਰ੍ਹਾਂ ਵਿਨਾਸ਼ ਕਰਨ 'ਤੇ ਉਤਾਰੂ ਹਨ।"

ਇਹ ਕਿਤਾਬ ਬਹੁਤ ਸਰਾਹੀ ਗਈ, ਖਾਸ ਕਰਕੇ ਅਮੀਰ ਵਰਗ 'ਚ। ਯਾਦ ਰੱਖਣਾ ਕਿ ਮਾਲਥਸ ਅਤੇ ਉਹਨਾਂ ਦੇ ਪ੍ਰਸ਼ੰਸਕ-ਸਮਰਥਕ ਪਿਛੜੇ ਮੁਲਕਾਂ ਦੀ ਨਹੀਂ, ਸਗੋਂ ਇੰਗਲੈਂਡ ਦੀ ਗੱਲ ਕਰ ਰਹੇ ਸਨ। ਉਹਨਾਂ ਮਗਰੋਂ ਇਹਨਾਂ ਸਵਾ ਦੋ ਸੌ ਵਰ੍ਹਿਆਂ 'ਚ ਕਈ ਵਾਰੀ ਇਸ ਵਿਚਾਰ ਨੇ ਜ਼ੋਰ ਫੜਿਆ। 19ਵੀਂ ਸਦੀ ਦੇ ਪਿਛਲੇ ਅੱਧ 'ਚ ਡਾਰਵਿਨ ਅਤੇ ਫਿਰ ਉਹਨਾਂ ਮਗਰੋ ਉਹਨਾਂ ਦੇ ਹੀ ਰਿਸ਼ਤੇਦਾਰ ਫਰਾਂਸਿਸ ਗਾਲਟਨ ਨੇ ਇਸ ਵਿਚਾਰ ਨੂੰ ਵਿਗਿਆਨਕ ਤਰਕ ਦਾ ਜਾਮਾ ਪਹਿਨਾਇਆ। ਉਹਨਾਂ ਦਾ ਮੰਨਣਾ ਸੀ ਕਿ ਗਰੀਬਾਂ ਦਾ ਵੱਡੀ ਤਦਾਦ 'ਚ ਵਾਧੇ ਨਾਲ ਮਨੁੱਖ ਪ੍ਰਜਾਤੀ ਹੌਲੀ-ਹੌਲੀ ਮੰਦਬੁੱਧੀ ਹੁੰਦੀ ਜਾ ਰਹੀ ਹੈ (ਕਿਉਂਕਿ ਗਰੀਬ ਮੰਦਬੁੱਧੀ ਹੁੰਦੇ ਹਨ ਅਤੇ ਉਹਨਾਂ ਦੀ ਗਿਣਤੀ ਜ਼ਿਆਦੀ ਹੋਣ 'ਤੇ ਔਸਤ ਅਕਲ ਘੱਟ ਜਾਵੇਗੀ) ਇਸ ਪ੍ਰਕ੍ਰਿਆ ਨੂੰ ਰੋਕਣ ਲਈ ਗਾਲਟਨ ਸਾਹਬ ਨੇ"ਯੁਜੈਨਿਕਸ" ਦਾ ਢੰਗ ਸੁਝਾਇਆ। ਸਾਧਾਰਣ ਭਾਸ਼ਾ 'ਚ ਇਸਦਾ ਮਤਲਬ ਹੈ — "ਚੰਗੀ ਨਸਲ ਦਾ ਪ੍ਰਜਣਨ"। ਉਹਨਾਂ ਮਗਰੋਂ ਮਾਰਗਰੇਟ ਸੈਂਗਰ ਨਾਂ ਦੀ ਇਕ ਪ੍ਰਸਿੱਧ ਸਮਾਜਸੇਵੀ ਔਰਤ ਨੇ "ਪਲਾਂਡ ਪੇਰੇਂਟਹੁਡ" ਦੀ ਸ਼ੁਰੂਆਤ ਕੀਤੀ — ਯਾਨੀ ਯੋਜਨਾਬੱਧ ਇੱਕ ਬੱਚੇ ਦਾ ਜਨਮ। ਉਹਨਾਂ ਦਾ ਮੰਨਣਾ ਸੀ ਕਿ ਗਰੀਬਾਂ ਦੀ ਮਦਦ ਕਰਨਾ ਮਾਨਵਤਾ ਦੇ ਖਿਲਾਫ਼ ਹੈ ਅਤੇ ਮਨੁੱਖ-ਜਾਤੀ ਨੂੰ ਇਸਦੀ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ। ਸੈਂਗਰ ਦਾ ਮੰਨਣਾ ਸੀ ਕਿ ਗਰੀਬਾਂ ਨੂੰ ਬੱਚੇ ਪੈਦਾ ਹੀ ਨਹੀਂ ਕਰਨੇ ਚਾਹੀਦੇ ਅਤੇ ਲੋੜ ਪੈਣ 'ਤੇ ਉਹਨਾਂ ਦੀ ਨਸਬੰਦੀ ਕਰਵਾ ਦੇਣੀ ਚਾਹੀਦੀ ਹੈ। ਉਹਨਾਂ ਦਾ ਕਹਿਣਾ ਸੀ ਕਿ ਜਿਵੇਂ ਸੁੰਦਰ ਬਗੀਚੇ ਬਣਾਉਣ ਲਈ ਨਦੀਨ ਉਖਾੜ ਸੁੱਟਣਾ ਜ਼ਰੂਰੀ ਹੈ ਉਂਵ ਹੀ ਗੁਣਵਤਾ ਬਣਾਈ ਰੱਖਣ ਲਈ ਗਰੀਬ ਲੋਕਾਂ ਨੂੰ ਬੱਚੇ ਪੈਦਾ ਕਰਨਾ ਰੋਕਣਾ ਲਾਜ਼ਿਮੀ ਹੈ। ਉਹਨਾਂ ਦਾ ਇਹ ਤਰਕ ਉਸ ਜ਼ਮਾਨੇ ਦੇ ਧਨੀ ਲੋਕਾਂ ਨੂੰ ਖ਼ੂਬ ਰਾਸ ਆਇਆ, ਜਿਵੇਂ ਕਿ ਰਾਕਫ਼ੇਲਰ, ਡਿਊਕ, ਲਾਸਕਰ, ਡਪੋਂਟ ਆਦੀ ਨੂੰ। ਵੀਹਵੀਂ ਸਦੀ ਵਿੱਚ ਜਰਮਨਾਂ ਨੇ ਇਸੇ ਨੂੰ ਅਮਲ 'ਚ ਲਿਆਉਣ ਦਾ ਯਤਨ ਕੀਤਾ। ਇਸੇ ਕਾਰਨ ਤਕਰੀਬਨ ਸੱਠ ਲੱਖ ਯਹੂਦੀਆਂ ਦਾ ਕਤਲ ਕਰ ਦਿੱਤਾ ਗਿਆ। ਉਸ ਮਗਰੋਂ ਹਰ ਕੁਝ ਸਾਲ 'ਚ ਉਹ ਵਸੋਂ ਨੂੰ ਜ਼ਬਰੀ ਘੱਟ ਕਰਨ ਵਾਲਾ ਮੁੱਦਾ ਜ਼ੋਰ ਫੜਦਾ ਆਇਆ ਹੈ। ਐਮਰਜੈਂਸੀ ਦੌਰਾਨ ਇਸ ਮੁਲਕ 'ਚ ਸੰਜੈ ਗਾਂਧੀ ਦੀ ਅਗਵਾਈ 'ਚ ਜਿਹੜੀ ਮੁਹਿੰਮ ਛਿੜੀ ਸੀ, ਉਸ ਦੀਆਂ ਯਾਦਾਂ ਸਾਨੂੰ ਸਤਾਉਂਦੀਆਂ ਹਨ। ਮਗਰਲੇ ਕੁਝ ਵਰ੍ਹਿਆਂ ਤੋਂ ਇਹ ਵਿਚਾਰ ਫਿਰ ਜ਼ੋਰ-ਸ਼ੋਰ ਨਾਲ ਮੁੜ ਆ ਰਿਹਾ ਹੈ। ਕਈਆਂ ਨੂੰ ਕਹਿੰਦੇ ਸੁਣਿਆ ਜਾਂਦਾ ਹੈ ਕਿ "ਸਾਹਬ, ਹੁਣ ਚੰਗਾ ਲੱਗੇ ਜਾਂ ਬੁਰਾ, ਤਰੀਕਾ ਤਾਂ ਉਹੀ ਹੈ। ਹੁਣ ਸਰਜਨ ਦੀ ਛੁਰੀ ਦੇ ਹੇਠਾਂ ਆਉਣਾ ਕਿਸਨੂੰ ਚੰਗਾ ਲੱਗਦਾ ਹੈ, ਪਰ ਹੁਣ ਅੰਗ ਸੜ ਜਾਵੇ ਜਾਂ ਫਿਰ ਕੈਂਸਰ ਹੋਵੇ, ਤਾਂ ਫਿਰ ਉਸਦੇ ਬਿਨਾਂ ਚਾਰਾ

ਟੇਬਲ-1

ਸਰੋਤ	**ਧਰਤੀ ਦੀ ਕੁੱਲ ਵਸੋਂ ਦੀ ਹੇਠਲੀ 20% ਦੁਆਰਾ ਖਪਤ (ਸਭ ਤੋਂ ਗਰੀਬ)**	**ਧਰਤੀ ਦੀ ਕੁੱਲ ਵਸੋਂ ਦੀ ਉੱਪਰੀ 20% ਦੁਆਰਾ ਖਪਤ (ਸਭ ਤੋਂ ਅਮੀਰ)**
ਦੁਨੀਆਂ ਦੀ ਕੁੱਲ ਨਿੱਜੀ ਖਪਤ ਵਿੱਚ ਹੋਣ ਵਾਲੇ ਖਰਚੇ 'ਚ ਹਿੱਸਾ	1.3%	86%
ਦੁਨੀਆਂ ਦੇ ਕੁੱਲ ਮਾਸ ਖਪਤ 'ਚ ਹਿੱਸਾ	5%	45%
ਦੁਨੀਆਂ ਦੀ ਕੁੱਲ ਊਰਜਾ ਖਪਤ 'ਚ ਹਿੱਸਾ	4%	58%
ਦੁਨੀਆਂ ਦੀਆਂ ਕੁੱਲ ਟੈਲੀਫੋਨ ਲਾਈਨਾਂ ਇਸਤੇਮਾਲ ਕਰਨ 'ਚ ਹਿੱਸਾ	1.5%	74%
ਦੁਨੀਆਂ ਦੇ ਕੁੱਲ ਵਾਹਨ ਇਸਤੇਮਾਲ 'ਚ ਹਿੱਸਾ	1%	87%

ਸਰੋਤ : ਹਿਊਮਨ ਡਿਵਲਪਮੈਂਟ ਰਿਪੋਰਟ 1998 ਓਵਰਵਿਊ ਯੁ.ਐਨ.ਡੀ.ਪੀ. 1995

ਨਹੀਂ। ਹੁਣ ਚੀਨ ਨੂੰ ਹੀ ਵੇਖ ਲਉ, ਕਿੰਨਾ ਅੱਗੇ ਨਿਕਲ ਗਿਆ। ਉਸਦਾ ਸਖ਼ਤ 'ਇਕ-ਬੱਚਾ-ਪਰਿਵਾਰ ਕਾਨੂੰਨ' ਹੀ ਇਸਦੀ ਮੁੱਖ ਵਜ੍ਹਾ ਹੈ।

ਇੰਨੇ ਸਾਰੇ ਗਿਆਨੀ-ਗੁਣੀ ਸੈਂਕੜੇ ਵਰ੍ਹਿਆਂ ਤੋਂ ਜਿਹੜੀ ਗੱਲ ਕਹਿ ਰਹੇ ਹਨ, ਤਾਂ ਚਲੋ ਥੋੜੀ ਦੇਰ ਲਈ ਕੁਝ ਲੋਕਾਂ ਨੂੰ ਕੁਰਬਾਨੀ ਦੇਣੀ ਪਏਗੀ। ਹੁਣ ਮਨ ਮਾਰਕੇ ਇਹ ਕਦਮ ਵੀ ਜੇਕਰ ਚੁੱਕਣਾ ਪਏ, ਤਾਂ ਦੇਖਦੇ ਹਾਂ ਉਸਦਾ ਅਸਰ ਕੀ ਹੋਵੇਗਾ! ਕਿੰਨੇ ਲੋਕਾਂ ਦੇ ਘੱਟ ਹੋ ਜਾਣ ਨਾਲ ਹਾਲਤ 'ਚ ਗੁਣਾਤਮਕ ਬਦਲਾਅ ਨਜ਼ਰ ਆਵੇਗਾ — 10 ਪ੍ਰਤੀਸ਼ਤ, 20 ਪ੍ਰਤੀਸ਼ਤ, 30-40 ਪ੍ਰਤੀਸ਼ਤ ਜਾਂ 50 ਪ੍ਰਤੀਸ਼ਤ ? ਚਲੋ, 20 ਪ੍ਰਤੀਸ਼ਤ ਮੰਨ ਕੇ ਚਲਦੇ ਹਾਂ। ਆਉ ਵੇਖੀਏ, 20 ਪ੍ਰਤੀਸ਼ਤ ਵਸੋਂ ਘੱਟ ਹੋਣ ਨਾਲ ਕੀ ਫ਼ਰਕ ਪਏਗਾ। ਟੇਬਲ -1 'ਚ ਦੇਖਦੇ ਹਾਂ ਕਿ ਹੇਠਾਂ ਤੋਂ 20 ਪ੍ਰਤੀਸ਼ਤ ਵਸੋਂ ਘੱਟ ਕਰਨ ਨਾਲ ਯਾਣੀ 100 'ਚ ਸਭ ਤੋਂ ਗਰੀਬ 20 ਪ੍ਰਤੀਸ਼ਤ ਲੋਕ ਅਤੇ ਉੱਪਰ ਤੋਂ ਸਭ ਤੋਂ ਅਮੀਰ 20 ਪ੍ਰਤੀਸ਼ਤ ਲੋਕ ਘਟਣ ਨਾਲ ਸਰੋਤਾਂ ਦੀ ਮੌਜੂਦਗੀ 'ਚ ਕਿੰਨਾ ਫ਼ਰਕ ਆਵੇਗਾ।

ਜਿਵੇਂ ਕਿ ਟੇਬਲ-1 ਸਾਫ਼ ਜ਼ਾਹਿਰ ਹੈ ਕਿ 20 ਪ੍ਰਤੀਸ਼ਤ ਵਸੋਂ ਘੱਟ ਹੋਣ 'ਤੇ ਨਿਸ਼ਚਿਤ ਤੌਰ 'ਤੇ ਸਰੋਤਾਂ ਦੀ ਮੌਜੂਦਗੀ 'ਚ ਫ਼ਰਕ ਆਵੇਗਾ, ਪਰ ਇਹ ਹੇਠਾਂ ਦੇ 20 ਪ੍ਰਤੀਸ਼ਤ ਗਰੀਬਾਂ ਦੀ ਬਜਾਏ ਉਪਰ ਦੇ 20 ਪ੍ਰਤੀਸ਼ਤ ਅਮੀਰਾਂ ਨੂੰ ਹਟਾਉਣ ਨਾਲ ਹੋਵੇਗਾ। ਕੁੱਲ ਨਿੱਜੀ ਖਪਤ 'ਤੇ ਖਰਚ ਦਾ 86 ਪ੍ਰਤੀਸ਼ਤ ਲੋਕ ਖਪਤ ਕਰ ਰਹੇ ਹਨ — ਜੇਕਰ ਉਹ ਘੱਟ ਕਰਨ, ਤਾਂ ਬਾਕੀ ਬਚੇ ਲੋਕਾਂ ਨੂੰ ਔਸਤਨ ਵਰਤਮਾਨ 'ਚ ਉਪਲਬਧ ਸਮੱਗਰੀ ਤੋਂ (ਜਿਹੜੀ 14 ਪ੍ਰਤੀਸ਼ਤ ਹੈ) ਛੇ ਗੁਣਾ ਜ਼ਿਆਦਾ ਮਿਲ ਸਕੇਗੀ। ਉਂਞ ਹੀ ਮਾਸ-ਮੱਛੀ ਦੁੱਗਣੀ ਜਿਆਦਾ ਮਿਲੇਗੀ, ਊਰਜਾ ਤਕਰੀਬਨ ਦੁੱਗਣੀ, ਵਹੀਕਲ ਛੇ ਗੁਣਾ ਜ਼ਿਆਦਾ ਆਦਿ। ਤਾਂ ਫਿਰ ਕਰ ਦਿੱਤੀ ਜਾਵੇ ਇਹ ਨੀਤੀ ਲਾਗੂ ? ਕੀ ਸੰਜੈ ਗਾਂਧੀ ਦਾ ਸਮਰਥਨ ਕਰਨ ਵਾਲੇ, ਵੱਡੇ-ਵੱਡੇ ਵਿਦਵਾਨ ਇਸ ਨੀਤੀ 'ਤੇ ਆਪਣੀ ਮੁਹਰ ਲਗਾਉਣਗੇ ? ਜਾਂ ਫਿਰ ਗ਼ਰੀਬਾਂ 'ਤੇ, ਜਿਹੜੇ ਆਪਣੀ ਗੱਲ ਕਿਸੇ ਗੋਸ਼ਠੀ 'ਚ ਰੱਖ ਨਹੀਂ ਸਕਦੇ, ਆਸਾਨੀ ਨਾਲ ਲਾਗੂ ਹੋਣ ਵਾਲੇ ਨਿਯਮ, ਅਮੀਰਾਂ 'ਤੇ ਆਉਂਦੇ ਹੀ ਕਿਉਂ ਡਾਵਾਂਡੋਲ ਹੋ ਜਾਂਦੇ ਹਨ ? ਆਖ਼ਰ ਇਹਨਾਂ ਗਰੀਬਾਂ ਦਾ ਸਫ਼ਾਇਆ ਕਰਨ ਨਾਲ ਕਿੰਨਾ ਬਚੂਗਾ ? ਸੌ 'ਚੋਂ ਹੇਠਾਂ ਦੇ ਵੀਹ ਲੋਕ ਘੱਟ ਹੋਣ 'ਤੇ ਮਹਿਜ਼ 1 ਪ੍ਰਤੀਸ਼ਤ, 1.5 ਪ੍ਰਤੀਸ਼ਤ ਜਾਂ ਜਿਆਦਾ ਤੋਂ ਜ਼ਿਆਦਾ 4 ਪ੍ਰਤੀਸ਼ਤ ? ਹੋਇਆ ਨਾ ਹਿਸਾਬ ਟੇਢਾ ?

ਆਉ, ਮਰਨ-ਮਰਾਉਣ ਤੋਂ ਥੋੜਾ ਹਟ ਕੇ ਠੰਡੇ ਦਿਮਾਗ ਨਾਲ ਇਹ ਪਤਾ ਲਗਾਈਏ ਕਿ ਆਖ਼ਰ ਸਾਡੀ ਧਰਤੀ 'ਤੇ ਕਿੰਨੇ ਸਰੋਤ ਹਨ ਅਤੇ ਸਹੀ ਢੰਗ ਨਾਲ ਵੰਡ ਕਰਨ 'ਤੇ ਹਰੇਕ ਦੇ ਹਿੱਸੇ ਕਿੰਨਾ ਆਉਂਦਾ ਹੈ। ਅਸੀਂ ਬੁਨਿਆਦੀ ਲੋੜਾਂ 'ਤੇ ਗੌਰ ਕਰਦੇ ਹਾਂ। ਪਹਿਲਾਂ, ਰਹਿਣ ਦੀ ਥਾਂ ਨੂੰ ਲਉ। ਹੁਣ ਤੁਹਾਡੇ ਹਿਸਾਬ ਨਾਲ ਇਕ ਵਿਅਕਤੀ ਨੂੰ ਰਹਿਣ ਲਈ ਕਿੰਨੀ ਥਾਂ ਚਾਹੀਦੀ ਹੈ ? ਹੁਣ ਰਹਿਣ ਨੂੰ ਤਾਂ ਸੁਣਿਆ ਹੈ ਮੁੰਬਈ-ਜਿਹੇ ਸ਼ਹਿਰਾਂ 'ਚ ਇਕ 8 ਫੁੱਟ ਦੇ ਕਮਰੇ 'ਚ 6-8 ਆਦਮੀ ਰਹਿ ਲੈਂਦੇ ਹਨ — ਹਰ ਦਿਨ ਸਰਵਜਨਿਕ ਟਾਇਲਟਾਂ 'ਚ ਘੰਟਿਆਂ ਲਾਇਨ 'ਚ ਲਗਣਾ ਪੈਂਦਾ ਹੈ। ਗੰਦੀਆਂ ਬਸਤੀਆਂ 'ਚ ਤਾਂ ਪਾਲੀਥੀਨ ਦੇ ਛੱਪਰਾਂ ਹੇਠਾਂ ਕਰੋੜਾਂ ਲੋਕ ਗੁਜ਼ਾਰਾ ਕਰਦੇ ਹਨ, ਜਿੱਥੇ ਭਾਰਤੀ ਰੇਲ ਦੀ ਪਟਰੀ ਟਾਇਲਟ ਲਈ ਮਹਿਜ਼ ਇਕ ਜਗਾ ਹੁੰਦੀ ਹੈ। ਪਰ ਮੈਂ ਇਸਦੀ ਗੱਲ ਨਹੀਂ ਕਰ ਰਹੀ ਹਾਂ, ਮੈਂ ਤਾਂ ਇਹ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹਾਂ ਕਿ ਸੁਵਿਧਾ, ਅਰਾਮ ਲਈ ਕਿੰਨੀ ਜਗਾ ਦੀ ਲੋੜ ਹੈ ? ਅੱਛਾ, ਦੂਜੀ ਤਰ੍ਹਾਂ ਨਾਲ ਹਿਸਾਬ ਲਗਾਉਂਦੇ ਹਾਂ। ਹੁਣ ਇਸ ਧਰਤੀ 'ਤੇ ਵਸੋਂ ਕਰੀਬ 6.5 ਅਰਬ ਹੈ। ਕੀ ਤੁਹਾਨੂੰ ਪਤਾ ਹੈ ਕਿ ਜੇਕਰ ਅਸੀਂ ਹਰ ਵਿਅਕਤੀ ਨੂੰ ਤਕਰੀਬਨ 1240 ਵਰਗ ਫੁੱਟ ਥਾਂ ਦੇ ਦੇਈਏ (ਤੁਹਾਡੀ ਜਾਣਕਾਰੀ ਲਈ ਦੱਸ ਦੇਈਏ, ਸ਼ਹਿਰਾਂ 'ਚ ਇੰਨਾਂ ਖੇਤਰਫਲ ਐਚ.ਆਈ.ਜੀ (ਹਾਈ ਇਨਕਮ ਗਰੁੱਪ) ਫਲੈਟਸ ਦਾ ਹੁੰਦਾ ਹੈ, ਯਾਣੀ ਸਮਾਜ ਦੀ ਸਭ ਤੋਂ ਅਮੀਰ ਜਮਾਤ ਕੋਲ), ਤਾਂ ਇਸ ਹਿਸਾਬ ਨਾਲ ਧਰਤੀ ਦੇ ਸਾਰੇ ਲੋਕਾਂ ਨੂੰ ਵਸਾਉਣ ਲਈ ਕਿੰਨੀ ਥਾਂ ਚਾਹੀਦੀ ਹੈ ? ਮੈਂ ਦੱਸਦੀ ਹਾਂ, ਸਾਡੇ ਦੇਸ਼ ਦੇ ਦੋ ਸੂਬਿਆਂ ਮਹਾਂਰਾਸਟਰ ਅਤੇ ਮੱਧਪ੍ਰਦੇਸ਼ ਦੇ ਖੇਤਰਫ਼ਲ (ਕੁੱਲ 8000 ਅਰਬ ਵਰਗ ਫੁਟ) ਜਿੰਨੀ ਥਾਂ! ਹੁਣ ਥੋੜੀ ਹੋਰ ਗਣਨਾ। ਕਿਉਂਕਿ ਆਮ ਤੌਰ 'ਤੇ ਇਨਸਾਨ ਇੱਕਲਾ ਘਰ 'ਤੇ ਨਹੀਂ ਰਹਿੰਦਾ, ਪਰਿਵਾਰ 'ਚ ਰਹਿੰਦਾ ਹੈ, ਇਹ ਮੰਨ ਲਈਏ ਕਿ ਚਾਰ-ਚਾਰ ਵਿਅਕਤੀਆਂ ਦਾ ਪਰਿਵਾਰ ਹੈ ਤਾਂ ਫਿਰ ਉਸੇ ਖੇਤਰਫ਼ਲ 'ਚ ਇਕ-ਇਕ ਪਰਿਵਾਰ ਨੂੰ ਕਰੀਬ 5,000 ਵਰਗ ਫੀਟ ਥਾਂ ਮਿਲੇਗੀ, ਯਾਣੀ ਇਕ ਵੱਡਾ ਘਰ ਸਾਰੀਆਂ ਸੁਵਿਧਾਵਾਂ ਸਮੇਤ, ਸਾਹਮਣੇ ਫੁੱਲਾਂ ਦਾ ਬਗੀਚਾ, ਪਿੱਛੇ ਸਬਜੀਆਂ ਦੀਆਂ ਕਿਆਰੀਆਂ, ਸ਼ਾਇਦ ਥੋੜੀ ਖੇਤੀ ਵੀ, ਇਕ-ਅੱਧਾ ਪਸ਼ੂ ਬੰਨਣ/ਚਰਾਉਣ ਲਈ ਥਾਂ ਵੀ ਨਿਕਲ ਆਵੇਗੀ। ਸੋਚੋ, ਸਾਰੀ ਦੁਨੀਆ ਦੀ ਵਸੋਂ ਮਹਿਜ਼ ਦੋ ਸੂਬਿਆਂ ਦੇ ਬਰਾਬਰ ਖੇਤਰਫਲ 'ਚ ਸਮਾ ਸਕਦੀ ਹੈ। ਭਾਵੇਂ ਇੱਥੇ ਇਹ ਮੰਨ ਲਿਆ ਗਿਆ ਹੈ ਕਿ ਉਹ ਪੱਧਰੀ ਜ਼ਮੀਨ ਹੋਵੇਗੀ — ਨਦੀ, ਨਾਲਾ, ਟਿੱਲਾ, ਪਹਾੜ, ਜੰਗਲ, ਕੁਝ ਨਹੀਂ, ਪਰ ਫਿਰ ਵੀ ਬਾਕੀ ਪੂਰੀ ਧਰਤੀ ਖਾਲੀ! ਲੱਗਦਾ ਹੈ ਥਾਂ ਦੀ ਤਾਂ ਕੋਈ ਕਮੀ ਨਹੀਂ ਹੈ।

ਆਓ, ਹੁਣ ਅੰਨ 'ਤੇ ਚਲਦੇ ਹਾਂ — ਜਿਸ ਬਾਰੇ ਮਾਲਥਸ ਤੋਂ ਲੈ ਕੇ ਪੀੜ੍ਹੀ ਦਰ ਪੀੜ੍ਹੀ ਫਿਕਰਮੰਦ ਰਹੀ ਹੈ। ਹੁਣੇ ਹੀ ਸੰਨ 2007 'ਚ ਪੂਰੀ ਦੁਨੀਆ 'ਚ ਭੀਸ਼ਣ ਅੰਨ ਸੰਕਟ ਆ ਗਿਆ ਸੀ। ਮਾਹਰਾਂ ਦਾ ਮੰਨਣਾ ਹੈ ਕਿ ਵਰਤਮਾਨ ਸਮੇਂ 'ਚ ਦੁਨੀਆਂ ਦੇ ਕਰੀਬ ਇਕ ਅਰਬ ਲੋਕ ਭੁੱਖੇ ਸੌਂਦੇ ਹਨ, ਯਾਣੀ ਹਰ ਛੇਵੇਂ ਜਾਂ ਸੱਤਵੇਂ ਵਿਅਕਤੀ ਨੂੰ ਲੋੜ ਤੋਂ ਘੱਟ ਖਾਣਾ ਮਿਲਦਾ ਹੈ। ਇਹ ਵਾਕਈ ਗੰਭੀਰ ਸੱਮਸਿਆ ਹੈ। ਆਉ, ਥੋੜੀ ਹੋਰ ਡੂੰਘਾਈ ਨਾਲ ਜਾਂਚ ਕਰੀਏ। ਖਾਦ ਪਦਾਰਥ ਕਈ ਤਰ੍ਹਾਂ ਦੇ ਹੁੰਦੇ ਹਨ, ਜਿਵੇਂ ਕਿ ਅਨਾਜ, ਦਾਲਾਂ, ਸਾਗ, ਸਬਜੀ, ਫਲ, ਬਦਾਮ, ਜੜਾਂ, ਮਾਸ, ਮਛਲੀ ਆਦੀ। ਮਾਸ ਸਾਨੂੰ ਉਹਨਾਂ ਜਾਨਵਰਾਂ ਤੋਂ ਮਿਲਦਾ ਹੈ, ਜਿਹੜੇ ਜਾਂ ਤਾਂ ਘਾਹ ਚਰਦੇ ਹਨ ਜਾਂ ਫਿਰ ਅਨਾਜ ਖਾਂਦੇ ਹਨ। ਪਰ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਕਰੀਬ ਇਕ ਕਿਲੋ ਮੁਰਗੀ ਦੇ ਮਾਸ ਦੇ ਉਤਪਾਦਨ ਲਈ ਦੋ ਕਿੱਲੋ ਅਨਾਜ ਦੀ ਖਪਤ ਹੁੰਦੀ ਹੈ, ਇਸ ਤਰ੍ਹਾਂ ਇਕ ਕਿੱਲੋ ਸੂਰ ਦੇ ਮਾਸ ਲਈ 3.5 ਕਿਲੋ, ਭੇਡ ਜਾਂ ਬਕਰੀ ਦੇ ਮਾਸ ਲਈ 1.8 ਕਿਲੋ (ਕਿਉਂ ਕਿ ਉਹ

ਜਿਆਦਾਤਰ ਘਾਹ ਖਾਂਦੀ ਹੈ ਅਤੇ ਤੀਜੀ ਦੁਨੀਆ ਦੇ ਮੁਲਕਾਂ 'ਚ ਪਲਦੀ ਹੈ) ਅਤੇ ਵੱਡੇ ਪਸ਼ੂਆਂ ਲਈ 5 ਕਿਲੋ ਅਨਾਜ ਦੀ ਖਪਤ ਹੁੰਦੀ ਹੈ। ਸੰਪਨ ਮੁਲਕਾਂ 'ਚ ਜ਼ਿਆਦਾ ਮਾਸ ਖਪਤ ਹੁੰਦਾ ਹੈ, ਸਗੋਂ ਉੱਥੇ ਮਾਸ ਦੀ ਖਪਤ ਨੂੰ ਸੰਪਨਤਾ ਦਾ ਪੈਮਾਨਾ ਮੰਨਿਆ ਜਾਂਦਾ ਹੈ। ਜਿਵੇਂ ਕਿ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਮਾਸ ਦੀ ਖਪਤ ਘੱਟ ਹੋਣ 'ਤੇ ਜਿਆਦਾ ਅਨਾਜ ਇਨਸਾਨਾਂ ਦੇ ਆਹਾਰ ਲਈ ਮੌਜੂਦ ਹੋਵੇਗਾ। ਪਰ ਇਹਨਾਂ ਹਿਸਾਬਾਂ 'ਚ ਜੇਕਰ ਨਾ ਵੀ ਜਾਓ, ਤਾਂ ਵੀ ਜਿੰਨਾ ਅਨਾਜ ਮੌਜੂਦ ਹੁੰਦਾ ਹੈ, ਤਾਂ ਹਰ ਵਿਅਕਤੀ ਹਿੱਸੇ (ਪ੍ਰਤੀਦਿਨ ਦੇ ਹਿਸਾਬ 'ਚ) ਤਕਰੀਬਨ 3,000 ਤੋਂ 4,000 ਕੈਲੋਰੀ ਸਿਰਫ਼ ਅਨਾਜ ਤੋਂ ਆਵੇਗੀ। ਇਸ 'ਚ ਫਲ, ਸਬਜੀ, ਮਾਸ, ਦੁੱਧ, ਅੰਡਾ, ਮੱਛੀ ਆਦੀ ਨੂੰ ਤਾਂ ਜੋੜਿਆ ਵੀ ਨਹੀਂ। ਹੁਣ ਤੁਹਾਨੂੰ ਇਹ ਦੱਸ ਦੇਈਏ ਕਿ ਮਾਹਰਾਂ ਅਨੁਸਾਰ, ਇਕ ਸਿਹਤਮੰਦ ਬਾਲਗ ਇਨਸਾਨ ਨੂੰ ਦਿਨ 'ਚ ਤਕਰੀਬਨ 2,200 ਤੋਂ 2,400 ਕੈਲੋਰੀ ਤੱਕ ਖਾਦ ਦੀ ਜ਼ਰੂਰਤ ਹੁੰਦੀ ਹੈ। ਯਾਣੀ ਮੌਜੂਦ ਅਨਾਜ ਦਾ ਮਹਿਜ਼ ਅੱਧਾ ਜਾਂ ਦੋ-ਤਿਹਾਈ (ਕੋਈ ਵਿਅਕਤੀ ਜੇਕਰ ਉਤਪਾਦਨ ਨੂੰ ਬਰਾਬਰ ਵੰਡਣ 'ਤੇ ਜਿੰਨਾ ਮੌਜੂਦ (3,500 ਕੈਲੋਰੀ) ਓਨਾ ਖਾ ਲਵੇ, ਤਾਂ ਜਲਦੀ ਹੀ ਉਸਨੂੰ ਮੋਟਾਪੇ ਦੀ ਸ਼ਿਕਾਇਤ ਹੋ ਜਾਵੇਗੀ (ਵਰਲਡ ਹੰਗਰ - ਟਰੈਵਲਜ਼ ਮਿਥਸ)। ਗੌਰ ਕਰਨ ਦੀ ਗੱਲ ਹੈ ਕਿ ਜਿੱਥੇ ਦੁਨੀਆਂ 'ਚ ਇਕ ਅਰਬ ਲੋਕ ਭੁੱਖੇ ਸੌਂਦੇ ਹਨ, ਉੱਥੇ ਤਕਰੀਬਨ ਉਨੇ ਹੀ ਲੋਕ ਵੱਧ ਮੋਟਾਪੇ (ਓਬੇਸਿਟੀ) ਦੀ ਬਿਮਾਰੀ ਨਾਲ ਗ੍ਰਸਤ ਹਨ।

ਚਲੋ, ਇਹ ਗੱਲ ਤਾਂ ਸਾਬਿਤ ਹੋਈ ਕਿ ਉੱਪਰੀ ਤੌਰ 'ਤੇ ਅੰਨ ਉਤਪਾਦਨ 'ਚ ਕੋਈ ਕਮੀ ਨਹੀਂ ਹੈ। ਪਰ ਕਾਫ਼ੀ ਤੋਂ ਕਿਤੇ ਜਿਆਦਾ ਮੌਜੂਦ ਹੋਣ ਦੇ ਬਾਵਜੂਦ ਦੁਨੀਆਂ 'ਚ ਇੰਨੀ ਭੁੱਖਮਰੀ ਕਿਉਂ ਹੈ ? ਖ਼ੈਰ, ਇਹ ਇਕ ਅਲੱਗ ਸਵਾਲ ਹੈ — ਬਹੁਤ ਹੀ ਪ੍ਰਸੰਗਿਕ, ਪਰ ਇੱਥੇ ਉਸ 'ਤੇ ਗੱਲ ਕਰਨ ਦੀ ਗੁੰਜਾਇਸ਼ ਨਹੀਂ ਹੈ।

ਹੁਣ ਇਹ ਜਾਣਨ ਦੀ ਕੋਸ਼ਿਸ਼ ਕਰਦੇ ਹਾਂ ਕਿ ਆਖ਼ਰ ਗ਼ਰੀਬ ਪਰਿਵਾਰਾਂ 'ਚ ਹੀ ਜ਼ਿਆਦਾ ਬੱਚੇ ਕਿਉਂ ਹੁੰਦੇ ਹਨ ? ਸੁਣਨ 'ਚ ਆਇਆ ਹੈ ਕਿ ਸਾਡੇ ਮੌਜੂਦਾ ਸਿਹਤ ਮੰਤਰੀ ਦਾ ਮੰਨਣਾ ਹੈ ਕਿ ਬੱਚੇ ਪੈਦਾ ਕਰਨਾ ਜਾਂ ਉਸਦੀ ਬੁਨਿਆਦੀ ਪ੍ਰਕ੍ਰਿਆ 'ਚ ਸ਼ਾਮਿਲ ਹੋਣਾ ਗਰੀਬ ਲੋਕਾਂ ਲਈ ਮੰਨੋਰੰਜਨ ਦਾ ਇਕ ਸਸਤਾ ਅਤੇ ਉੱਤੇਜਕ ਸਾਧਨ ਹੈ। ਇਕ ਸੰਵੇਦਨਸ਼ੀਲ ਪ੍ਰਗਤੀਵਾਦੀ ਆਗੂ ਹੋਣ ਕਰਕੇ ਉਹਨਾਂ ਨੇ ਇਸ 'ਤੇ ਕਾਬੂ ਪਾਉਣ ਦਾ ਇਕ ਨਵਾਂ ਤਰੀਕਾ ਲੱਭ ਲਿਆ ਹੈ — ਪਿੰਡ-ਪਿੰਡ 'ਚ ਬਿਜਲੀ। ਲੋਕ ਦੇਰ ਤੱਕ ਟੀਵੀ ਦਾ ਅਨੰਦ ਉਠਾਉਣਗੇ ਅਤੇ ਫਿਰ ਚੈਨ ਦੀ ਨੀਂਦ ਸੋ ਜਾਣਗੇ ਤਾਂ ਮਸਲਾ ਜੜ੍ਹ ਤੋਂ ਸੁਲਝ ਜਾਵੇਗਾ। ਬਈ ਵਾਹ ਕਲਪਨਾ-ਸ਼ਕਤੀ ਦੀ ਉਡਾਰੀ ! ਬਿਜਲੀ ਦੇ ਬਹੁਤ ਸਾਰੇ ਉਪਯੋਗ ਸੁਣੇ ਹਨ, ਪਰ ਇਹ ਤਾਂ ਲੀਕ ਤੋਂ ਮੀਲਾਂ ਹੱਟ ਕੇ ਹੈ। ਆਦਰਯੋਗ ਸਿਹਤ ਮੰਤਰੀ ਪੁਰਸ਼ ਹਨ, ਖੁਸ਼ਕਿਸਮਤੀ ਨਾਲ ਇਹ ਕਦੇ ਮਾਂ ਨਹੀਂ ਬਣ ਸਕਦੇ, ਇਸ ਲਈ ਬੱਚਾ ਪੈਦਾ ਕਰਨ ਦਾ ਸਭ ਤੋਂ ਆਸਾਨ ਬਦਲ ਉਹਨਾਂ ਲਈ ਮਨੋਰੰਜਨ ਹੋ ਸਕਦਾ ਹੈ। ਪਰ ਜਿਸ ਮਾਂ ਨੇ ਇਕ ਵੀ ਬੱਚਾ ਆਪਣੇ ਗਰਭ 'ਚ ਧਾਰਣ ਕੀਤਾ ਹੈ, ਨੌ ਮਹੀਨੇ ਤੱਕ ਤਿਲ-ਤਿਲ ਕੇ ਉਸਦਾ ਪੋਸ਼ਣ ਕੀਤਾ ਹੈ, ਜੰਮਣ ਪੀੜਾ ਸਹੀ ਹੈ ਅਤੇ ਫਿਰ ਆਪਣੇ ਲਹੂ ਨੂੰ ਦੁੱਧ ਦੇ ਰੂਪ 'ਚ ਬੱਚੇ ਦੇ ਨੰਨ੍ਹੇ ਭੁੱਖੇ ਹਲਕ 'ਚ ਉਤਾਰਿਆ ਹੈ, ਉਹ ਉਸਨੂੰ ਮਹਿਜ਼ ਮਨੋਰੰਜਨ ਨਹੀਂ ਮੰਨ ਸਕਦੀ। ਨਾਲੇ ਮੈਂ ਤਾਂ ਉਹਨਾਂ ਮਾਵਾਂ ਦੀ ਗੱਲ ਕਰ ਰਹੀ ਹਾਂ, ਜਿਹੜੀਆਂ ਅਕਸਰ ਆਪਣਾ ਪਹਿਲਾ ਬੱਚਾ ਸੋਲਾਂ-ਸਤਾਰ੍ਹਾਂ ਸਾਲ ਦੀ ਕੱਚੀ ਉਮਰ 'ਚ ਪੈਦਾ ਕਰਦੀਆਂ ਹਨ ਅਤੇ ਫਿਰ ਪੈਦਾ ਕਰਦੀਆਂ ਚਲੀਆਂ ਜਾਂਦੀਆਂ ਹਨ, ਸਾਲ-ਦਰ-ਸਾਲ। ਕੁਪੋਸ਼ਿਤ ਸਰੀਰ, ਲਹੂ ਦੀ ਭਿਅੰਕਰ ਕਮੀ, ਇਹ ਤਾਂ ਸਾਡੇ ਜਿਹੇ ਦੇਸ਼ 'ਚ ਮਾਵਾਂ ਲਈ ਆਮ ਗੱਲ ਹੈ। ਗਰਭ 'ਚ ਬੱਚਾ ਪਲਣ ਦੇ ਬਾਵਜੂਦ ਜਿੱਥੇ ਉਹ ਮਾਂ ਸੱਭ ਤੋਂ ਆਖ਼ਰ 'ਚ ਪਰਿਵਾਰ ਦਾ ਬਚਿਆ-ਖੁਚਿਆ ਨਿਗਲ਼ਦੀ ਹੈ ਅਤੇ ਉਸ ਬੇਸੁਆਦੇ ਨਿਵਾਲੇ ਤੋਂ ਵੀ ਸਾਰੀ ਪੌਸ਼ਟਿਕਤਾ ਉਸਦੇ ਗਰਭ 'ਚ ਪਲਣ ਵਾਲਾ ਕੁੱਲ ਦਾ ਚਿਰਾਗ ਆਪਣੇ ਹਿੱਸੇ ਕਰ ਲੈਂਦਾ ਹੈ। ਜਨਮ ਮਗਰੋਂ ਵੀ ਉਹ ਬੱਚਾ ਆਪਣੀ ਮਾਂ ਦੀ ਸੁੱਕੀਆਂ ਛਾਤੀਆਂ ਨੂੰ ਚੁੰਘ ਕੇ ਜਿਵੇਂ ਰਹੀ-ਸਹੀ ਜੀਵਨ-ਸ਼ਕਤੀ ਹੀ ਨਿਚੋੜ ਲੈਂਦਾ ਹੈ। ਮਾਂ ਹੋਣ ਦਾ ਇਹ ਕਾਵਿਆਤਮਕ ਰੂਪ, ਜਿਸਨੂੰ ਅਸੀਂ ਕਵਿਤਾਵਾਂ, ਕਹਾਣੀਆਂ ਅਤੇ ਚਿੱਤਰਾਂ 'ਚ ਜਾਣਿਆ ਹੈ, ਇਸ ਪ੍ਰਕ੍ਰਿਆ 'ਚ ਕਿਤੇ ਨਜ਼ਰ ਨਹੀਂ ਆਉਂਦਾ। ਸਗੋਂ ਡੂੰਘਾਈ 'ਚ ਜਾਣਨ 'ਤੇ ਇਹ ਸਮਝ ਬਣਦੀ ਹੈ ਕਿ ਸਾਲ-ਦਰ-ਸਾਲ ਬੱਚੇ ਜਣਨਾ ਤਾਂ ਇਕ ਗੰਭੀਰ ਸਿਆਸੀ ਮਸਲਾ ਹੈ — ਇਹ ਹੈ ਸਾਡੇ ਸਮਾਜ 'ਚ ਇਸਤਰੀ-ਪੁਰਸ਼ ਦੇ ਹੱਕਾਂ 'ਚ ਮੌਲਿਕ ਨਾਬਰਾਬਰੀ।

ਇਕ ਔਰਤ ਦਾ ਆਪਣੇ ਸਰੀਰ 'ਤੇ ਕੋਈ ਹੱਕ ਨਹੀਂ। ਸਾਡੇ ਪਿਛੜੇ ਸਮਾਜ 'ਚ ਉਹ ਭੋਗ-ਵਸਤੂ ਹੈ, ਵਰਤੋਂ ਦੀ ਵਸਤੂ ਹੈ ਅਤੇ ਉਸਦੀ ਵਰਤੋਂ ਇਸ ਮਰਦ ਦੀ ਹਕੂਮਤ ਵਾਲੇ ਸਮਾਜ ਦੇ ਨਿਯਮਾਂ ਦੇ ਅਧਾਰ 'ਤੇ ਹੁੰਦੀ ਹੈ। ਹਾਂ ਸਿੱਖਿਆ ਦੀ ਕਮੀ ਵੀ ਇਸ 'ਚ ਫੈਸਲਾਕੁੰਨ ਭੂਮਿਕਾ ਅਦਾ ਕਰਦੀ ਹੈ, ਜਿਹੜੀ ਕਿ ਔਰਤ-ਮਰਦ ਦੋਨਾਂ 'ਤੇ ਲਾਗੂ ਹੁੰਦੀ ਹੈ। ਦੁਨੀਆਂ 'ਚ ਜਦੋਂ ਹੋਰ ਜਿਥੇ-ਜਿਥੇ ਨਾਰੀ ਨੂੰ ਬਰਾਬਰ ਦਰਜਾ ਅਤੇ ਸਭ ਨੂੰ ਉਚਿਤ ਸਿੱਖਿਆ ਹਾਸਲ ਕਰਨ ਦਾ ਮੌਕਾ ਮਿਲਿਆ ਹੈ, ਉੱਥੇ ਇਸ ਤਰ੍ਹਾਂ ਦੀ ਲੁੱਟ ਲਗਭਗ ਖਤਮ ਹੋ ਗਈ ਹੈ। ਪਰ ਕੀ ਸਿਰਫ਼ ਇਹ ਸਿੱਖਿਆ ਦੀ ਕਮੀ ਹੈ, ਜਿਹੜੀ ਪਰਿਵਾਰ 'ਚ ਇੰਨੇ ਸਾਰੇ ਬੱਚੇ ਪੈਦਾ ਕਰਨ ਦੇ ਕਾਰਨ ਹੈ ? ਨਹੀਂ, ਸਾਡਾ ਮੰਨਣਾ ਹੈ ਕਿ ਇਸਦਾ ਠੋਸ ਆਰਥਿਕ ਆਧਾਰ ਵੀ ਹੈ, ਆਓ ਵੇਖਦੇ ਹਾਂ।

ਸੁਣਿਆ ਹੈ ਸਾਰੀਆਂ ਜੀਵ-ਜਾਤੀਆਂ 'ਚ ਸ਼ਾਇਦ ਇਨਸਾਨ ਦਾ ਹੀ ਬੱਚਾ ਹੈ, ਜਿਸਦੀ ਸਾਲਾਂ ਤੱਕ ਦੇਖਭਾਲ ਕਰਨੀ ਪੈਂਦੀ ਹੈ। ਮੱਧ ਵਰਗ, ਅਮੀਰ ਜਮਾਤ 'ਚ ਤਾਂ "ਬੱਚੇ" ਵੱਡੇ ਹੀ ਨਹੀਂ ਹੁੰਦੇ, ਨੌਜਵਾਨ ਅਵਸਥਾ ਤੱਕ ਉਹ ਆਪਣੇ ਮਾਂ-ਬਾਪ ਅਤੇ ਪਰਿਵਾਰ ਵਾਲਿਆਂ ਤੋਂ ਸਹਾਰੇ ਦੀ ਉਮੀਦ ਰੱਖਦੇ ਹਨ। ਆਪਣੇ ਹੱਥ-ਪੈਰ ਚਲਾ ਕੇ ਕੁਝ ਕਰ ਦਿਖਾਉਣ ਦੀ ਥਾਂ ਉਹ ਵਿਰਾਸਤ 'ਚ ਮਿਲੀ ਸੰਪਤੀ ਜਾਂ ਜਾਣ-ਪਹਿਚਾਣ ਤੋਂ ਮਿਲੀ ਨੌਕਰੀ 'ਤੇ ਜ਼ਿਆਦਾ ਭਰੋਸਾ ਰੱਖਦੇ ਹਨ। ਸਗੋਂ ਇਸਨੂੰ ਆਪਣੀ ਸ਼ਾਨ ਸਮਝਦੇ ਹਨ — "ਮੈਂ ਟਾਟਾ ਦਾ ਭਤੀਜਾ ਹਾਂ" , "ਮੈਂ ਬਿਰਲਾ ਦਾ ਭਾਣਜਾ

ਹਾਂ" , "ਮੈਂ ਫਲਾਨੇ ਖਾਨਾਦਾਨ ਦਾ ਹਾਂ" , "ਮੈਂ ਬ੍ਰਹਾਮਣ ਹਾਂ", ਆਦੀ-ਆਦੀ। ਇਹ ਸਾਰੇ ਕੁਲਦੀਪਕ ਸਹੀ ਮਾਅਨੇ 'ਚ ਇਕ ਭਾਰੀ ਬੋਝ ਹਨ, ਜਿਹਨਾਂ ਨੂੰ ਸਮਾਜ ਸਦੀਆਂ ਤੋਂ ਢੋਅ ਰਿਹਾ ਹੈ। ਪਰ ਗਰੀਬਾਂ ਦਾ ਬੱਚਾ ਤਾਂ ਆਪਣੇ ਪਹਿਲੇ ਸਾਹ ਲੈਣ ਤੋਂ ਪਹਿਲਾਂ ਤੋਂ ਹੀ ਜ਼ਿੰਦਾ ਰਹਿਣ ਦੀ ਜਦੋਜਹਿਦ 'ਚ ਫਸ ਜਾਂਦਾ ਹੈ। ਕੁਪੋਸ਼ਿਤ, ਕਮਜ਼ੋਰ ਮਾਂਵਾਂ ਦੇ ਜਿਆਦਤਰ ਬੱਚੇ ਵੀ ਕੁਪੋਸ਼ਿਤ ਹੁੰਦੇ ਹਨ। 'ਹਿਊਮਨ ਡੇਵੇਲਪਮੈਂਟ ਰਿਪੋਰਟ 2009' ਅਨੁਸਾਰ ਭਾਰਤ 'ਚ 47 ਪ੍ਰਤੀਸ਼ਤ ਬੱਚੇ, ਯਾਣੀ ਹਰ ਦੂਜਾ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੈ। ਭਾਰਤ 'ਚ ਹਰ ਸਾਲ ਪੰਜ ਸਾਲ ਤੋਂ ਘੱਟ ਉਮਰ ਦੇ 23.5 ਲੱਖ ਬੱਚੇ ਮਰ ਜਾਂਦੇ ਹਨ। ਇੱਥੇ ਹਰ 15 ਸੈਕਿੰਡ 'ਚ ਇਕ ਬੱਚੇ ਦੀ ਮੌਤ ਹੋ ਜਾਂਦੀ ਹੈ। ਚਾਰ ਲੱਖ ਤੋਂ ਜ਼ਿਆਦਾ ਬੱਚੇ ਤਾਂ ਜਨਮ ਦੇ 24 ਘੰਟੇ ਅੰਦਰ ਬਿਲਕੁਲ ਸਾਧਾਰਣ ਬਿਮਾਰੀਆਂ (ਡਾਇਰੀਆ, ਨਿਮੋਨੀਆ) ਦੇ ਕਾਰਨ ਮਰ ਜਾਂਦੇ ਹਨ। ਮਤਲਬ ਇਹ ਕਿ ਗਰੀਬਾਂ ਦੇ ਮਾਂ-ਪਿਉ ਨੂੰ ਇਸ ਗੱਲ ਦਾ ਕੋਈ ਭਰੋਸਾ ਨਹੀਂ ਕਿ ਉਹਨਾਂ ਦੇ ਕਿੰਨੇ ਬੱਚੇ ਬਾਲਗ ਹੋਣ ਤੱਕ ਬਚ ਜਾਣਗੇ। ਛੇ ਸਾਲ ਦੀ ਉਮਰ ਤੱਕ ਪਹੁੰਚਦੇ-ਪਹੁੰਚਦੇ ਗਰੀਬ ਪਰਿਵਾਰ ਦਾ ਬੱਚਾ ਪਰਿਵਾਰ ਦੀ ਆਮਦਨੀ 'ਚ ਯੋਗਦਾਨ ਕਰਨਾ ਸ਼ੁਰੂ ਕਰ ਦਿੰਦਾ ਹੈ। ਨਾਲੇ ਮਹਿਜ਼ 12 ਸਾਲ ਦੀ ਉਮਰ ਜਾਂ ਉਸਤੋਂ ਵੀ ਘੱਟ 'ਚ ਪਰਿਵਾਰਕ ਆਮਦਨ 'ਚ ਉਸਦਾ ਯੋਗਦਾਨ, ਜਿੰਨਾਂ ਉਸ 'ਤੇ ਖਰਚ ਹੁੰਦਾ ਹੈ ਉਸਤੋਂ ਵੱਧ ਹੁੰਦਾ ਹੈ। ਉਸਦਾ ਭਾਵ ਇਹ ਹੈ ਕਿ ਬੱਚਾ ਇਕ ਮੂੰਹ ਨਹੀਂ ਸਗੋਂ ਦੋ ਹੱਥ ਹੁੰਦਾ ਹੈ, ਪਰਿਵਾਰ ਲਈ। ਹੁਣ ਤੁਸੀਂ ਹੀ ਦੱਸੋ ਕਿ ਗੈਰ-ਜਥੇਬੰਦ ਮਜ਼ਦੂਰਾਂ 'ਤੇ ਅਰਜੁਨ ਸੇਨਗੁਪਤਾ ਦੀ ਪ੍ਰਧਾਨਗੀ 'ਚ ਬਣੀ ਸਰਕਾਰੀ ਕਮੇਟੀ ਅਨੁਸਾਰ ਜੇਕਰ 78 ਫੀਸਦੀ ਭਾਰਤੀਆਂ ਨੂੰ 20 ਰੁਪਏ ਜਾਂ ਫਿਰ ਉਸ ਤੋਂ ਵੀ ਘੱਟ 'ਚ ਗੁਜ਼ਾਰਾ ਕਰਨਾ ਪੈਂਦਾ ਹੈ, ਤਾਂ ਫਿਰ ਸਿਰਫ਼ ਦਿਨ 'ਚ ਦੋ ਜੂਨ ਖਾਣਾ ਜੁਟਾਣ ਲਈ ਹੀ ਪਰਿਵਾਰ ਦੇ 7-8 ਲੋਕਾਂ ਨੂੰ ਰੁਜ਼ਗਾਰ 'ਚ ਲੱਗਣਾ ਪਏਗਾ ਜਾਂ ਨਹੀਂ ? ਆਖ਼ਰ ਚਾਵਲ, ਆਟਾ, ਚੀਨੀ, ਦਾਲ, ਨਮਕ, ਤੇਲ, ਆਲੂ, ਪਿਆਜ਼ ਆਦਿ ਦੀਆਂ ਕੀਮਤਾਂ ਪਿਛਲੇ ਕੁਝ ਸਾਲਾਂ 'ਚ ਆਸਮਾਨ ਨੂੰ ਵੀ ਚੀਰ ਕੇ ਜਿਵੇਂ ਕਿਸੇ ਹੋਰ ਨਛੱਤਰ ਤੱਕ ਪਹੁੰਚ ਚੁੱਕੀਆਂ ਹਨ। ਇਸਤੋਂ ਇਲਾਵਾ ਕੱਪੜਾ, ਮਕਾਨ ਅਤੇ ਹੋਰ ਚੀਜ਼ਾਂ ਵੀ ਤਾਂ ਚਾਹੀਦੀਆਂ ਹਨ। ਇਸ 'ਚ ਬਿਮਾਰ ਪੈਣਾ ਵਿਲਾਸਤਾ ਹੈ, ਜਿਹੜਾ ਕਿ ਛੇ ਸਾਲਾਂ ਦੇ ਬੱਚੇ ਲਈ ਵੀ ਵਰਜਿਤ ਹੈ। ਇਤਿਹਾਸ ਦੇ ਪੰਨੇ ਪਲਟ ਕੇ ਵੇਖੀਏ, ਤਾਂ ਸਮਝ ਬਣਦੀ ਹੈ ਕਿ ਅੱਜ ਦੇ ਵਿਕਸਿਤ ਮੁਲਕਾਂ 'ਚ ਵੀ ਸੌ-ਸਵਾ ਸੌ ਸਾਲ ਪਹਿਲਾਂ ਤੱਕ ਪਰਿਵਾਰਾਂ 'ਚ ਔਸਤਨ ਦਰਜਨਾਂ ਬੱਚੇ ਹੁੰਦੇ ਸਨ। ਪਰ ਜਿਵੇਂ-ਜਿਵੇਂ ਆਧੁਨਿਕ ਚਿਕਿਤਸਾ 'ਚ ਵਿਕਾਸ ਦੇ ਕਾਰਨ ਮੌਤ ਦਰ 'ਚ ਗੁਣਾਤਮਕ ਕਮੀ ਆਈ ਅਤੇ ਉਸਦੇ ਨਾਲ-ਨਾਲ ਮਜ਼ਦੂਰ ਤਹਿਰੀਕਾਂ ਦੀ ਬਦੌਲਤ ਜੇਕਰ ਉਜਰਤ ਵਧੀ ਅਤੇ ਕੰਮ ਦੇ ਘੰਟਿਆਂ ਅਤੇ ਮਾਹੌਲ 'ਤੇ ਕਾਨੂੰਨੀ ਕੰਟਰੋਲ ਲਾਗੂ ਹੋਏ, ਪਰਿਵਾਰ ਛੋਟੇ ਹੁੰਦੇ ਗਏ। ਸਦੀ ਦੀ ਸ਼ੁਰੂਆਤ ਆਉਂਦੇ-ਆਉਂਦੇ ਕਈ ਯੂਰਪੀ ਦੇਸ਼ਾਂ 'ਚ ਸਰਕਾਰੀ ਸੋਸ਼ਲ ਸਕਿਊਰਿਟੀ (ਸਮਾਜਿਕ ਸੁਰੱਖਿਆ) ਦਾ ਪ੍ਰਬੰਧ ਹੋ ਜਾਣ 'ਤੇ ਲੋਕਾਂ ਨੂੰ ਸਿਹਤ, ਸਿੱਖਿਆ, ਰਿਹਾਇਸ਼ ਅਤੇ ਬੇਰੁਜ਼ਗਾਰੀ ਭੱਤਾ ਵਰਗੀਆਂ ਬੁਨਿਆਦੀ ਜ਼ਰੂਰਤਾਂ ਹੱਕ ਦੇ ਤੌਰ 'ਤੇ ਮਿਲਣ ਲੱਗੀਆਂ ਅਤੇ ਪਰਿਵਾਰ ਛੋਟੇ ਅਤੇ ਖੁਸ਼ਹਾਲ ਨਜ਼ਰ ਆਉਣ ਲੱਗੇ। ਦੂਰ ਜਾਣ ਦੀ ਲੋੜ ਨਹੀਂ, ਸਾਡੇ ਹੀ ਦੇਸ਼ ਦੇ ਕੇਰਲ ਸੂਬੇ ਨੂੰ ਲੈ ਲਓ। ਵਸੋਂ ਦੀ ਘਣਤਾ (ਇਕ ਵਰਗ ਕਿਲੋਮੀਟਰ 'ਚ ਵੱਸਣ ਵਾਲੀ ਔਸਤ ਵਸੋਂ) ਦੇ ਹਿਸਾਬ ਨਾਲ ਇਹ ਪ੍ਰਦੇਸ਼ ਦੇਸ਼ ਦੀ ਔਸਤ ਤਕਰੀਬਨ ਤਿੰਨ ਗੁਣਾ ਜ਼ਿਆਦਾ ਬਹਿੰਦਾ ਹੈ। ਪਰ ਬਿਹਤਰ ਸਿਹਤ ਸੁਵਿਧਾ, ਸਿੱਖਿਆ ਦੀ ਸੁਵਿਧਾ ਅਤੇ ਕਾਰਗਰ ਅੰਨ ਸਬਸਿਡੀ ਦੇ ਕਾਰਨ ਇਥੇ ਬੱਚਿਆਂ ਦੀ ਮੌਤ ਦਰ ਦੇਸ਼ ਦੇ ਔਸਤ ਤੋਂ ਅੱਧੀ ਹੈ। ਇਥੇ ਔਰਤ ਸਿੱਖਿਆ ਦੀ ਦਰ ਦੇਸ਼ ਦੇ ਔਸਤ ਤੋਂ ਤਕਰੀਬਨ ਦੋ ਗੁਣਾ ਜ਼ਿਆਦਾ ਹੈ (ਕੇਰਲ 'ਚ 87 ਪ੍ਰਤੀਸ਼ਤ ਔਰਤਾਂ ਸਿੱਖਿਅਤ ਹਨ)। ਸ਼ਾਇਦ ਇਸੇ ਕਾਰਨ ਇਥੇ ਜਨਮਦਰ ਕੌਮੀ ਔਸਤ ਦੀ ਇਕ ਤਿਹਾਈ ਹੈ, ਜਿਹੜੀ ਕਿ ਅਮਰੀਕਾ ਵਰਗੇ ਮੁਲਕ ਤੋ ਥੋੜ੍ਹੀ ਹੀ ਜਿਆਦਾ ਹੈ। ਹੁਣ ਜਿਸ ਇੰਗਲੈਂਡ ਨੂੰ ਵੇਖ ਕੇ ਮਾਲਥਸ ਸਾਹਬ ਡਰ ਗਏ ਸਨ, ਉਸ ਦੀ ਆਬਾਦੀ ਉਸ ਸਮੇਂ ਕਰੀਬ 83 ਲੱਖ ਸੀ। ਅੱਜ ਇੰਗਲੈਂਡ ਦੀ ਵਸੋਂ ਕਰੀਬ 512 ਲੱਖ ਹੈ, ਯਾਣੀ ਮਾਲਥਸ ਸਾਹਬ ਦੇ ਸਮੇਂ ਤੋਂ ਸਾਢੇ ਛੇ ਗੁਣਾ ਜ਼ਿਆਦਾ। ਪਰ ਕੀ ਅੱਜ ਕੋਈ ਇੰਗਲੈਂਡ ਬਾਰੇ ਉਹ ਸ਼ੰਕਾ ਜਤਾਵੇਗਾ, ਜਿਹੜੀ ਕਿ ਅੱਜ ਤੋਂ ਦੋ ਸੌ ਸਾਲ ਪਹਿਲਾਂ ਜਤਾਈ ਗਈ ਸੀ ? ਕਦੇ ਵੀ ਨਹੀਂ। ਫਿਰ ਤੋਂ ਇਹ ਗੱਲ ਸਾਬਿਤ ਹੁੰਦੀ ਹੈ ਕਿ ਮਹਿਜ਼ ਵੱਧਦੀ ਵਸੋਂ ਹੀ ਗਰੀਬੀ ਅਤੇ ਬਦਹਾਲੀ ਵਰਗੀਆਂ ਸੱਮਸਿਆਵਾਂ ਦੀ ਮੁੱਖ ਵਜ੍ਹਾ ਨਹੀਂ ਹੈ।

ਅੱਛਾ ਚੱਲੋ, ਹੁਣ ਇਹ ਪਤਾ ਲਗਾਉਂਦੇ ਹਾਂ ਕਿ ਇਕ ਇੱਜ਼ਤਦਾਰ ਆਰਾਮਦਾਇਕ ਜਿੰਦਗੀ ਬਸਰ ਕਰਨ ਲਈ ਕਿਹੜੀਆਂ-ਕਿਹੜੀਆਂ ਬੁਨਿਆਦੀ ਲੋੜਾਂ ਹਨ ਅਤੇ ਉਹਨਾਂ ਸਭ ਨੂੰ ਮੁਹੱਈਆ ਕਰਵਾਉਣ 'ਚ ਕਿੰਨਾਂ ਖਰਚ ਆਵੇਗਾ ? ਮੇਰੇ ਹਿਸਾਬ ਨਾਲ ਆਮ ਸਹਿਮਤੀ ਇਸ 'ਤੇ ਬਣੇਗੀ ਕਿ ਸਾਰਿਆਂ ਨੂੰ ਇਕ ਘੱਟੋ-ਘੱਟ ਪੱਧਰ ਤੱਕ ਦੀ ਸਿਖਿਆ ਮਿਲਣੀ ਚਾਹੀਦੀ ਹੈ,

ਟੇਬਲ-2

ਦੁਨੀਆਂ ਵਿੱਚ ਹਰੇਕ ਵਿਅਕਤੀ ਨੂੰ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਉਣ 'ਤੇ ਵਾਧੂ ਖਰਚ

ਮੁੱਢਲੀਆਂ ਸਹੂਲਤਾਂ	ਵਾਧੂ ਖਰਚ
ਸਾਰਿਆਂ ਲਈ ਮੁੱਢਲੀ ਸਿੱਖਿਆ	6 ਅਰਬ ਡਾਲਰ
ਪੀਣ ਲਈ ਪਾਣੀ ਅਤੇ ਸਾਫ ਸੁਥਰਾ ਆਲਾ-ਦੁਆਲਾ ਬਣਾਈ ਰੱਖਣ ਲਈ	9 ਅਰਬ ਡਾਲਰ
ਮੁੱਢਲੀਆਂ ਸਿਹਤ ਸਹੂਲਤਾਂ ਅਤੇ ਲੋੜੀਦਾ ਪੋਸ਼ਣ	13 ਅਰਬ ਡਾਲਰ
ਔਰਤਾਂ ਲਈ ਪ੍ਰਜਣਨ ਸਬੰਧੀ ਸਿਹਤ ਸਹੂਲਤਾਂ	12 ਅਰਬ ਡਾਲਰ
ਕੁੱਲ	40 ਅਰਬ ਡਾਲਰ

(ਸਰੋਤ : ਹਿਊਮਨ ਡਿਵਲਪਮੈਂਟ ਰਿਪੋਰਟ 1998 ਓਵਰਵਿਊ)

ਟੇਬਲ-3

ਕੁਝ ਵਿਸ਼ੇਸ਼ ਕੈਟਾਗਰੀਆਂ 'ਤੇ ਸਾਲਾਨਾ ਖਰਚ ਦਾ ਵੇਰਵਾ

ਕੈਟਾਗਰੀ	ਸਾਲਾਨਾ ਖਰਚਾ
ਅਮਰੀਕਾ 'ਚ ਸੁੰਦਰਤਾਵਰਧਕ ਸਮੱਗਰੀ 'ਤੇ ਖਰਚਾ	8 ਅਰਬ ਡਾਲਰ
ਯੂਰਪ 'ਚ ਆਈਸਕਰੀਮ 'ਤੇ ਖਰਚਾ	11 ਅਰਬ ਡਾਲਰ
ਅਮਰੀਕਾ ਤੇ ਯੂਰਪ 'ਚ ਇਤਰ/ਪਰਫਿਊਮ 'ਤੇ ਖਰਚਾ	12 ਅਰਬ ਡਾਲਰ
ਯੂਰਪ ਤੇ ਅਮਰੀਕਾ 'ਚ ਪਾਲਤੂ ਜਾਨਵਰਾਂ ਦੇ ਖਾਣੇ 'ਤੇ ਖਰਚਾ	17 ਅਰਬ ਡਾਲਰ
ਜਾਪਾਨ 'ਚ ਵਪਾਰਕ ਮਨੋਰੰਜਨ 'ਤੇ ਖਰਚਾ	35 ਅਰਬ ਡਾਲਰ
ਯੂਰਪ 'ਚ ਸਿਗਰਟ 'ਤੇ ਖਰਚਾ	50 ਅਰਬ ਡਾਲਰ
ਦੁਨੀਆਂ ਭਰ 'ਚ ਪੀਣ ਵਾਲੇ ਨਸ਼ਿਆਂ 'ਤੇ ਖਰਚਾ	400 ਅਰਬ ਡਾਲਰ
ਦੁਨੀਆਂ ਭਰ 'ਚ ਫੌਜੀ ਤਾਕਤ ਅਤੇ ਹਥਿਆਰਾਂ 'ਤੇ ਖਰਚਾ (2009)	1300 ਅਰਬ ਡਾਲਰ
ਪਿਛੇ ਜਿਹੇ ਆਈ ਮੰਦੀ ਤੋਂ ਉਭਰਨ ਲਈ ਅਮਰੀਕੀ ਸਰਕਾਰ ਦੁਆਰਾ ਦਿੱਤੇ ਬੇਲ ਆਉਟ ਪੈਕੇਜ (2009)	700 ਅਰਬ ਡਾਲਰ
ਸ਼ੇਅਰ ਬਾਜ਼ਾਰ ਦੇ ਭਿਆਨਕ ਰੂਪ 'ਚ ਡਿੱਗ ਜਾਣ ਤੇ ਮੰਦੀ ਕਾਰਨ ਹੋਇਆ ਨੁਕਸਾਨ (2009)	970 ਅਰਬ ਡਾਲਰ
ਯੂਰਪ 'ਚ ਸ਼ਰਾਬ 'ਤੇ ਖਰਚਾ	105 ਅਰਬ ਡਾਲਰ

(ਸਰੋਤ : ਹਿਊਮਨ ਡਿਵਲਪਮੈਂਟ ਰਿਪੋਰਟ 1998 ਓਵਰਵਿਊ)

ਪੀਣ ਅਤੇ ਹੋਰ ਰੋਜ਼ਾਨਾ ਕੰਮ ਲਈ ਸਵੱਛ ਪਾਣੀ ਅਤੇ ਸਾਫ਼-ਸੁਥਰਾ ਮਾਹੌਲ, ਸਭ ਨੂੰ ਕਾਫ਼ੀ ਪੋਸ਼ਣ ਅਤੇ ਸਿਹਤ ਸੁਵਿਧਾ ਅਤੇ ਕਿਉਂਕਿ ਜਾਤੀ ਨੂੰ ਬਣਾਈ ਰੱਖਣ ਅਤੇ ਮਨੁੱਖ ਜਾਤੀ ਦੀ ਸਰਵਪੱਖੀ ਪ੍ਰਗਤੀ ਲਈ ਆਉਣ ਵਾਲੀ ਪੀੜ੍ਹੀ ਦਾ ਸਿਹਤਮੰਦ ਹੋਣਾ ਸਰਵਉੱਤਮ ਮਹੱਤਵ ਰੱਖਦਾ ਹੈ, ਪ੍ਰਜਣਨ ਲਈ ਸਹਾਇਕ ਚਕਿਤਸਾ ਦੀ ਸੁਵਿਧਾ ਸਭ ਨੂੰ ਹੱਕ ਦੇ ਰੂਪ 'ਚ ਮਿਲਣੀ ਚਾਹੀਦੀ ਹੈ। ਪਰ ਇਸ 'ਚ ਤਾਂ ਬਹੁਤ ਖਰਚ ਆਵੇਗਾ! ਜ਼ਾਹਿਰ ਹੈ ਪੂਰੀ ਦੁਨੀਆ ਦੀ ਵਸੋਂ ਦੀ ਗੱਲ ਹੋ ਰਹੀ ਹੈ। ਯੂ.ਐਨ.ਪੀ.ਡੀ. ਨੇ 1998 ਦੀ ਆਪਣੀ ਰਿਪੋਰਟ 'ਚ ਇਸ ਖਰਚ ਦਾ ਇਕ ਮੋਟਾ-ਮੋਟਾ ਅੰਦਾਜ਼ਾ ਲਗਾਇਆ ਹੈ। ਉਹਨਾਂ ਨੇ ਸਾਰੇ ਖੋਜ ਕਾਰਜ ਜ਼ਰੀਏ ਇਸ ਗੱਲ ਦਾ ਅੰਦਾਜਾ ਲਗਾਇਆ ਹੈ ਕਿ ਇਹਨਾਂ ਸੁਵਿਧਾਵਾਂ 'ਤੇ ਵਰਤਮਾਨ 'ਚ ਹੋ ਰਹੇ ਖਰਚ ਤੋਂ ਕਿੰਨਾਂ ਵੱਧ ਖਰਚ ਕਰਨ 'ਤੇ ਸਭ ਨੂੰ ਇਹ ਬੁਨਿਆਦੀ ਸੁਵਿਧਾਵਾਂ ਉਪਲਭਧ ਕਰਵਾਈਆਂ ਜਾ ਸਕਦੀਆਂ ਹਨ।

ਜਿਵੇਂ ਕਿ ਟੇਬਲ-2 ਤੋਂ ਸਮਝ ਬਣਦੀ ਹੈ ਕਿ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ 40 ਅਰਬ ਡਾਲਰ ਦੀ ਵਿਸ਼ਾਲ ਰਕਮ ਖਰਚ ਕਰਨੀ ਪਏਗੀ। ਇਹ ਵਾਕਈ ਇਕ ਵੱਡੀ ਰਕਮ ਹੈ. ਇਹ ਆਵੇਗੀ ਕਿਥੋਂ ? ਜ਼ਾਹਿਰ ਹੈ ਇਹਨਾਂ 15 ਸਾਲਾਂ 'ਚ ਉਹ ਕੁਝ ਹੋਰ ਵੱਧ ਗਈ ਹੋਵੇਗੀ। ਵੇਖਦੇ ਹਾਂ, ਦੁਨੀਆ 'ਚ ਹੋ ਰਹੇ ਅਨੇਕਾਂ ਜ਼ਰੂਰੀ-ਗੈਰਜ਼ਰੂਰੀ ਖਰਚਿਆਂ 'ਚ ਕੁਝ ਕਟੌਤੀ ਕਰਕੇ ਇਹਨਾਂ ਬੁਨਿਆਦੀ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ ਜਾਂ ਨਹੀਂ ? ਹੇਠਾਂ ਦਿੱਤਾ ਟੇਬਲ-3 'ਚ ਕੁੱਝ ਵਿਸ਼ੇਸ਼ ਮੱਦਾਂ ਨਾਲ ਉਹਨਾਂ 'ਤੇ ਸਲਾਨਾ ਖਰਚ ਦਾ ਵੇਰਵਾ ਦਿੱਤਾ ਗਿਆ ਹੈ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਅੰਕੜੇ ਵੀ 1995 ਦੇ ਹਨ ਅਤੇ ਇਸ 'ਚ ਤਾਂ ਪਿਛਲੇ ਦਹਾਕੇ 'ਚ ਗਜ਼ਬ ਦਾ ਵਾਧਾ ਹੋਇਆ ਹੈ।

ਦਬ ਗਈਆਂ ਨਾ ਦੰਦਾਂ ਹੇਠਾਂ ਉਂਗਲੀਆਂ ? ਹੁਣ ਤੁਸੀਂ ਸਿਰ ਖੁਰਕ ਰਹੇ ਹੋਵੋਗੇ ਕਿ ਇੰਨੀ-ਇੰਨੀ "ਗੰਭੀਰ" ਲੋੜਾਂ ਦੇ ਰਹਿੰਦੇ ਆਮ ਵਸੋਂ ਦੀ ਸਿੱਖਿਆ, ਸਿਹਤ, ਪੀਣ ਦਾ ਪਾਣੀ, ਵਰਗੀਆਂ ਮਾਮੂਲੀ ਲੋੜਾਂ ਲਈ ਪੈਸੇ ਕਿਵੇਂ ਨਿਕਲਣਗੇ ? ਹੁਣ ਜੇਕਰ ਅਸੀਂ ਸੁੰਦਰਤਾ-ਵਰਧਕ ਸੱਮਗਰੀ ਨੂੰ ਛੱਡ ਦੇਈਏ, ਜਾਂ ਫਿਰ ਆਈਸਕ੍ਰੀਮ ਖਾਣ ਦੀ ਲਲਕ ਨੂੰ ਬਣੇ ਰਹਿਣ ਦੇਈਏ, ਪਾਲਤੂ ਜਾਨਵਰ ਦੀ ਖ਼ੁਰਾਕ 'ਤੇ ਦਖਲਅੰਦਾਜੀ ਨਾ ਵੀ ਕਰੀਏ, ਤਦ ਵੀ ਮਹਿਜ਼ ਯੂਰਪ 'ਚ ਸਿਗਰੇਟ 'ਤੇ ਸਾਲਾਨਾ ਖਰਚ ਤੋਂ ਬੁਨਿਆਦੀ ਸਾਰੀਆਂ ਲੋੜਾਂ ਦੁਨੀਆ ਭਰ 'ਚ ਉਪਲਬਧ ਕਰਵਾਈਆਂ ਜਾ ਸਕਦੀਆਂ ਹਨ। ਜੇਕਰ ਵਿਕਸਿਤ ਦੇਸ਼ਾਂ 'ਚ ਸ਼ਰਾਬ ਦੇ ਬਿਨਾ ਕੰਮ ਚੱਲੇ, ਤਾਂ ਇਹਨਾਂ ਸਭ ਦੇ ਨਾਲ ਸਭ ਲਈ ਕਾਫ਼ੀ ਰਿਹਾਇਸ਼ ਵੀ ਬਣ ਸਕਦੀ ਹੈ। ਪੀਣ ਵਾਲੇ 'ਚ ਮਹਿਜ਼ 10 ਪ੍ਰਤੀਸ਼ਤ ਕਟੌਤੀ ਕਰਨ 'ਤੇ ਸਾਰੀਆਂ ਬੁਨਿਆਦੀ ਸੁਵਿਧਾਵਾਂ ਸਭ ਨੂੰ ਉਪਲਭਧ ਕਰਵਾਈਆਂ ਜਾ ਸਕਦੀਆਂ ਹਨ। ਹੈ ਨਾ ਹੈਰਾਨੀ ਵਾਲੀ ਗੱਲ! ਅੱਛਾ ਛੱਡੋ, ਭੋਗ-ਵਿਲਾਸ ਦੀਆਂ ਵਸਤੂਆਂ ਨੂੰ ਜੇਕਰ ਛੱਡ ਵੀ ਦਿੱਤਾ ਜਾਵੇ, ਤਾਂ ਦੁਨੀਆ ਭਰ 'ਚ ਜਿਥੇ ਸਭ ਤੋਂ ਜ਼ਿਆਦਾ ਖ਼ਰਚ ਹੁੰਦਾ ਹੈ, ਉਹ ਸੈਨਿਕ ਤਾਕਤ ਅਤੇ ਹਥਿਆਰਾਂ 'ਚ। ਵਰਤਮਾਨ ਸਮੇਂ 'ਚ ਕਰੀਬਨ 13 ਖਰਬ ਡਾਲਰ ਸਿਰਫ਼ ਮਰਨ-ਮਰਾਉਣ 'ਤੇ ਖ਼ਰਚ ਹੋ ਜਾਂਦਾ ਹੈ। ਉਹ ਵੀ ਸਰਕਾਰੀ ਖ਼ਰਚ। ਆਮ ਲੋਕਾਂ ਦੇ ਲਹੂ-ਪਸੀਨੇ ਤੋਂ ਉਪਜਿਆ ਪੈਸਾ। ਇਸ 'ਚ ਨਿੱਜੀ ਗੈਰ-ਸਰਕਾਰੀ ਹਥਿਆਰ, ਬਲ ਤਾਂ ਅਜੇ ਸ਼ਾਮਿਲ ਹੀ ਨਹੀਂ। ਇਸ ਰਕਮ ਦਾ ਜੇਕਰ ਸਿਰਫ਼ ਤਿੰਨ ਪ੍ਰਤੀਸ਼ਤ ਖਰਚ ਕੀਤਾ ਜਾਵੇ, ਤਾਂ ਦੁਨੀਆਂ ਦੀ ਪੂਰੀ ਮੌਜੂਦਾ ਵਸੋਂ ਸਭ ਬੁਨਿਆਦੀ ਸੁਵਿਧਾਵਾਂ ਦੇ ਨਾਲ ਜੀਅ ਸਕੇਗੀ। ਕੀ ਇਹ ਇਕ ਨਾਜਾਇਜ਼ ਕਟੌਤੀ ਹੈ ? ਅਤੇ ਕੀ ਪਤਾ ਜੀਵਨ-ਪੱਧਰ ਬਿਹਤਰ ਹੋਣ 'ਤੇ ਸ਼ਾਇਦ ਇੰਨੀ ਵੱਡੀ ਗਿਣਤੀ 'ਚ ਮਰਨ-ਮਰਾਉਣ ਦੀ ਲੋੜ ਖ਼ਤਮ ਹੋ ਜਾਵੇ।

ਆਓ ਇਕ ਹੋਰ ਵਿਸ਼ਾਲ ਖਰਚ-ਸ਼ੇਅਰ-ਮਾਰਕੀਟ, ਦਾ ਵੀ ਥੋੜਾ ਵਿਸ਼ਲੇਸ਼ਣ ਕਰੀਏ। ਜ਼ਿਆਦਾ ਡੂੰਘਾਈ 'ਚ ਨਾ ਜਾਂਦੇ ਹੋਏ ਬਸ ਇਹ ਸਮਝੀਏ ਕਿ ਸ਼ੇਅਰ ਮੰਡੀ ਦੀ ਸੱਟੇਬਾਜ਼ੀ

ਕਾਰਨ ਪਿਛਲੇ ਸਾਲ ਦੁਨੀਆਂ ਦੇ ਅਰਥਚਾਰੇ 'ਚ ਹਜ਼ਾਰਾਂ ਅਰਬ ਰੁਪਇਆਂ ਦਾ ਨੁਕਸਾਨ ਹੋਇਆ, ਕਰੋੜਾਂ ਲੋਕਾਂ ਬੇਘਰ ਹੋ ਗਏ, ਦਸਾਂ ਲੱਖ ਦੀ ਨੌਕਰੀ ਚਲੀ ਗਈ, ਸੈਂਕੜੇ ਸਾਲ ਪਰਾਣੇ ਬੈਂਕ ਢਹਿ ਗਏ, ਦਹਿ ਕਰੋੜ ਲੋਕਾਂ ਦੀ ਜਿੰਦਗੀ ਭਰ ਦੀ ਪੂੰਜੀ ਸਾਫ਼ ਹੋ ਗਈ। ਦੁਨੀਆ ਭਰ 'ਚ ਆਰਥਿਕ ਮੰਦੀ ਦਾ ਇਹ ਵਿਕਰਾਲ ਪ੍ਰਕੋਪ ਕਿਸੇ ਸੰਸਾਰ ਜੰਗ ਤੋਂ ਘੱਟ ਵਿਨਾਸ਼ਕਾਰੀ ਨਹੀਂ ਸੀ। ਹੁਣ ਤੁਸੀਂ ਹੀ ਦੱਸੋ ਕਿ ਖ਼ਰਚ ਦੀ ਸੂਚੀ ਕੀ ਸਾਫ਼-ਸਾਫ਼ ਇਹ ਨਹੀਂ ਦਰਸਾਉਂਦੀ ਕਿ ਦੁਨੀਆਂ ਦੇ ਕਰਤੇ-ਧਰਤਿਆਂ ਦੀ ਪਹਿਲ 'ਚ ਗਰੀਬੀ, ਅਸਿੱਖਿਆ, ਕੁਪੋਸ਼ਣ, ਖਰਾਬ ਸਿਹਤ, ਬੇਰੁਜ਼ਗਾਰੀ, ਬਦਹਾਲੀ ਵਰਗੀਆਂ ਸੱਮਸਿਆਵਾਂ ਹਨ ਹੀ ਨਹੀਂ। ਮੂੰਹ 'ਚੋਂ ਇਹ ਪ੍ਰਤਾਪੀ ਜਮਾਤ ਭਾਵੇਂ ਕੁਝ ਵੀ ਕਹੇ, ਉਸਦੀ ਕਥਨੀ ਅਤੇ ਕਰਨੀ 'ਚ ਪਾੜਾ ਕਾਫ਼ੀ ਵਿਸ਼ਾਲ ਹੈ। ਸ਼ਾਇਦ ਇਸ ਲਈ ਜਦੋਂ-ਜਦੋਂ ਗਰੀਬ ਬਹੁਗਿਣਤੀ ਇਹਨਾਂ ਦੇ ਵਿਰੁੱਧ ਜਵਾਬਦੇਹੀ ਦੀ ਉਮੀਦ ਕਰਦੀ ਹੈ, ਤਾਕਤਵਰ ਲੋਕ ਉਹਨਾਂ ਨੂੰ ਕੁਚਲਣ ਦਾ ਪ੍ਰੋਗ੍ਰਾਮ ਬਣਾਉਂਦੇ ਹਨ। ਇਰਾਕ-ਅਫ਼ਗਾਨਿਸਤਾਨ ਦੀ ਜੰਗ 'ਚ ਅਮਰੀਕਾ ਨੇ ਹੁਣ ਤੱਕ 7,000 ਲੱਖ ਡਾਲਰ ਖਰਚ ਕਰ ਦਿੱਤਾ ਅਤੇ ਤਮਾਮ ਦਿਲਾਸਿਆਂ ਮਗਰੋਂ ਵੀ ਉਥੇ ਹੀ ਟਿਕਿਆ ਹੋਇਆ ਹੈ। ਗਰੀਬੀ ਹਟਾਉਣ ਦੀ ਬਜਾਏ ਅਰਬਾਂ ਰੁਪਏ ਹੋਰ ਡਾਲਰ ਗਰੀਬਾਂ ਨੂੰ ਹਟਾਉਣ 'ਚ ਲਗਾ ਦਿੱਤੇ ਹਨ, ਪਰ ਦੁਨੀਆ 'ਚ ਨਾਬਰਾਬਰੀ ਦਾ ਵਿਸ਼ਾਲ ਪਾੜਾ ਜ਼ਰਾ ਭਰ ਵੀ ਨਹੀਂ ਭਰਦਾ, ਸਗੋਂ ਹੋਰ ਵਿਸ਼ਾਲ ਹੁੰਦਾ ਜਾਂਦਾ ਹੈ। ਤੁਸੀਂ ਹੀ ਦੱਸੋ, ਥੋੜ੍ਹਾ ਖ਼ੂਨ-ਖਰਾਬਾ ਘੱਟ ਕਰਨ ਦਾ ਯਤਨ ਅਤੇ ਬਸ ਥੋੜ੍ਹਾ ਹੀ ਸੱਟੇਬਾਜ਼ੀ ਘੱਟ ਕਰਨ ਦੀ ਬੇਨਤੀ, ਕੀ ਇਕ ਨਾਜਾਇਜ਼ ਮੰਗ ਹੈ? ਜਵਾਬ ਦੇਣ ਤੋਂ ਪਹਿਲਾਂ ਉਸ ਜਨਮ ਲੈਂਦੇ ਹੀ ਮੌਤ ਦੀ ਤਿਆਰੀ ਕਰਨ ਵਾਲੇ ਬੱਚੇ ਦਾ ਚਿਹਰਾ ਯਾਦ ਕਰ ਲਓ, ਸ਼ਾਇਦ ਜਵਾਬ ਦੇਣਾ ਫਿਰ ਓਨਾ ਮੁਸ਼ਕਿਲ ਨਾ ਹੋਵੇ?

ਇੰਨੇ ਸਾਰੇ ਤਰਕਾਂ ਦੇ ਅਧਾਰ 'ਤੇ ਕੀ ਅਸੀਂ ਇਹ ਨਿਚੋੜ ਕੱਢੀਏ ਕਿ ਵਸੋਂ ਸੱਮਸਿਆ ਹੈ ਹੀ ਨਹੀਂ? ਆਓ, ਸਫ਼ਰ ਦੇ ਇਸ ਆਖ਼ਿਰੀ ਪੜਾਅ 'ਚ ਇਸ 'ਤੇ ਵੀ ਚਰਚਾ ਕਰਦੇ ਹਾਂ। ਸਭ ਤੋਂ ਪਹਿਲਾਂ ਅਸੀਂ ਇਹ ਸਮਝ ਬਣਾਈਏ ਕਿ ਵਸੋਂ ਵਧਦੀ ਕਿਉਂ ਹੈ? ਜਨਮ-ਦਰ ਬਾਰੇ ਅਸੀਂ ਕਾਫ਼ੀ ਚਰਚਾ ਕੀਤੀ ਹੈ, ਪਰ ਉਸਤੋਂ ਇਲਾਵਾ ਮੌਤ ਦਰ 'ਚ ਵੀ ਕਮੀ, ਜਾਂ ਫਿਰ ਦੂਜੀ ਤਰ੍ਹਾਂ ਕਹੋ ਤਾਂ ਔਸਤ ਸੰਭਾਵਿਤ ਉਮਰ 'ਚ ਵਾਧੇ ਤੋਂ ਵੀ ਵਸੋਂ ਵੱਧਦੀ ਹੈ। ਲੋਕ ਜ਼ਿਆਦਾਤਰ ਲੰਮੀ ਉਮਰ ਤੱਕ ਜੀਵਤ ਰਹਿਣਗੇ, ਤਾਂ ਜ਼ਾਹਿਰ ਹੈ ਕਿ ਵਸੋਂ ਆਪਣੇ ਆਪ ਵਧੇਗੀ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ 1950-55 'ਚ ਦੁਨੀਆ ਭਰ ਦਾ ਔਸਤ ਸੰਭਾਵਿਤ ਜੀਵਨ ਕਾਲ ਤਕਰੀਬਨ 46 ਸਾਲ ਹੋਇਆ ਕਰਦਾ ਸੀ। ਇਕ ਅੱਧੀ ਸਦੀ ਦੇ ਅੰਤਰਾਲ 'ਚ ਹੀ ਇਹ 20 ਸਾਲ ਵੱਧ ਕੇ 2000-2005 'ਚ 65 ਸਾਲ ਹੋ ਗਿਆ। ਵਿਕਸਿਤ ਦੇਸ਼ਾਂ 'ਚ ਤਾਂ ਔਸਤ ਵੱਧ ਕੇ ਸੰਭਾਵਿਤ ਉਮਰ 80 ਸਾਲ ਨੂੰ ਛੂਹ ਰਹੀ ਹੈ - ਵਿਕਾਸਸ਼ੀਲ ਮੁਲਕਾਂ 'ਚ ਵੀ ਉਹ ਕਰੀਬਨ 63-65 ਸਾਲ ਹੈ. ਇਸਦੇ ਮੁਕਾਬਲੇ 1850 ਦੇ ਆਸਪਾਸ ਇੰਗਲੈਂਡ ਦੀ ਸੂਤੀ ਮਿਲਾਂ ਦੇ ਗੜ੍ਹ ਲੰਕਾਸ਼ਾਇਰ 'ਚ ਔਸਤ ਮੌਤ ਦੀ ਉਮਰ ਮਹਿਜ਼ 17 ਸਾਲ ਹੋਇਆ ਕਰਦੀ ਸੀ (ਪੂੰਜੀ, ਭਾਗ 1)। ਦੁਨੀਆ ਦੀ ਵਸੋਂ 'ਚ ਸਲਾਨਾ ਵਾਧੇ ਦੀ ਦਰ ਪਿਛਲੇ ਚਾਲੀ-ਪੰਤਾਲੀ ਸਾਲਾਂ 'ਚ ਲਗਾਤਾਰ ਘਟੀ ਹੈ। 1965 'ਚ ਸਲਾਨਾ ਵਸੋਂ 'ਚ ਵਾਧੇ ਦੀ ਦਰ ਤਕਰੀਬਨ 2.1 ਪ੍ਰਤੀਸ਼ਤ ਸੀ, ਜਿਹੜੀ ਘੱਟ ਕੇ ਮਹਿਜ਼ 1.14 ਪ੍ਰਤੀਸ਼ਤ ਰਹਿ ਗਈ ਹੈ। ਭਾਰਤ 'ਚ ਇਹ ਦਰ ਸੰਨ 1986 'ਚ 2.16 ਪ੍ਰਤੀਸ਼ਤ ਹੋਇਆ ਕਰਦੀ ਸੀ, ਜਿਹੜੀ ਘੱਟ ਕੇ ਸੰਨ 2008 'ਚ 1.34 ਪ੍ਰਤੀਸ਼ਤ ਹੋ ਗਈ (ਵਰਲਡ ਬੈਂਕ ਡੇਵੇਲਪਮੈਂਟ ਇੰਡੀਕੇਟਰਸ)। ਯਾਨੀ ਵਸੋਂ ਵਧਣ ਦੀ ਮੁੱਖ ਵਜ੍ਹਾ ਇਹ ਨਹੀਂ ਹੈ ਕਿ ਅਸੀਂ ਬੇਲਗਾਮ ਖਰਗੋਸ਼ਾਂ ਦੀ ਤਰਾਂ ਝੁੰਡ ਦੇ ਝੁੰਡ ਬੱਚੇ ਪੈਦਾ ਕਰਦੇ ਜਾ ਰਹੇ ਹਾਂ, ਸਗੋਂ ਸ਼ਾਇਦ ਕੀੜੇ-ਮਕੌੜੇ ਜਾਂ ਮੱਖੀਆਂ ਦੀ ਤਰ੍ਹਾਂ ਬੇਮੌਤ ਮਰ ਨਹੀਂ ਰਹੇ ਹਾਂ। ਕਿਸੇ ਵੀ ਸਮੂਹ ਲਈ ਇਹ ਇਕ ਸ਼ਾਨਦਾਰ ਪ੍ਰਾਪਤੀ ਹੈ, ਇਕ ਬੇਹੱਦ ਖ਼ੁਸ਼ੀ, ਅਤੇ ਮਾਣ ਦੀ ਗੱਲ! ਪਰ ਹੈਰਾਨੀ ਦੀ ਗੱਲ ਹੈ ਕਿ ਸਾਡੀ ਸਰਕਾਰ, ਨੀਤੀ ਬਣਾਉਣ ਵਾਲੇ ਮਾਹਰ, ਅਮੀਰ ਜਮਾਤ, ਬੁੱਧੀਜੀਵੀ ਤਬਕਾ ਅਤੇ ਕਾਫ਼ੀ ਗਿਣਤੀ 'ਚ ਮੱਧਵਰਗੀ ਲੋਕ ਵੀ ਇਸਦਾ ਮਾਤਮ ਮਨਾ ਰਹੇ ਹਨ। ਕੀ ਉਹ ਇਸ ਗੱਲ ਨਾਲ ਖ਼ੁਸ਼ ਨਹੀਂ ਹਨ ਕਿ ਜਿਥੇ ਸਾਡੇ ਦਾਦਾ-ਨਾਨਾ, 40-42 ਸਾਲ 'ਚ ਹੀ ਮੌਤ ਦੀ ਤਿਆਰੀ 'ਚ ਜੁਟ ਜਾਂਦੇ ਸਨ, ਉਥੇ ਅੱਜ ਜ਼ਿਆਦਾਤਰ ਲੋਕ 65-70 ਸਾਲ ਤੱਕ ਤਿਆਰ ਅਤੇ ਮੁੰਕਮਲ ਤੌਰ 'ਤੇ ਜਿੰਦਗੀ ਜੀਣ ਦੀ ਸੰਭਾਵਨਾ ਰੱਖਦੇ ਹਨ?

ਸਾਡਾ ਮੰਨਣਾ ਹੈ ਕਿ ਇਹਨਾਂ ਸਮਝਦਾਰਾਂ ਨੂੰ ਵਸੋਂ ਨਾਲ ਜੁੜੀ ਫੌਰੀ ਇਕ ਵਿਕਰਾਲ ਸੱਮਸਿਆ 'ਤੇ ਗੌਰ ਕਰਨਾ ਚਾਹੀਦਾ ਹੈ। ਕਿਸੇ ਵੀ ਸਮਾਜ ਦਾ ਸਭ ਤੋਂ ਮੱਹਤਵਪੂਰਨ ਸਰੋਤ, ਮਨੁੱਖੀ ਸਰੋਤ ਹਨ- ਸਿਹਤਮੰਦ, ਤਾਕਤਵਰ ਬੱਚੇ ਅਤੇ ਨੌਜਵਾਨ ਵਰਗ। ਹੁਣ ਇਹ ਡੂੰਘੀ ਚਿੰਤਾ ਦੀ ਗੱਲ ਹੈ ਕਿ ਦੁਨੀਆਂ ਦੇ ਕਈ ਦੇਸ਼ਾਂ 'ਚ ਜਨਮ-ਦਰ ਇੰਨੀ ਵੀ ਨਹੀਂ ਹੈ ਕਿ ਵਸੋਂ ਅੱਜ ਦੀ ਪੱਧਰ ਤੱਕ ਵੀ ਬਣੀ ਰਹੇ। ਰੂਸ, ਜਰਮਨੀ, ਚੈਕ ਰਿਪਬਲਿਕ, ਪੌਲੈਂਡ, ਇਟਲੀ, ਜਪਾਨ ਅਤੇ ਆਸਟਰੀਆ ਵਰਗੇ ਮੁਲਕਾਂ 'ਚ ਤਾਂ ਵਸੋਂ ਦੀ ਵਾਧਾ ਦਰ ਜ਼ੀਰੋ ਤੋਂ ਘੱਟ ਹੈ— ਯਾਨੀ ਉਹਨਾਂ ਦੀ ਵਸੋਂ ਕ੍ਰਮਵਾਰ ਘੱਟਦੀ ਜਾ ਰਹੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਦੁਨੀਆਂ ਦੀ ਵਸੋਂ, ਜਿਹੜੀ ਅੱਜ ਤਕਰੀਬਨ 6.5 ਅਰਬ ਹੈ, ਸੰਨ 2040 ਤੱਕ ਤਾਂ ਰੇਂਗਦੀ ਹੋਈ ਵਧੇਗੀ ਅਤੇ 7.6 ਅਰਬ ਤੱਕ ਪਹੁੰਚ ਜਾਵੇਗੀ, ਉਸ ਮਗਰੋਂ ਸਾਲ-ਦਰ-ਸਾਲ ਘਟੇਗੀ ਅਤੇ ਇੱਕੀਵੀਂ ਸਦੀ ਦੇ ਅੰਤ ਤੱਕ ਉਹ ਘੱਟ ਕੇ ਪੰਜ ਅਰਬ ਰਹਿ ਜਾਵੇਗੀ। ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਉਸ ਵਸੋਂ 'ਚ ਬੱਚੇ ਅਤੇ ਨੌਜਵਾਨ ਵਰਗ ਦੇ ਲੋਕਾਂ ਦਾ ਅਨੁਪਾਤ ਅੱਜ ਦੇ ਮੁਕਾਬਲੇ ਕਿਤੇ ਘੱਟ ਹੋਵੇਗਾ। ਅੱਜ ਵੀ ਕਈ ਵਿਕਸਿਤ ਦੇਸ਼ਾਂ 'ਚ ਵਸੋਂ ਦੀ ਔਸਤ ਉਮਰ 35 ਤੋਂ 50 ਵਰ੍ਹੇ ਹਨ, ਪਰ ਇਸ ਸਦੀ ਦੇ ਅੰਤ ਤੱਕ ਬਹੁਗਿਣਤੀ ਲੋਕ 65 ਜਾਂ ਉਸਤੋਂ ਜ਼ਿਆਦਾ ਉਮਰ ਦੇ ਹੋਣਗੇ। ਇਹ ਹਾਲ ਸਿਰਫ਼ ਯੂਰਪ, ਅਮਰੀਕਾ 'ਚ ਹੀ ਨਹੀਂ, ਸਗੋਂ ਚੀਨ, ਭਾਰਤ ਅਤੇ ਅਫ਼ਰੀਕੀ ਦੇਸ਼ਾਂ 'ਚ ਵੀ ਹੋਵੇਗਾ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਇਸ ਭਿਅੰਕਰ ਮੁਸੀਬਤ

(**ਸਫਾ 3 'ਤੇ ਜਾਰੀ**)

ਆਸਥਾ ਆਧਾਰਿਤ ਫਲਸਫ਼ਿਆਂ ਨਾਲ
ਵਿਗਿਆਨ ਦੀ ਟੱਕਰ ਲਗਾਤਾਰ ਜਾਰੀ ਹੈ।

• ਸੰਨੀ

ਵਿਗਿਆਨ ਕੀ ਹੈ ? ਅੱਜ ਜਿਹੜਾ ਇਸ ਦਾ ਸਰੂਪ ਹੈ ਉਹ ਇਸਨੇ ਕਿਵੇਂ ਅਖ਼ਤਿਆਰ ਕੀਤਾ ? ਮਨੁੱਖ ਆਪਣੇ ਪਦਾਰਥਕ ਉਤਪਾਦਨ ਲਈ ਕੀਤੇ ਗਏ ਸਮਾਜਿਕ ਅਭਿਆਸ ਨਾਲ ਇੰਦਰੀਆਵੀ ਗਿਆਨ ਹਾਸਲ ਕਰਦਾ ਹੈ। ਇਸ ਇੰਦਰੀਆਵੀ ਗਿਆਨ ਦੇ ਅਣਗਣਿਤ ਦੁਹਰਾਵਾਂ ਮਗਰੋਂ ਉਹ ਉਸਦਾ ਸਾਧਾਰਣੀਕਰਨ ਕਰਦਾ ਹੈ ਅਤੇ ਬੁੱਧੀਸੰਗਤ ਗਿਆਨ ਦੇ ਪੜਾਅ ਤੱਕ ਪਹੁੰਚਦਾ ਹੈ। ਇਹ ਵਿਗਿਆਨ ਵੱਲ ਉਸਦਾ ਪਹਿਲਾ ਕਦਮ ਹੁੰਦਾ ਹੈ। ਮਗਰੋਂ ਬੁੱਧੀਸੰਗਤ ਗਿਆਨ ਦੇ ਵਿਰਾਟ ਸਮੂਹ ਨੂੰ ਉਹ ਵਿਸ਼ੇਸ਼ੀਕ੍ਰਿਤ ਕਰਦਾ ਹੈ ਅਤੇ ਗਿਆਨ ਦੀ ਵੱਖ-ਵੱਖ ਸ਼ਾਖਾਵਾਂ 'ਚ ਵੰਡ ਕਰਦਾ ਹੈ। ਇਹ ਵਿਗਿਆਨ ਵੱਲ ਉਸਦਾ ਦੂਸਰਾ ਕਦਮ ਹੁੰਦਾ ਹੈ। ਇਸ ਮਗਰੋਂ ਵੱਖ-ਵੱਖ ਸ਼ਾਖਾਵਾਂ 'ਚ ਗਿਆਨ ਆਪਣੀ ਵਿਸ਼ਾ-ਵਸਤੂ ਦੇ ਅਧਿਐਨ ਨੂੰ ਅਭਿਆਸ ਅਤੇ ਸਿਧਾਂਤ ਦੇ ਅੰਤਹੀਣ ਸਿਲਸਿਲੇ ਨਾਲ ਅੱਗੇ ਵਿਕਸਿਤ ਕਰਦਾ ਜਾਂਦਾ ਹੈ। ਇਸੇ ਪ੍ਰਕਿਰਿਆ 'ਚ ਵਿਗਿਆਨ ਵਿਕਸਿਤ, ਵਿਸ਼ੇਸ਼ੀਕ੍ਰਿਤ ਅਤੇ ਉੱਨਤ ਹੁੰਦਾ ਜਾਂਦਾ ਹੈ। ਇਸ ਪੂਰੀ ਪ੍ਰਕਿਰਿਆ 'ਚ ਮਨੁੱਖ ਦਾ ਸਮਾਜਿਕ ਅਭਿਆਸ ਬੇਹੱਦ ਅਹਿਮ ਭੂਮਿਕਾ ਨਿਭਾਉਂਦਾ ਹੈ। ਸਭਿਅਤਾ ਦੇ ਉੱਨਤ ਹੁੰਦੇ ਜਾਣ ਨਾਲ ਸਮਾਜਿਕ ਅਭਿਆਸ ਅਣਗਣਿਤ ਜਟਿਲ ਅਤੇ ਵਨਸਵੰਨਪੂਰਣ ਰੂਪ ਅਖਤਿਆਰ ਕਰਦਾ ਗਿਆ ਹੈ। ਆਪਣੇ ਉੱਨਤ ਸਿਖ਼ਰਾਂ 'ਤੇ ਉਹ ਆਪਣੀ ਬੁਨਿਆਦ, ਯਾਣੀ ਉਤਪਾਦਕ ਅਭਿਆਸ ਤੋਂ ਕਟਿਆ ਹੋਇਆ ਨਜ਼ਰ ਆਉਂਦਾ ਹੈ। ਪਰ ਨਜ਼ਦੀਕੀ ਨਾਲ ਵਿਸ਼ਲੇਸ਼ਣ ਕਰਨ 'ਤੇ ਅਸੀਂ ਦੇਖਦੇ ਹਾਂ ਕਿ ਅੱਜ ਵੀ ਗਿਆਨ ਦੀਆਂ ਸਾਰੀਆਂ ਸ਼ਖਾਵਾਂ ਦੀ, ਜਿਹਨਾਂ ਨੂੰ ਅਸੀਂ ਵਾਕਈ ਵਿਗਿਆਨ ਕਹਿ ਸਕਦੇ ਹਾਂ, ਬੁਨਿਆਦ ਉਤਪਾਦਕ ਅਤੇ ਸਮਾਜਿਕ ਅਭਿਆਸ ਹੀ ਹੈ। ਇਹ ਸਮਾਜਿਕ ਅਭਿਆਸ ਲਗਾਤਾਰ ਚਲਦਾ ਰਹਿੰਦਾ ਹੈ ਅਤੇ ਵਿਗਿਆਨ ਦੇ ਅਗਲੇਰੇ ਵਿਕਾਸ ਦੀ ਜ਼ਮੀਨ ਇਸਦੇ ਅਧਾਰ 'ਤੇ ਤਿਆਰ ਹੁੰਦੀ ਰਹਿੰਦੀ ਹੈ। ਵਿਗਿਆਨਕ ਸਿਧਾਂਤ ਅਤੇ ਅਭਿਆਸ ਦੇ ਮੇਲ ਜ਼ਰੀਏ ਨਵੀਆਂ ਅਤੇ ਬਿਹਤਰ ਤਕਨੀਕਾਂ ਪੈਦਾ ਹੁੰਦੀਆਂ ਹਨ ਜਿਹੜੀਆਂ ਕਿ ਮੁੜ ਵਿਵਸਥਿਤ ਸਮਾਜਿਕ ਅਭਿਆਸ ਜ਼ਰੀਏ ਹੋਰ ਉੱਨਤ ਗਿਆਨ ਪੈਦਾ ਕਰਦੀਆਂ ਹਨ, ਜਿਹੜੀ ਸ਼ੁਰੂਆਤੀ ਮੰਜ਼ਲ 'ਤੇ ਅੰਕੜਿਆਂ ਅਤੇ ਡੈਟਾ ਦੇ ਰੂਪ 'ਚ ਹੁੰਦਾ ਹੈ। ਵਿਗਿਆਨ ਦਾ ਲਗਾਤਾਰ ਸੰਗ੍ਰਹਿ ਹੁੰਦਾ ਹੈ। ਵਿਗਿਆਨ ਧਰਤੀ ਤੋਂ ਲੈ ਕੇ ਬ੍ਰਹਿਮੰਡ ਤੱਕ ਦੀ ਉੱਤਪਤੀ, ਪੱਤਿਆਂ ਦੇ ਪੀਲੇ ਹੋਣ ਤੋਂ ਲੈ ਕੇ ਬਿਜਲੀ ਚਮਕਣ ਤੱਕ, ਹੋਰ ਵੀ ਸਾਰੀਆਂ ਅਨੁਭਵ ਹੋ ਸਕਣ ਵਾਲੀਆਂ, ਪ੍ਰਤੱਖ ਅਤੇ ਅਪ੍ਰਤੱਖ, ਕੁਦਰਤੀ ਘਟਨਾਵਾਂ ਦੇ ਕਾਰਨਾਂ ਦੀ ਤਲਾਸ਼ ਕਰਦਾ ਹੈ ਅਤੇ ਇਹਨਾਂ ਦਾ ਬਾਖੂਬੀ ਜਵਾਬ ਵੀ ਦਿੰਦਾ ਹੈ। ਇਹ ਸੂਖ਼ਮ ਤੋਂ ਸੂਖ਼ਮ ਗਤੀ ਤੋਂ ਲੈ ਕੇ ਵਿਰਾਟ ਬ੍ਰਹਿਮੰਡ ਦੇ ਨਿਯਮਾਂ ਦਾ ਸੂਤਰੀਕਰਨ ਕਰਦਾ ਹੈ। ਵਿਗਿਆਨ ਅੱਜ ਜਿਸ ਰੂਪ 'ਚ ਹੈ, ਇਹ ਤਾਰਕਿਕ ਰੂਪ ਇਸ ਨੇ ਇਤਿਹਾਸ ਦੇ ਲੰਮੇਂ ਸੰਘਰਸ਼ਾਂ ਮਗਰੋਂ ਹੀ ਹਾਸਿਲ ਕੀਤਾ ਹੈ।

ਜਦੋਂ ਤੱਕ ਵਿਗਿਆਨ ਨੇ ਪੰਘੂੜੇ ਤੋਂ ਬਾਹਰ ਨਿਕਲ ਕੇ ਪੈਰਾਂ 'ਤੇ ਚੱਲਣਾ ਸਿੱਖਿਆ ਹੈ, ਇਸਨੇ ਪਦਾਰਥਵਾਦ ਨੂੰ ਇਕ ਸਹੀ, ਮੁਕੰਮਲ ਅਤੇ ਤਾਰਕਿਕ ਸੰਸਾਰ ਨਜ਼ਰੀਏ ਦੇ ਰੂਪ 'ਚ ਸਥਾਪਿਤ ਕੀਤਾ ਹੈ। ਕੁਦਰਤੀ ਵਿਗਿਆਨ ਦੀ ਹਰ ਨਵੀਂ ਖੋਜ, ਹਰ ਨਵੇਂ ਸਿਧਾਂਤ ਨੇ ਸੰਸਾਰ ਦੀ ਪਦਾਰਥਵਾਦੀ ਵਿਆਖਿਆ ਨੂੰ ਹੋਰ ਵਧੇਰੇ ਤਸਦੀਕ ਕੀਤਾ। ਜਿਵੇਂ ਜਿਵੇਂ ਵਿਗਿਆਨ ਦੀ ਦ੍ਰਿਸ਼ਟੀ ਵੱਧ ਤੋਂ ਵੱਧ ਸੂਖ਼ਮਤਮ ਧਰਾਤਲਾਂ 'ਤੇ ਉਤਰਦੀ ਗਈ, ਓਵੇਂ-ਓਵੇਂ ਯਥਾਰਥਕ ਜਗਤ ਦੇ ਗਿਆਨ ਦਾ ਖੇਤਰਫਲ ਵਧਦਾ ਗਿਆ ਅਤੇ ਕਲਪਨਾਲੋਕ ਦਾ ਖੇਤਰਫਲ ਘਟਦਾ ਗਿਆ। ਇਹੀ ਵਜ੍ਹਾ ਸੀ ਕਿ ਵਿਗਿਆਨ ਦੀ ਹਰ ਅਗਾਂਹ ਵੱਲ ਛਲਾਂਗ ਨੇ ਧਾਰਮਿਕ ਅਤੇ ਰੱਹਸਵਾਦੀ ਫਲਸਫਿਆਂ 'ਚ ਅਸੁਵਿਧਾ ਦੀ ਲਹਿਰ ਦਾ ਸੰਚਾਰ ਕੀਤਾ, ਇਹੀ ਵਜ੍ਹਾ ਸੀ ਕਿ ਹਰ ਜਗ੍ਹਾ ਧਾਰਮਿਕ ਸੰਸਥਾਵਾਂ ਅਤੇ ਦਾਰਸ਼ਨਿਕਾਂ ਨੇ ਵਿਗਿਆਨ ਅਤੇ ਵਿਗਿਆਨਕਾਂ ਨੂੰ ਦਬਾਉਣ ਦਾ ਯਤਨ ਕੀਤਾ। ਖ਼ਾਸ ਤੌਰ 'ਤੇ, ਇਹ ਪ੍ਰਕਿਰਿਆ ਨਵਜਾਗਰਣ ਦੇ ਦੌਰ ਮਗਰੋਂ ਸ਼ੁਰੂ ਹੋਈ, ਜਦੋਂ ਵਿਗਿਆਨ ਨੇ ਆਪਣਾ ਅੱਜ ਦਾ ਆਧੁਨਿਕ ਰੂਪ ਗ੍ਰਹਿਣ ਕੀਤਾ ਸੀ। ਯੂਰਪ 'ਚ ਜਿਥੇ ਵਿਗਿਆਨ ਨੇ ਆਪਣੀ ਆਧੁਨਿਕ ਸੰਰਚਨਾ ਹਾਸਲ ਕੀਤੀ, ਇਸ ਦਾ ਮੁੜ ਜਾਗਰਣ ਦੌਰ ਤੋਂ ਹੀ ਖਾਸਾ ਵਿਰੋਧ ਹੋਇਆ। ਚਲੋ ਇਕ ਨਜ਼ਰ ਇਸ 'ਤੇ ਵੀ ਫੇਰ ਲੈਂਦੇ ਹਾਂ ਕਿ ਆਖਰ ਇਹ ਦਾਰਸ਼ਨਿਕ ਕਿਸ ਤਰ੍ਹਾਂ ਵਿਗਿਆਨ ਦਾ ਵਿਰੋਧ ਕਰਦੇ ਸਨ, ਜਿਹੜਾ ਕਿ ਅੱਜ ਵੀ ਜਾਰੀ ਹੈ। ਇਸ ਲਈ ਪਹਿਲਾਂ ਸਾਨੂੰ ਇਹ ਜਾਨਣਾ ਹੋਵੇਗਾ ਕਿ ਇਹ ਆਸਥਾਵਾਦੀ ਵਿਚਾਰਕ ਕਿਵੇਂ ਇਸ ਸੰਸਾਰ ਅਤੇ ਉਸ 'ਚ ਰਹਿਣ ਵਾਲੇ ਲੋਕਾਂ ਦੇ ਜੀਵਨ ਦੀਆਂ ਹਾਲਤਾਂ ਦੀ ਵਿਆਖਿਆ ਕਰਦੇ ਹਨ। ਇਸ ਮਗਰੋਂ ਹੀ ਅਸੀਂ ਇਹ ਸਮਝ ਸਕਦੇ ਹਾਂ ਕਿ ਆਖਰ ਕਿਉਂ ਇਹ ਵਿਗਿਆਨ ਦਾ ਵਿਰੋਧ ਕਰਦੇ ਹਨ।

ਹਿੰਦੂ ਧਰਮ ਅਨੁਸਾਰ ਇਸ ਕੁਦਰਤ ਦਾ ਰਚਣਹਾਰ ਰੱਬ ਹੈ, ਬ੍ਰਹਮਾ ਹੈ। ਉਸਨੇ ਹੀ ਇਸ ਜਗਤ ਦੀ ਰਚਨਾ ਕੀਤੀ ਹੈ। ਉਸੇ ਦੀ ਇੱਛਾ ਕਾਰਨ ਸਵਰਗ-ਨਰਕ, ਗ੍ਰਹਿ-ਨਛੱਤਰ ਅਤੇ ਸਾਰੇ ਜੀਵ-ਜੰਤੂ, ਰੁੱਖ-ਪੌਦੇ ਹੋਂਦ 'ਚ ਆਏ। ਇਹਨਾਂ ਦੀ ਭਾਸ਼ਾ 'ਚ ਕਹੀਏ ਤਾਂ 'ਸਭ ਰੱਬ ਦੀ ਮਾਇਆ ਹੈ'। ਚੰਦ ਨੂੰ ਰਾਹੂ ਅਤੇ ਕੇਤੂ ਨਿਗਲ ਲੈਂਦੇ ਹਨ। ਕਿਸਮ-ਕਿਸਮ ਦੇ ਦੇਵੀ-ਦੇਵਤਾਵਾਂ ਦੀ ਅਰਾਧਨਾ ਨਾਲ ਸੁੱਖ-ਖੁਸ਼ਹਾਲੀ ਦਾ ਵਿਸਥਾਰ ਹੁੰਦਾ ਹੈ। ਅੱਜਕੱਲ ਆਮ ਘਰਾਂ 'ਚ ਧਾਰਮਿਕ ਕਰਮਕਾਂਡਾਂ 'ਚ ਜਿਆਦਾਤਰ ਲਕਸ਼ਮੀ ਅਤੇ ਗਣੇਸ਼ ਦੀ ਪੂਜਾ ਕੀਤੀ ਜਾਂਦੀ ਹੈ। ਇਸ ਧਰਤੀ

’ਤੇ ਸਾਡੇ ਕਰਮ ਹੀ ਸਾਡੀ ਕਿਸਮਤ ਨੂੰ ਸੁਨਿਸ਼ਚਿਤ ਕਰਦੇ ਹਨ। ਕਿਸੇ ਨੂੰ ਚੰਗੇ ਕੰਮਾਂ ਲਈ ਸਵਰਗ ਮਿਲਦਾ ਹੈ, ਤਾਂ ਕਿਸੇ ਨੂੰ ਬੁਰੇ ਕੰਮਾਂ ਲਈ ਨਰਕ, ਤਾਂ ਕੋਈ 84 ਲੱਖ ਜੂਨਾਂ ਦੇ ਫੇਰ ’ਚ ਫਸ ਜਾਂਦਾ ਹੈ। ਦੂਜੇ ਪਾਸੇ ਇੱਕ–ਈਸ਼ਵਰਵਾਦੀ ਈਸਾਈ, ਯਹੂਦੀ ਤੇ ਮੁਸਲਿਮ, ਤਿੰਨੋਂ ਧਰਮ ਕੁਦਰਤ–ਰਚਨਾ–ਸਿਧਾਂਤ (Geationism) ਨੂੰ ਮੰਨਦੇ ਹਨ। ਇਸ ਅਨੁਸਾਰ ਰੱਬ ਨੇ ਹੀ ਮਨੁੱਖ ਨੂੰ ਬਣਾਇਆ। ਪਹਿਲਾਂ ਉਸਨੇ ਆਦਮ ਨੂੰ ਬਣਾਇਆ ਫਿਰ ਹਵਾ ਨੂੰ ਆਦਮ ਦੀ ਹੱਡੀ ਤੋਂ ਬਣਾਇਆ। ਸਾਰੇ ਜੀਵ–ਜੰਤੂਆਂ ਦੀ ਰਚਨਾ ਉਸ ਰੱਬ ਨੇ ਮਨੁੱਖ ਲਈ ਕੀਤੀ। ਇੱਥੇ ਦਿੱਤੀਆਂ ਗਈਆਂ ਇਹ ਵਿਆਖਿਆਵਾਂ ਅਧੂਰੀਆਂ ਹੋ ਸਕਦੀਆਂ ਹਨ ਜਾਂ ਕਿਸੇ ਵਿਅਕਤੀ ਨੂੰ ਗ਼ਲਤ ਵੀ ਲੱਗ ਸਕਦੀਆਂ ਹਨ। ਦਰਅਸਲ ਇਹ ਵਿਆਖਿਆਵਾਂ ਸਮਾਜ ਦੀ ਪ੍ਰਗਤੀ ਨਾਲ ਬਦਲਦੀ ਰਹੀਆਂ ਹਨ ਅਤੇ ਜਦੋਂ ਵੀ ਇਹਨਾਂ ’ਤੇ ਸਵਾਲ ਖੜੇ ਹੁੰਦੇ ਹਨ ਤਾਂ ਇਹਨਾਂ ਦਾ ਰੂਪ ਬਦਲ ਜਾਂਦਾ ਹੈ। ਯੂਰਪ ’ਚ ਤਾਂ ਖਾਸ ਕਰਕੇ ਹਰ ਵੱਡੀ ਵਿਗਿਆਨਿਕ ਖੋਜ ਨਾਲ ਇਹਨਾਂ ਦੀ ਸਾਖ ਦਾਅ ’ਤੇ ਲੱਗੀ ਰਹਿੰਦੀ ਹੈ ਅਤੇ ਇਹ ਆਪਣੇ ਆਪ ਨੂੰ ਬਚਾਈ ਰੱਖਣ ਲਈ ਜਾਂ ਤਾਂ ਨਵਾਂ ਰੂਪ ਹਾਸਿਲ ਕਰਦੀਆਂ ਹਨ ਜਾਂ ਉਸ ਖੋਜ ਨੂੰ ਆਪਣੇ ਮਾਤਹਿਤ ਕਰਨ ਦਾ ਯਤਨ ਕਰਦੀਆਂ ਹਨ। ਪਰ ਜਦੋਂ ਇਹ ਨਾਮੁਮਕਿਨ ਹੋ ਜਾਂਦਾ ਹੈ, ਤਾਂ ਇਹ ਸਾਰੀਆਂ ਖੋਜਾਂ ਇਹਨਾਂ ਲਈ ਬਚਕਾਨੀਆਂ ਹੋ ਜਾਂਦੀਆਂ ਹਨ ਅਤੇ ਫਿਰ ਸਵਾਲ ਤਰਕ ਦਾ ਨਹੀਂ ਪਵਿੱਤਰਤਾ ਅਤੇ ਆਸਥਾ ਦਾ ਬਣ ਜਾਂਦਾ ਹੈ ਅਤੇ ਆਸਥਾ ਮੂਹਰੇ ਵਿਗਿਆਨ ਦੀ ਕੀ ਮਜ਼ਾਲ!!

ਆਸਥਾ ਦੀਆਂ ਜੜ੍ਹਾਂ ਮੁੱਖ ਤੌਰ ’ਤੇ ਅਗਿਆਨਤਾ ’ਚ ਸਮਾਈਆਂ ਹੁੰਦੀਆਂ ਹਨ। ਡੂੰਘਾਈ ’ਚ ਵਿਸ਼ਲੇਸ਼ਣ ਕਰਨ ’ਤੇ ਅਸੀਂ ਦੇਖਾਂਗੇ ਕਿ ਅਗਿਆਨਤਾ ਦੀਆਂ ਜੜ੍ਹਾਂ ਲੁੱਟ ’ਚ ਹੁੰਦੀਆਂ ਹਨ, ਲੁੱਟ ਦੇ ਕਾਰਨ ਸਮਾਜਿਕ–ਆਰਥਿਕ ਪ੍ਰਬੰਧ ਨਾਲ ਜੁੜੇ ਹੁੰਦੇ ਹਨ। ਇਹੀ ਵਜ੍ਹਾ ਹੈ ਕਿ ਪ੍ਰਬੰਧ ਖਾਦ–ਪਾਣੀ ਦਿੰਦਾ ਹੈ ਉਹਨਾਂ ਸਾਰੇ ਫ਼ਲਸਫਿਆਂ ਨੂੰ ਜਿਹੜੇ ਮੌਜੂਦਾ ਨਿਜ਼ਾਮ ਨੂੰ ਪਵਿੱਤਰ ਬਣਾਉਂਦੇ ਹਨ। ਹਰ ਅਗਾਂਹਵਧੂ ਵਿਚਾਰ ਨੂੰ ਪੁਰਾਣੇ ਪੈ ਚੁੱਕੇ ਫਲਸਫੇ ਜਾਂ ਤਾਂ ਆਪਣੇ ਅਨੁਸਾਰ ਸਮਾਯੋਜਿਤ ਕਰ ਲੈਂਦੇ ਹਨ ਜਾਂ ਨਕਾਰ ਦਿੰਦੇ ਹਨ। ਇਹ ਸੰਘਰਸ਼ ਸਾਡੇ ਪੂਰੇ ਮਨੁੱਖੀ ਇਤਿਹਾਸ ’ਚ ਚਲਦਾ ਰਿਹਾ ਹੈ। ਵਿਗਿਆਨ ਦੇ ਖੇਤਰ ’ਚ ਵੀ ਇਹੀ ਇਤਿਹਾਸ ਰਿਹਾ ਹੈ। ਜਦੋਂ ਕਾਪਰਨਿਕਸ ਨੇ ਮੌਜੂਦਾ ਖਗੋਲੀ ਅੰਕੜਿਆਂ ਦੇ ਤਾਰਕਿਕ ਅਧਿਐਨ ਨਾਲ ਬ੍ਰਹਿਮੰਡ ਦਾ ਕੇਂਦਰ ਧਰਤੀ ਤੋਂ ਹਟਾ ਕੇ ਸੂਰਜ ਨੂੰ ਦੱਸਿਆ ਅਤੇ ਚਰਚ ਦੇ ਸਿਧਾਂਤ ’ਤੇ ਹਮਲਾ ਕੀਤਾ ਤਾਂ ਉਹਨਾਂ ਨੂੰ ਇਸ ਗੁਸਤਾਖ਼ੀ ਲਈ ਸਜ਼ਾ–ਏ–ਮੌਤ ਦਿੱਤੀ ਗਈ। ਪਰ ਵਿਗਿਆਨ ਦਾ ਅੱਗੇ ਵਧਣਾ ਇਸ ਨਾਲ ਰੁਕਿਆ ਨਹੀਂ। ਜਦੋਂ ਬਰੂਨੋ ਨੇ ਕਾਪਰਨਿਕਸ ਦੇ ਅਨੰਤ ਬ੍ਰਹਿਮੰਡ ਦੇ ਕੇਂਦਰ ਨੂੰ ਸੂਰਜ ਤੋਂ ਹਟਾ ਕੇ ਇਹ ਦੱਸਿਆ ਕਿ ਸੂਰਜ ਬ੍ਰਹਿਮੰਡ ਦੇ ਅਨੇਕ ਸਿਤਾਰਿਆਂ ’ਚੋਂ ਇਕ ਹੈ ਅਤੇ ਚਰਚ ਦੀ ਖ਼ਿਲਾਫਤ ਕੀਤੀ ਤਾਂ ਉਹਨਾਂ ਨੂੰ ਇਸ ਲਈ ਜਿਉਂਦੇ ਜੀਅ ਜਲਾ ਦਿੱਤਾ ਗਿਆ। ਗੈਲਿਲਿਓ, ਸੇਰਵਿਊਤਸ ਅਤੇ ਇਹਨਾਂ ਵਰਗੇ ਸਾਰੇ ਲੋਕਾਂ ਨੇ ਆਪਣੀ ਜਾਨ ਗੁਆ ਕੇ ਜਾਂ ਤਸੀਹੇ ਝੱਲ ਕੇ ਵਿਗਿਆਨ ਨੂੰ ਜਿੰਦਾ ਰੱਖਿਆ ਅਤੇ ਈਸ਼ਵਰਸੰਗਤ ਸਿਧਾਂਤ ਨੂੰ ਵਿਗਿਆਨ ਤੋਂ ਵੱਖ ਕੀਤਾ। ਵਿਗਿਆਨ ਦੇ ਖੇਤਰ ’ਚ ਫਲਸਫਿਆਂ ਦਾ ਇਹ ਸੰਘਰਸ਼ ਅਸਲ ’ਚ ਸਮਾਜ ’ਚ ਮੌਜੂਦ ਸੰਘਰਸ਼ ਦਾ ਹੀ ਪ੍ਰਤੀਬਿੰਬ ਸੀ। ਵਿਗਿਆਨ ਦੇ ਖੇਤਰ ’ਚ ਹੋ ਰਹੇ ਫਲਸਫਿਆਂ ਦੇ ਟਕਰਾਅ ਦਾ ਪੂਰਾ ਇਤਿਹਾਸ ਤਾਂ ਵਿਰਾਟ ਹੈ ਅਤੇ ਉਸਦੀ ਇੱਥੇ ਚਰਚਾ ਸੰਭਵ ਨਹੀਂ ਹੈ। ਸਾਡਾ ਮਕਸਦ ਇੱਥੇ ਉਹਨਾਂ ਮੱਹਤਵਪੂਰਨ ਅਗਾਂਹਵਧੂ ਛਲਾਂਗਾਂ ਨੂੰ ਦੇਖਣਾ ਹੈ ਜਿਸਨੇ ਵਿਗਿਆਨ ਦੀ ਗੈਰ–ਤਾਰਕਿਕ ਆਸਥਾ ਤੇ ਉੱਤਮਤਾ ਨੂੰ ਸਥਾਪਿਤ ਕਰਨ ਦਾ ਕੰਮ ਕੀਤਾ ਅਤੇ ਸੰਸਾਰ ਦੀ ਪਦਾਰਥਵਾਦੀ ਵਿਆਖਿਆ ਦੀ ਪ੍ਰਮਾਣ–ਸਿੱਧੀ ਨੂੰ ਮਜ਼ਬੂਤ ਅਤੇ ਦ੍ਰਿੜ ਬਣਾਇਆ।

ਨਿਊਟਨ ਦਾ "ਪਹਿਲਾ ਆਵੇਗ"

ਨਵ–ਜਾਗਰਣ ਦੇ ਉੱਥਲ–ਪੁੱਥਲ ਭਰੇ ਦੌਰ, ਸੰਨ 1543, ’ਚ ਮੌਜੂਦਾ ਖਗੋਲੀ ਅੰਕੜਿਆਂ ਦਾ ਤਾਰਕਿਕ ਵਿਸ਼ਲੇਸ਼ਣ ਕਰਕੇ ਕਾਪਰਨਿਕਸ ਨੇ ਇਹ ਦੱਸਿਆ ਕਿ ਦਰਅਸਲ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ ਨਾ ਕਿ ਧਰਤੀ ਦਾ ਸੂਰਜ। ਇਹੀ ਸਮਾਂ ਸੀ ਆਧੁਨਿਕ ਵਿਗਿਆਨ ਦੀ ਉੱਤਪਤੀ ਦਾ। ਪਦਾਰਥਵਾਦੀ ਫਲਸਫੇ ਦੇ ਉਦੈ ਦਾ। ਵਿਗਿਆਨ ਨੂੰ ਇੱਥੋਂ ਅਗਾਂਹ ਅਤੇ ਉੱਚ ਪੱਧਰ ’ਤੇ ਲੈ ਜਾਣ ਦਾ ਕੰਮ ਨਿਊਟਨ ਨੇ ਕੀਤਾ। ਨਿਊਟਨ ਵਿਗਿਆਨ ਦੇ ਮਾਹਨ ਅਧਿਆਪਕਾਂ ’ਚੋਂ ਇਕ ਹਨ। ਉਹਨਾਂ ਨੇ ਹੀ ਸਰਬਵਿਆਪੀ ਗਰੁਤਾ ਖਿੱਚ ਦਾ ਸਿਧਾਂਤ ਦਿੱਤਾ ਅਤੇ ਗਤੀ ਦੇ ਤਿੰਨ ਨਿਯਮ ਦਿੱਤੇ, ਉਸ ਸਮੇਂ ਦੇ ਮੌਜੂਦਾ ਅੰਕੜਿਆਂ ਦਾ ਵਿਸ਼ਲੇਸ਼ਣ ਕਰ ਕੇ ਉਹਨਾਂ ਨੂੰ ਨਿਯਮਬੱਧ ਕੀਤਾ। ਉਹਨਾਂ ਨੇ ਸੰਸਾਰ ’ਚ ਪਦਾਰਥਕ ਤੱਤਾਂ ਦੀ ਗਤੀ ਦੇ ਨਿਯਮ ਦਿੱਤੇ। ਨਿਊਟਨ ਬ੍ਰਹਿਮੰਡ ਨੂੰ ਇਕ ਅਜਿਹੀ ਘੜੀ ਵਾਗੂੰ ਮੰਨਦੇ ਸਨ ਜਿਹੜੀ ਇਕ ਵਾਰੀ ਸ਼ੁਰੂ ਕਰਨ ’ਤੇ ਸਦਾ ਆਪਣੀ ਗਤੀ ਨਾਲ ਚਲਦੀ ਰਹਿੰਦੀ ਹੈ ਅਤੇ ਇਸ ਗਤੀ ਦੇ ਨਿਯਮਾਂ ਦਾ ਹੀ ਪ੍ਰਗਟਾਵਾ ਨਿਊਟਨ ਨੇ ਕੀਤਾ। ਨਿਊਟਨ ਅਨੁਸਾਰ ਇਹ ਜਗਤ ਇਕ ਅਜਿਹੀ ਮਸ਼ੀਨ ਸੀ ਜਿਸਨੂੰ ਸ਼ੁਰੂ ਕਰਨ ਲਈ ਰੱਬ ਨੂੰ ਲੌਕਿਕ ਆਵੇਗ ਦੀ ਲੋੜ ਸੀ। ਨਿਊਟਨ ਨੇ ਇਸ ਸਿਧਾਂਤ ਨਾਲ ਧਰਤੀ ਦੇ ਘੇਰੇ ਨੂੰ ਨਿਯਮਬੱਧ ਕੀਤਾ। ਨਿਊਟਨ ਦੇ ਸਿਧਾਂਤ ਇਹ ਸਮਝਾਉਂਦੇ ਸਨ ਕਿ ਧਰਤੀ ਸੂਰਜ ਦੇ ਚਾਰੇ ਪਾਸੇ ਚੱਕਰ ਕਿਸ ਤਰ੍ਹਾਂ ਕੱਟਦੀ ਹੈ ਅਤੇ ਉਸਦੀ ਗਤੀ ਦੇ ਘੇਰੇ ਦਾ ਵਿਸ਼ਲੇਸ਼ਣ ਕਿਵੇਂ ਕੀਤਾ ਜਾਵੇ, ਪਰ ਨਿਊਟਨ ਦੇ ਪਹਿਲੇ ਨਿਯਮ ਅਨੁਸਾਰ ਧਰਤੀ ਨੂੰ ਉਹ ਗਤੀ ਹਾਸਿਲ ਕਰਨ ਲਈ ਪਹਿਲੇ ਆਵੇਗ ਦੀ ਲੋੜ ਸੀ, ਜਿਸ ਮਗਰੋਂ ਉਹ ਉਸ ਗਤੀ ਨਾਲ ਸੂਰਜ ਦੇ ਗਰੂਤਾ ’ਚ ਉਹਦੇ ਚਾਰੇ ਪਾਸੇ ਘੁੰਮਣ ਲੱਗੀ। ਇਸ ਆਵੇਗ ਨੂੰ ਨਿਊਟਨ ਨੇ ਰੱਬ ਰਾਹੀਂ ਦਿੱਤੇ ਗਏ "ਪਹਿਲੇ ਆਵੇਗ" ’ਚ ਲੱਭਿਆ। ਇਸ ਸਮੇਂ ਪਦਾਰਥਵਾਦੀ ਫਲਸਫਾ ਮਕਾਨਕੀ ਸੀ। ਨਿਊਟਨ ਦਾ ਪਦਾਰਥਵਾਦ ਵੀ ਇਕ ਮਕਾਨਕੀ ਪਦਾਰਥਵਾਦ ਸੀ। ਨਿਊਟਨ ਰਾਹੀਂ ਰੱਖੀ ਗਈ ਈਸ਼ਵਰਸੰਗਤ ਵਿਆਖਿਆ ਦਾ ਖੰਡਨ ਉਸ ਸਮੇਂ ਨਹੀਂ ਕੀਤਾ ਜਾ ਸਕਿਆ। ਇਸਦਾ ਖੰਡਨ ਕਾਂਟ ਨੇ ਕੀਤਾ। ਕਾਂਟ ਨੇ ਦੱਸਿਆ ਕਿ ਪੂਰਾ ਸੌਰਮੰਡਲ ਇਕ ਨੇਬਯੂਲਾ ਨਾਲ ਬਣਿਆ ਸੀ, ਜਿਹੜਾ ਕਿ ਆਪਣੇ ਅੰਦਰੂਨੀ ਧੱਕ ਕਾਰਨ ਗ੍ਰਹਿਆਂ ’ਚ ਵੰਡਿਆ ਗਿਆ। ਇਸ ਤਰ੍ਹਾਂ ਧਰਤੀ, ਸੂਰਜ ਅਤੇ ਹੋਰ ਗ੍ਰਹਿਆਂ ਦੀ ਉਤਪਤੀ ਹੋਈ। ਰੱਬ ਦੇ ਆਵੇਗ ਦੀ ਕੋਈ ਲੋੜ

ਨਹੀਂ ਸੀ। ਕਾਂਟ ਦੀ ਇਸ ਵਿਆਖਿਆ ਨੂੰ ਲੇਪਲਸ ਨੇ 1796 'ਚ ਸਿੱਧ ਕੀਤਾ। ਕਾਂਟ ਨੇ ਇਹ ਵੀ ਦੱਸਿਆ ਕਿ ਕੁਦਰਤ ਕੋਈ 'ਕਲੋਸਡ ਸਿਸਟਮ' ਨਹੀਂ ਹੈ ਜਿਵੇਂ ਕਿ ਨਿਊਟਨ ਨੇ ਸੋਚਿਆ ਸੀ। ਇਹ ਲਗਾਤਾਰ ਹੋਂਦ 'ਚ ਆਉਣ ਅਤੇ ਖਤਮ ਹੋਣ ਦੀ ਪ੍ਰਕਿਰਿਆ ਹੈ।

ਪਰ ਹੁਣ ਵੀ ਵਿਗਿਆਨ ਦੇ ਖੇਤਰ 'ਚ ਚਲ ਰਹੇ ਸੰਘਰਸ਼ 'ਚ ਪਦਾਰਥਵਾਦ ਇਕ ਤਰਤੀਬਬੱਧ ਰੂਪ 'ਚ ਪ੍ਰਗਟ ਨਹੀਂ ਹੋ ਸਕਿਆ ਸੀ। ਇਹ ਪ੍ਰਕਿਰਿਆ ਉਨੀਵੀਂ ਸਦੀ ਦੇ ਪਿਛਲੇ ਅੱਧ 'ਚ ਜਾ ਕੇ ਇਕ ਮੁਕਾਮ 'ਤੇ ਪੁੱਜੀ, ਜਦੋਂ ਮਾਰਕਸ ਅਤੇ ਏਂਗਲਜ਼ ਨੇ ਹੇਗੇਲ ਦੇ ਵਿਚਾਰਵਾਦੀ ਦਵੰਦਵਾਦ ਅਤੇ ਫਿਉਰਬਾਖ ਦੇ ਮਕਾਨਕੀ ਪਦਾਰਥਵਾਦ ਦੇ ਵਿਗਿਆਨਿਕ ਸੰਸਲੇਸ਼ਣ ਦੇ ਦਵੰਦਾਤਮਕ ਅਤੇ ਇਤਿਹਾਸਿਕ ਪਦਾਰਥਵਾਦ ਦੇ ਸਿਧਾਂਤਾਂ ਨੂੰ ਪੇਸ਼ ਕੀਤਾ। ਇਸ ਮਗਰੋਂ ਹੋਈਆਂ ਵਿਗਿਆਨਕ ਖੋਜਾਂ ਨੇ ਹਰ ਵਾਰੀ ਇਹਨਾਂ ਸਿਧਾਂਤਾਂ ਦੀ ਪੁਸ਼ਟੀ ਕੀਤੀ। ਵੀਹਵੀਂ ਸਦੀ 'ਚ ਹੋਏ ਵਿਗਿਆਨਕ ਵਿਕਾਸ ਨੇ, ਖਾਸ ਤੌਰ 'ਤੇ ਸਾਪੇਖਿਕਤਾ ਸਿਧਾਂਤ ਅਤੇ ਕਵਾਂਟਮ ਫ਼ਿਜੀਕਸ ਨੇ, ਦਵੰਦਵਾਦੀ ਪਦਾਰਥਵਾਦ ਦੇ ਸਿਧਾਂਤਾਂ ਨੂੰ ਨਾ ਸਿਰਫ਼ ਪੁਸ਼ਟ ਕੀਤਾ, ਸਗੋਂ ਉਹਨਾਂ ਦੇ ਅਗਾਂਹਵਧੂ ਵਿਕਾਸ ਦੀਆਂ ਸੰਭਾਵਨਾਵਾਂ ਵੱਲ ਵੀ ਇਸ਼ਾਰਾ ਕੀਤਾ ਹੈ। ਪਰ ਇਹਨਾਂ 'ਤੇ ਚਰਚਾ ਕਰ ਸਕਣਾ ਇੱਥੇ ਸੰਭਵ ਨਹੀਂ ਹੈ ਅਤੇ ਅੱਗੇ ਦੇ ਅੰਕਾਂ 'ਚ ਅਸੀਂ ਇਹਨਾਂ 'ਤੇ ਵੀ ਲਿਖਾਂਗੇ। ਫ਼ਿਲਹਾਲ, ਵਿਗਿਆਨ ਅਤੇ ਆਸਥਾ ਦੇ ਸੰਘਰਸ਼ 'ਚ ਅਸੀਂ ਅਗਲੇ ਮੀਲ ਦੇ ਪੱਥਰ 'ਤੇ ਆਉਂਦੇ ਹਾਂ।

ਹੇਲਮਹੋਲਟਜ਼ ਦਾ "ਊਸ਼ਮੀ-ਅੰਤ"

ਸੰਨ 1852 'ਚ ਇਕ ਲੈਕਚਰ 'ਚ ਹੇਲਮਹੋਲਟਜ਼ ਨਾਮਕ ਵਿਗਿਆਨਕ ਨੇ ਉਰਜਾ ਦੇ ਸੁੱਰਖਿਅਣ ਦੇ ਨਿਯਮ ਅਤੇ ਕਾਰਨੋਟ ਦੇ ਇੰਜਣ ਦੀ ਵਿਆਖਿਆ ਰਾਹੀਂ ਵੱਧਦੀ ਏਂਨਟਰੋਪੀ ਦੇ ਨਿਯਮ ਨੂੰ ਮਿਲਾ ਕੇ ਇਹ ਨਿਚੋੜ ਕੱਢਿਆ ਕਿ ਇਹ ਬ੍ਰਹਿਮੰਡ ਹੌਲੀ-ਹੌਲੀ "ਊਸ਼ਮੀ-ਅੰਤ" (ਥਰਮਲ ਡੇਥ) ਵੱਲ ਵੱਧ ਰਿਹਾ ਹੈ।(ਇਹ ਦੋਨੋਂ ਨਿਯਮ ਮਗਰੋਂ ਊਸ਼ਮਾਗਤੀ ਦੇ ਪਹਿਲੇ ਅਤੇ ਦੂਸਰੇ ਨਿਯਮ ਦੇ ਨਾਂ ਨਾਲ ਜਾਣੇ ਗਏ)। ਏਂਨਟਰੋਪੀ ਇਕ ਪਰਿਮਾਣਕ ਮਾਤਰਕ ਹੈ ਜਿਹੜਾ ਰੇਂਡਮਨੇੱਸ (randoness) ਜਾਂ ਅਸਤ-ਵਿਅਸਤਤਾ ਨੂੰ ਮਾਪਦੀ ਹੈ। ਇਹ ਬ੍ਰਹਾਮੰਡ 'ਚ ਊਰਜਾ ਦੇ ਰੂਪਾਂਤਰਾਂ ਨਾਲ ਹਮੇਸ਼ਾ ਵਧਦੀ ਰਹਿੰਦੀ ਹੈ। ਊਸ਼ਮਾਗਤਿਕੀ 'ਚ ਇਹ ਤਾਪ ਅਤੇ ਊਸ਼ਮਾ 'ਤੇ ਨਿਰਭਰ ਕਰਦੀ ਹੈ। ਬ੍ਰਹਿਮੰਡ ਦੇ ਕਿਸੇ ਵੀ ਪਹਿਲੇ ਹਿੱਸੇ 'ਚ ਵੱਧਦੀ ਏਂਟਰੋਪੀ ਦਾ ਮਤਲਬ ਇਹ ਕਿ ਉਹ ਊਰਜਾ ਦੀ ਬਰਾਬਰ ਵੰਡ ਵੱਲ ਵਧਦਾ ਹੈ। ਜਦੋਂ ਊਰਜਾ ਦੀ ਵੰਡ ਬਰਾਬਰ ਹੋ ਜਾਵੇਗੀ, ਉਹ ਊਸ਼ਮੀ ਸਤੁੰਲਨ 'ਤੇ ਆ ਜਾਵੇਗੀ। ਅਜਿਹੇ ਹਿੱਸੇ 'ਚ ਜਦੋਂ ਕੋਈ ਊਰਜਾ ਦਾ ਰੂਪਾਂਤਰਣ ਨਹੀਂ ਹੋਵੇਗਾ, ਉਹ ਗਤੀਹੀਨ ਹੋ ਜਾਵੇਗਾ। ਇਹ ਅਨੁਰੂਪਤਾ ਜਦੋਂ ਅਸੀਂ ਪੂਰੇ ਬ੍ਰਹਿਮੰਡ ਨੂੰ ਭਿੰਨ ਮੰਨ ਕੇ ਲਾਗੂ ਕਰਦੇ ਹਾਂ ਤਾਂ ਬ੍ਰਹਿਮੰਡ ਦੇ ਗਤੀਹੀਨ ਹੋਣ ਦੇ ਸਬੂਤ ਤੱਕ ਪਹੁੰਚਦੇ ਹਾਂ ਯਾਨੀ ਉਸਦਾ ਊਸ਼ਮੀ-ਅੰਤ ਹੋ ਜਾਵੇਗਾ। ਇਸ ਸਿਧਾਂਤ ਨੂੰ ਧਾਰਮਿਕ ਸੰਸਥਾਵਾਂ ਨੇ ਤੁਰੰਤ ਇਹ ਕਹਿ ਕੇ ਪ੍ਰਚਾਰਿਤ ਕੀਤਾ ਕਿ ਕਿਉਂ ਕਿ ਇਸ ਦੁਨੀਆ ਦਾ ਅੰਤ ਹੋਵੇਗਾ ਤਾਂ ਇਸਦੀ ਉਤਪਤੀ ਵੀ ਕੀਤੀ ਗਈ ਹੈ। ਇਸੇ ਤਰ੍ਹਾਂ ਉਸ ਮਹਾਨ ਰਚਨਹਾਰ ਰਾਹੀਂ ਤੈਅ ਕੀਤੇ ਟੀਚਿਆਂ ਨੂੰ ਪੂਰਾ ਕਰਨ ਲਈ ਇਹ ਸਭ ਹੋ ਰਿਹਾ ਹੈ। ਇਸ ਗੈਰ-ਪਦਾਰਥਵਾਦੀ ਸੋਚ ਦੇ ਬੀਜ ਵੀ ਗੈਰ-ਪਦਾਰਥਵਾਦੀ ਫਲਸਫੇ ਦੀ ਜ਼ਮੀਨ ਤੋਂ ਪੋਸ਼ਿਤ ਹੋ ਕੇ ਪ੍ਰਗਟ ਹੁੰਦੇ ਹਨ। ਅੱਜ ਵਿਗਿਆਨ ਜ਼ਰੀਏ ਸਾਨੂੰ ਪਤਾ ਹੈ ਕਿ ਹਰ ਸਤੁੰਲਨ ਅਸਥਾਈ ਅਤੇ ਸਾਪੇਖਕ ਹੁੰਦਾ ਹੈ। ਪੂਰਾ ਬ੍ਰਹਿਮੰਡ ਗਤੀਮਾਨ ਹੈ ਅਤੇ ਲਗਾਤਾਰ ਵਿਕਾਸ ਕਰ ਰਿਹਾ ਹੈ। ਹਰ ਗਤੀ 'ਚ ਸਤੁੰਲਨ ਹੁੰਦਾ ਹੈ ਅਤੇ ਹਰ ਸਤੁੰਲਨ 'ਚ ਸਾਪੇਖਿਕ ਗਤੀ। ਏਂਗਲਜ਼ ਦੇ ਸ਼ਬਦਾਂ 'ਚ ਕਹੋ ਤਾਂ 'ਕਿਸੇ ਚੀਜ਼ 'ਚ ਸਾਪੇਖਕ ਗਤੀਹੀਣਤਾ ਦੀ ਸੰਭਾਵਨਾ, ਅਤੇ ਅਸਥਾਈ ਸਤੁੰਲਨ ਦੀ ਸੰਭਾਵਨਾ ਹੀ ਪਦਾਰਥ ਅਤੇ ਜੀਵਨ ਹੋਂਦ ਦੀ ਲਾਜ਼ਮੀ ਹਾਲਤ ਹੈ' (ਪ੍ਰਕਿਰਤੀ ਦਾ ਦਵੰਦਵਾਦ)। ਸਾਡਾ ਮੁੰਕਮਲ ਜੀਵਨ ਵੀ ਖੁਦ ਰੁਕਾਵਟ ਅਤੇ ਗਤੀ ਦੀਆਂ ਵਿਰੋਧਤਾਈਆਂ 'ਚ ਗੁੰਦਿਆ ਹੁੰਦਾ ਹੈ। ਕਿਸੇ ਵੀ ਪ੍ਰਕ੍ਰਿਆ ਨੂੰ ਇਸਦੇ ਸਥਾਨ ਅਤੇ ਸਮੇਂ ਤੋਂ ਅਲਗ ਕੱਟ ਕੇ ਦੇਖਣਾ ਗੈਰ-ਪਦਾਰਥਵਾਦੀ ਫਲਸਫਾ ਹੈ। ਹੇਲਮਹੋਲਟਜ਼ ਦੀ ਇਸ ਵਿਆਖਿਆ ਨੂੰ ਅੱਜ ਰੱਦ ਕੀਤਾ ਜਾ ਚੁੱਕਿਆ ਹੈ। ਪ੍ਰੀਗੋਝੀਨ ਦੇ ਅਸਤੁੰਲਨ ਦੇ ਸਿਧਾਂਤ ਨੇ ਉਪਰੋਕਤ ਵਿਆਖਿਆ ਨੂੰ ਵਿਗਿਆਨਕ ਧਰਾਤਲ 'ਤੇ ਨਕਾਰ ਦਿੱਤਾ ਹੈ। ਜਿਵੇਂ ਹੀ ਅਸੀਂ ਹੇਲਮਹੋਲਟਜ਼ ਦੇ ਮਕਾਨਕੀ ਸੰਸਾਰ ਦੇ ਵੱਖ-ਵੱਖ ਹਿੱਸਿਆਂ 'ਚ ਗਰੂਤਾ ਅਤੇ ਹੋਰ ਬਲਾਂ ਨੂੰ ਲਿਆਉਂਦੇ ਹਾਂ ਅਤੇ ਇਹਨਾਂ ਭਿੰਨ-ਭਿੰਨ ਹਿੱਸਿਆਂ ਨੂੰ ਜੋੜਦੇ ਹਾਂ ਤਾਂ "ਊਸ਼ਮੀ ਅੰਤ" ਦਾ ਅੰਤ ਹੋ ਜਾਂਦਾ ਹੈ। ਅੱਜ ਇਹ ਸਾਬਿਤ ਹੋ ਚੁੱਕਾ ਹੈ ਕਿ ਏਂਟਰੋਪੀ ਇਕ ਨਿਊਮੇਰੀਕਲ ਮਈਜ਼ਰ ਹੈ ਜਿਹੜਾ ਇਸ ਤਰ੍ਹਾਂ ਪਰਿਭਾਸ਼ਿਤ ਹੀ ਹੁੰਦੀ ਹੈ ਕਿ ਉਹ ਬ੍ਰਹਿਮੰਡ ਦੇ ਅੰਦਰੂਨੀ ਬਦਲਾਵਾਂ ਨਾਲ ਵਧਦੀ ਰਹਿੰਦੀ ਹੈ। ਇਹ ਕਿਸੇ ਪ੍ਰਕਿਰਿਆ 'ਚ ਬਦਲਾਅ ਦੇ ਸਾਰੇ ਮਾਪਦੰਡਾਂ 'ਤੇ ਵਿਚਾਰ ਨਹੀਂ ਕਰਦੀ। ਬ੍ਰਹਿਮੰਡ 'ਚ ਕਦੇ ਵੀ ਪੂਰੀ ਤਰ੍ਹਾਂ ਸਤੁੰਲਨ ਨਹੀਂ ਆ ਸਕਦਾ। ਇਹ ਖੁਦ ਲਗਾਤਾਰ ਬਦਲ ਰਿਹਾ ਹੈ ਅਤੇ ਇਸ 'ਚ ਸਤੁੰਲਨ ਅਤੇ ਅਸਤੁੰਲਨ ਦੀਆਂ ਤਾਕਤਾਂ 'ਚ ਲਗਾਤਾਰ ਦਵੰਦ ਜਾਰੀ ਹੈ।

ਕਿੰਨਾ ਇੰਟੈਲੀਜੈਂਟ ਹੈ ਇੰਟੈਲੀਜੈਂਟ ਡਿਜ਼ਾਇਨ ?

1859 'ਚ ਡਾਰਵਿਨ ਦੁਆਰਾ ਦਿੱਤੇ ਗਏ ਵਿਕਾਸ ਦੇ ਸਿਧਾਂਤ ਨੇ ਇਹ ਸਾਬਿਤ ਕਰ ਦਿੱਤਾ ਕਿ ਮਨੁੱਖ ਦੀ ਉਤਪਤੀ ਹਜ਼ਾਰਾਂ ਸਾਲਾਂ ਦੇ ਜਨਮ ਅਤੇ ਵਿਕਾਸ ਨਾਲ ਹੋਈ ਹੈ। ਜੀਵਨ ਦੀ ਸ਼ੁਰੂਆਤ ਗੁੰਝਲਦਾਰ ਪ੍ਰੋਟੀਨ ਰਾਹੀਂ ਸੰਚਾਲਿਤ ਉਹਨਾਂ ਗੁੰਝਲਦਾਰ ਸੰਰਚਨਾਵਾਂ ਤੋਂ ਹੋਈ, ਜਿਹਨਾਂ ਨੂੰ ਅਸੀਂ ਜੀਵਾਣੂ ਕਹਿੰਦੇ ਹਾਂ। ਇਹ ਲੱਖਾਂ ਸਾਲ ਪਹਿਲਾਂ ਧਰਤੀ 'ਤੇ ਪੈਣ ਵਾਲੀਆਂ ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਦੀ ਊਰਜਾ ਦਾ ਭੰਡਾਰਣ ਕਰ ਸਕਦੇ ਸਨ। ਇਹਨਾਂ ਜੀਵਾਣੂਆਂ ਦੇ ਜਨਮ ਅਤੇ ਵਿਕਾਸ ਦੀ ਲੰਮੀ ਪ੍ਰਕ੍ਰਿਆ ਨੇ ਮੁੰਕਮਲ ਜੈਵਿਕ ਜਗਤ, ਖੁਦ ਮਨੁੱਖ ਦਾ ਵੀ ਸਿਰਜਣ ਕੀਤਾ। ਜਨਮ ਅਤੇ ਵਿਕਾਸ ਦੀ ਪ੍ਰਕ੍ਰਿਆ ਕੁਦਰਤੀ ਚੋਣ ਰਾਹੀਂ ਵਾਤਾਵਰਣ ਦੇ ਅਨਿਯਮਿਤ ਅਤੇ ਸ਼ਰਤਾਂ ਸਣੇ ਵਿਕਾਸ ਦੇ ਅਨੁਰੂਪ ਹੀ ਜੀਨ ਦੀ ਚੋਣ ਕਰਦੀ ਹੈ। ਡਾਰਵਿਨ ਦੇ ਇਸ ਸਿਧਾਂਤ ਕਰਕੇ ਹੀ ਵਿਗਿਆਨ ਦੀ ਇਕ ਵੱਖਰੀ ਸ਼ਾਖਾ

"ਜੇਨੇਟਿਕਸ" ਦਾ ਜਨਮ ਹੋਇਆ, ਜਿਸਨੇ ਮਾਨਵੀ ਜਨਮ ਅਤੇ ਵਿਕਾਸ ਦੀ ਪੂਰਨ ਪੇਸ਼ਕਾਰੀ ਕੀਤੀ। ਇਸ ਸਿਧਾਂਤ ਨੇ ਚਰਚ ਅਤੇ ਦੂਜੇ ਧਰਮਾਂ ਦੇ "ਕੁਦਰਤ-ਰਚਨਾ-ਸਿਧਾਂਤ" ਦਾ ਮੁਕੰਮਲ ਖੰਡਨ ਕਰ ਦਿੱਤਾ। ਰੱਬ ਨੇ ਨਾ ਤਾਂ ਇਨਸਾਨ ਨੂੰ ਬਣਾਇਆ ਹੈ, ਨਾ ਜਾਨਵਰਾਂ ਅਤੇ ਰੁੱਖਾਂ-ਪੌਦਿਆਂ ਨੂੰ। ਉਹ ਤਾਂ ਲੰਮੀ ਉਦੈ ਅਤੇ ਵਿਕਾਸ ਦੀ ਪ੍ਰਕ੍ਰਿਆ ਨਾਲ ਹੋਂਦ 'ਚ ਆਏ। ਮਨੁੱਖ ਨੇ ਆਪਣੇ ਵਿਕਾਸਕ੍ਰਮ ਬਾਰੇ ਅਤੇ ਅਪੂਰਣ ਤੱਥਾਂ ਕਾਰਨ ਪਰਿਕਲਪਨਾ ਦੇ ਸੰਯੋਜਨ ਨਾਲ ਰੱਬ ਦੀ ਰਚਨਾ ਕੀਤੀ। ਇਸ ਸਿਧਾਂਤ ਦਾ ਵਰਨਣ ਮਾਰਕਸ-ਏਂਗਲਜ਼ ਨੇ ਆਪਣੇ ਲੇਖਾਂ 'ਚ ਅਕਸਰ ਕੀਤਾ ਹੈ। ਖੁਦ 2009 'ਚ ਇੰਗਲੈਂਡ ਦੇ ਚਰਚ ਨੇ ਆਪਣੇ ਪੂਰਵਜਾਂ ਰਾਹੀਂ ਕੀਤੇ ਗਏ ਵਿਵਹਾਰ ਲਈ ਡਾਰਵਿਨ ਤੋਂ ਮਾਫ਼ੀ ਮੰਗੀ ਸੀ। ਪਰ ਇਸਦੇ ਬਾਵਜੂਦ ਇਕ ਨਵੀਂ ਈਸ਼ਵਰਸੰਗਤ ਧਾਰਣਾ "ਇੰਟੈਲੀਜੈਂਟ ਡਿਜ਼ਾਇਨ" ਡਾਰਵਿਨ ਦੇ ਸਿਧਾਂਤ ਨੂੰ ਨਕਾਰਦੀ ਹੈ। ਇਸਦੇ ਪ੍ਰਚਾਰਕ, ਜਿਸ 'ਚ ਵਿਗਿਆਨਕ ਸ਼ਾਮਿਲ ਹਨ, ਤਰਕ ਦਿੰਦੇ ਹਨ ਕਿ ਕੁਝ ਕੁਦਰਤੀ ਸੰਰਚਨਾਵਾਂ ਇੰਨੀਆਂ ਗੁੰਝਲਦਾਰ ਹਨ ਕਿ ਉਹਨਾਂ ਨੂੰ ਕੋਈ ਉੱਚਤਮ ਪ੍ਰਾਣੀ ਹੀ ਬਣਾ ਸਕਦਾ ਹੈ। ਇਹ ਤਰਕ ਡਾਰਵਿਨ ਦੇ ਸਮਕਾਲੀ ਵਿਰੋਧੀ ਵਿਲੀਅਮ ਪਾਲੀ ਦਾ ਹੀ ਹੈ, ਜਿਹੜਾ ਕਹਿੰਦਾ ਹੈ ਕਿ ਇੰਨਾ ਜਟਿਲ ਡਿਜ਼ਾਇਨ ਸਿਰਫ਼ ਰੱਬ ਰਾਹੀਂ ਹੀ ਬਣਾਇਆ ਜਾ ਸਕਦਾ ਹੈ। ਅਜਿਹੇ ਲੋਕਾਂ ਦੀ ਜਗ੍ਹਾ ਵਾਪਸ ਪ੍ਰਾਇਮਰੀ ਸਕੂਲ ਹੈ ਜਿੱਥੇ ਉਹਨਾਂ ਨੂੰ ਇਹ ਸਮਝਾਇਆ ਜਾਵੇ ਕਿ ਨਰਸਰੀ ਕਲਾਸ ਦੇ ਬੱਚੇ ਉੱਚ ਗਣਿਤ ਨੂੰ ਹੀ ਨਹੀਂ ਸਮਝ ਸਕਦੇ। ਇੰਟੈਲੀਜੈਂਟ ਡਿਜ਼ਾਇਨ ਦੇ ਸਮਰਥਕਾਂ ਰਾਹੀਂ ਦਿੱਤੇ ਗਏ "ਤਰਕ" ਪੂਰੀ ਤਰ੍ਹਾਂ ਨਾਲ ਖੋਖਲੇ ਸਾਬਿਤ ਹੋਏ ਹਨ ਅਤੇ ਖ਼ਾਰਿਜ ਹੋ ਚੁੱਕੇ ਹਨ। ਅਜਿਹੇ ਸਾਰੇ ਵਿਚਾਰ ਅੱਜ ਵੀ ਪਣਪ ਰਹੇ ਹਨ ਜਿਹਨਾਂ ਨੂੰ ਪਾਲਣ-ਪੋਸ਼ਣ ਦਾ ਕੰਮ ਸਾਰੀਆਂ ਸੰਸਥਾਵਾਂ ਕਰ ਰਹੀਆਂ ਹਨ। ਦੱਸਣ ਦੀ ਲੋੜ ਨਹੀਂ ਹੈ ਕਿ ਇਹ ਸਾਰੀਆਂ ਸੰਸਥਾਵਾਂ ਧਾਰਮਿਕ ਹਨ, ਪ੍ਰਬੰਧ ਦੁਆਰਾ ਪਾਲੀਆਂ-ਪੋਸੀਆਂ ਹਨ। ਅਜਿਹੀ ਹਾਲਤ 'ਚ ਇਕ ਜ਼ਰੂਰੀ ਸਵਾਲ ਦਿਮਾਗ 'ਚ ਉੱਠਣਾ ਲਾਜ਼ਮੀ ਹੈ — ਜਦੋਂ ਵਿਗਿਆਨ ਨੇ ਪਦਾਰਥਵਾਦੀ ਫਲਸਫੇ ਨੂੰ ਇਸ ਹੱਦ ਤੱਕ ਤਸਦੀਕ ਕੀਤਾ ਹੈ, ਡੂੰਘਾ ਕੀਤਾ ਹੈ, ਵਿਸਥਾਰ ਦਿੱਤਾ ਹੈ ਤਾਂ ਫਿਰ ਸਾਰੀਆਂ ਤਰਕਹੀਨ ਵਿਆਖਿਆਵਾਂ ਵਿਗਿਆਨ ਤੋਂ ਲੈ ਕੇ ਗਿਆਨ-ਖੇਤਰ 'ਚ ਅੱਜ ਵੀ ਮੌਜੂਦ ਕਿਉਂ ਹਨ ? ਆਖ਼ਰ ਇਸਦੇ ਪਿੱਛੇ ਕਾਰਨ ਕੀ ਹਨ ? ਕਿਵੇਂ ਸਾਰੇ ਫਲਸਫੇ ਮਨੁੱਖੀ ਦਿਮਾਗ 'ਤੇ ਆਪਣਾ ਅਸਰ ਛੱਡਦੇ ਹਨ ? ਕੀ ਸਾਰੀਆਂ ਸੋਚਾਂ ਅਤੇ ਇੱਛਾਵਾਂ ਸਿਰਫ਼ ਵਿਅਕਤੀਗਤ ਹੁੰਦੀਆਂ ਹਨ ? ਇਸ ਸਵਾਲ ਨੂੰ ਜੇਕਰ ਆਪਣੇ ਸਮਾਜ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਇਹ ਸਵਾਲ ਹੋਰ ਵੀ ਸਾਫ ਹੋ ਜਾਂਦਾ ਹੈ। ਕਿਉਂ ਸਾਰੇ ਇਨਸਾਨਾਂ ਰਾਹੀਂ ਆਜ਼ਾਦੀ, ਬਰਾਬਰੀ ਅਤੇ ਨਿਆਂ ਦੀ ਇੱਛਾ ਪ੍ਰਗਟ ਕਰਨ ਦੇ ਬਾਵਜੂਦ ਸਮਾਜ 'ਚ ਧਰੁਵੀਕਰਨ ਮੌਜੂਦ ਹੈ ? ਅਨਿਆਂ, ਝੂਠ ਅਤੇ ਹਨ੍ਹੇਰਗਰਦੀ ਹਰ ਪਾਸੇ ਫੈਲੀ ਹੋਈ ਹੈ ?

ਇਸਦੀ ਵਜ੍ਹਾ ਸਮਾਜਿਕ ਅਤੇ ਇਤਿਹਾਸਿਕ ਹੈ। ਅਸੀਂ ਇਕ ਜਮਾਤੀ ਸਮਾਜ 'ਚ ਰਹਿ ਰਹੇ ਹਾਂ। ਜਮਾਤੀ ਸਮਾਜ ਦੇ ਆਰਥਿਕ ਪ੍ਰਬੰਧ ਦੀ ਬੁਨਿਆਦ ਅਸਮਾਨਤਾ ਹੁੰਦੀ ਹੈ। ਇਸ ਸਮਾਜ 'ਚ ਇਕ ਜਮਾਤ ਅਬਾਦੀ ਦਾ ਇਕ ਛੋਟਾ ਜਿਹਾ ਹਿੱਸਾ ਹੋਣ ਅਤੇ ਕਿਸੇ ਵੀ ਕਿਸਮ ਦੀ ਉਤਪਾਦਨ ਸਰਗਰਮੀ ਦਾ ਅੰਗ ਨਾ ਹੋਣ ਦੇ ਬਾਵਜੂਦ ਜਿਆਦਾਤਰ ਸਰੋਤਾਂ 'ਤੇ ਕੰਟਰੋਲ ਰੱਖਦੀ ਹੈ ਅਤੇ ਹਕੂਮਤ-ਸੂਤਰ ਵੀ ਉਸਦੇ ਨੁਮਾਇੰਦਿਆਂ ਦੇ ਹੱਥ 'ਚ ਹੁੰਦਾ ਹੈ, ਜਦੋਂ ਕਿ ਦੂਜੀ ਜਮਾਤ ਅਬਾਦੀ ਦਾ ਬਹੁਗਿਣਤੀ ਹੋਣ ਅਤੇ ਜੀਵਨ ਲਈ ਜ਼ਰੂਰੀ ਸਾਰੀਆਂ ਸ਼ਰਤਾਂ ਨੂੰ ਪੈਦਾ ਕਰਨ ਦੇ ਬਾਵਜੂਦ ਆਪਣੀ ਹੀ ਹੋਣੀ ਦੇ ਕੰਟਰੋਲ ਤੋਂ ਵਾਂਝੀ ਹੁੰਦੀ ਹੈ ਅਤੇ ਪੂਰੀ ਤਰ੍ਹਾਂ ਧਨਾਢ ਜਮਾਤਾਂ ਦੀ ਸਰਦਾਰੀ ਅਧੀਨ ਹੁੰਦੀ ਹੈ। ਹਾਕਮ ਜਮਾਤ ਇਸ ਹਾਲਤ ਨੂੰ ਬਣਾਈ ਰੱਖਣ ਲਈ ਜੇਕਰ ਮਹਿਜ਼ ਆਪਣੀ ਰਾਜਸੱਤਾ ਰਾਹੀਂ ਬਲ-ਪ੍ਰਯੋਗ ਦਾ ਰਾਹ ਅਪਣਾਏਗੀ ਤਾਂ ਨਿਸ਼ਚਿਤ ਰੂਪ ਨਾਲ ਇਹ ਬਹੁਤ ਲੰਮੇ ਸਮੇਂ ਤੱਕ ਨਹੀਂ ਚਲ ਸਕੇਗੀ। ਇਹੀ ਵਜ੍ਹਾ ਹੈ ਕਿ ਹਾਕਮ ਜਮਾਤ ਆਪਣੀ ਸਿੱਖਿਆ, ਸੱਭਿਆਚਾਰ, ਮੀਡੀਆ ਅਤੇ ਸੰਸਥਾਵਾਂ ਰਾਹੀਂ ਮਹਿਕੂਮ ਜਮਾਤ ਦੇ ਦਿਮਾਗ 'ਚ ਯਥਾਸਥਿਤੀਵਾਦ, ਕਿਸਮਤਵਾਦ, ਗੈਰ-ਤਾਰਕਿਕਤਾ, ਖੂਹ ਦਾ ਡੱਡੂਪੁਣਾ, ਨਿਰਾਸ਼ਾ ਅਤੇ ਨਿਰਭਰਤਾ ਪੈਦਾ ਕਰਦੀ ਹੈ। ਧਰਮ ਅਜਿਹੀ ਹੀ ਇਕ ਸੰਸਥਾ ਦੇ ਰੂਪ 'ਚ ਲੁੱਟੀ-ਲਤਾੜੀ ਵਸੋਂ ਨੂੰ ਕਿਸਮਤਵਾਦੀ ਬਣਾਉਂਦਾ ਹੈ, ਉਸਦੇ ਦੁੱਖਾਂ-ਤਕਲੀਫ਼ਾਂ ਲਈ ਇਸਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ, ਹੱਲ ਲਈ ਆਸਮਾਨ ਵੱਲ ਦੇਖਣਾ ਸਿਖਾਉਂਦਾ ਹੈ ਅਤੇ ਬਾਹਰੀ ਸੰਸਾਰ 'ਚ ਹੀ ਉਸਦੇ ਮੂਹਰੇ ਮੌਜੂਦ ਦੁਸ਼ਮਣ ਤੋਂ ਉਸਦਾ ਧਿਆਨ ਹਟਾਉਂਦਾ ਹੈ। ਪੂਰੇ ਸਮਾਜ 'ਚ ਹਾਕਮ ਜਮਾਤਾਂ ਦੀ ਹੇਜੇਮਨੀ ਕਾਇਮ ਰਹੇ ਇਸ ਲਈ ਵਿਗਿਆਨ, ਸੱਭਿਆਚਾਰ, ਕਲਾ, ਇਤਿਹਾਸ ਆਦਿ ਗਿਆਨ ਦੇ ਸਾਰੇ ਖੇਤਰਾਂ 'ਚ ਗੈਰ-ਤਾਰਕਿਕ, ਅਣਇਤਿਹਾਸਕ ਅਤੇ ਹਾਕਮ ਜਮਾਤ ਦੀ ਸੇਵਾ ਕਰਨ ਵਾਲੇ ਵਿਚਾਰਾਂ ਨੂੰ ਵਾੜਿਆ ਅਤੇ ਸਥਾਪਿਤ ਕੀਤਾ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਵਿਗਿਆਨ ਦੀ ਆਪਣੀ ਅਜ਼ਾਦ ਗਤੀ ਅਤੇ ਉਸ ਰਾਹੀਂ ਹੋਣ ਵਾਲੀਆਂ ਖੋਜਾਂ ਹਮੇਸ਼ਾਂ ਦਵੰਦਾਤਮਕ ਪਦਾਰਥਵਾਦੀ ਜੀਵਨਦ੍ਰਿਸ਼ਟੀ ਨੂੰ ਪੁਸ਼ਟ ਕਰਦੀਆਂ ਹਨ, ਪਰ ਹਾਕਮ ਜਮਾਤ ਦੇ ਫਲਸਫੇ ਇਸਨੂੰ ਸਦਾ ਬੀਮਾਰ ਕਰਨ, ਇਸਨੂੰ ਤੋੜਨ-ਮਰੋੜਨ ਅਤੇ ਆਪਣੇ ਹਿੱਤਾਂ ਅਤੇ ਸਿਧਾਂਤਾਂ ਦੇ ਅਨੁਰੂਪ ਵਿਆਖਿਆ ਕਰਨ ਦਾ ਯਤਨ ਕਰਦੇ ਰਹਿੰਦੇ ਹਨ। ਇਹੀ ਵਜ੍ਹਾ ਹੈ ਕਿ ਅੱਜ ਵਿਗਿਆਨ ਦਾ ਵਿਕਾਸ ਪੈਰ-ਪੈਰ 'ਤੇ ਹਾਕਮ ਜਮਾਤ ਦੀਆਂ ਸਾਜ਼ਿਸ਼ਾਂ ਅਤੇ ਚਾਲਾਂ ਕਰਕੇ ਰੁਕਿਆ ਹੋਇਆ ਹੈ। ਅੱਜ ਵਿਗਿਆਨ ਇਕ ਸੰਕਟ ਦਾ ਸ਼ਿਕਾਰ ਹੈ। ਇਸ ਸੰਕਟ ਤੋਂ ਉਸਨੂੰ ਮੁਕਤੀ ਉਦੋਂ ਹੀ ਮਿਲ ਸਕਦੀ ਹੈ ਜਦੋਂ ਉਸਦੇ ਵਿਕਾਸ ਦੇ ਪੈਰਾਂ 'ਤੇ ਪਈਆਂ ਜ਼ੰਜੀਰਾਂ ਨੂੰ ਤੋੜ ਕੇ ਸੁੱਟਿਆ ਜਾਵੇ। ਵਿਗਿਆਨ ਅਤੇ ਆਸਥਾ ਦਰਮਿਆਨ ਟਕਰਾਅ 'ਚ ਵਿਗਿਆਨ ਅੱਜ ਤੱਕ ਜੇਤੂ ਰਿਹਾ ਹੈ ਅਤੇ ਉਸਨੇ ਆਸਥਾ ਦੇ ਪ੍ਰਭਾਵ-ਖੇਤਰ ਨੂੰ ਸੁੰਗੇੜਨ ਦਾ ਕੰਮ ਕੀਤਾ ਹੈ। ਮੌਜੂਦਾ ਅਵਿਗਿਆਨਿਕ ਪੂੰਜੀਵਾਦੀ ਪ੍ਰਬੰਧ ਖੂਹ ਦਾ ਡੱਡੂਪੁਣਾ ਅਤੇ ਗੈਰ-ਤਾਰਕਿਕਤਾ ਫੈਲਾਉਣ ਦੇ ਆਪਣੇ ਯਤਨਾਂ ਜ਼ਰੀਏ ਨਵੇਂ ਸਿਰੇ ਤੋਂ ਮੂਰਖ਼ਤਾਪੂਰਨ ਆਸਥਾਵਾਂ ਨੂੰ ਜਨਮ ਦੇ ਰਿਹਾ ਹੈ। ਵਿਗਿਆਨ ਨੂੰ ਇਹਨਾਂ ਨਵੇਂ ਖੂਹ ਦੇ ਡੱਡੂਪੁਣਿਆਂ 'ਤੇ ਜਿੱਤ ਹਾਸਲ ਕਰਨੀ ਹੋਵੇਗੀ ਅਤੇ ਇਸ ਲਈ ਸਿਰਫ਼ ਕੁਝ ਵਿਗਿਆਨਕ ਪ੍ਰਤਿਭਾਵਾਂ ਦੀ ਲੋੜ ਨਹੀਂ ਹੈ, ਸਗੋਂ ਸਮਾਜਿਕ-ਆਰਥਿਕ ਬਦਲਾਅ ਦੀ ਲੋੜ ਹੈ। •

ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿਨ੍ਹਾਂ ਦੀ ਸੇਵਾ ਕਰਦਾ ਹੈ ?

● ਅਲੋਕ ਰੰਜਨ

(ਸੱਤਵੀਂ ਕਿਸ਼ਤ)

ਕਿਵੇਂ ਤਿਆਰ ਹੋਇਆ ਭਾਰਤੀ ਸੰਵਿਧਾਨ ?

ਇਸ ਲੇਖ 'ਚ ਪਹਿਲਾਂ ਇਸ ਤੱਥ ਦੀ ਵਿਸਥਾਰ ਨਾਲ ਚਰਚਾ ਕੀਤੀ ਜਾ ਚੁੱਕੀ ਹੈ ਕਿ ਕਿਸ ਤਰ੍ਹਾਂ ਕੈਬਨਿਟ ਮਿਸ਼ਨ ਦੀ ਯੋਜਨਾ ਅਨੁਸਾਰ, ਸੰਵਿਧਾਨ ਸਭਾ ਦੇ ਮੈਂਬਰ ਸਰਬਜਨਕ ਵੋਟ ਦੇ ਹੱਕ ਦੇ ਅਧਾਰ ਦੇ ਬਜਾਇ ਸੂਬਾਈ ਅਸੈਂਬਲੀਆਂ ਦੇ ਉਹਨਾਂ ਮੈਂਬਰਾਂ ਰਾਹੀਂ ਚੁਣੇ ਗਏ ਸਨ ਜਿਹੜੇ ਖੁਦ ਮਹਿਜ਼ 11.5 ਪ੍ਰਤੀਸ਼ਤ ਬਾਲਗ ਨਾਗਰਿਕਾਂ ਰਾਹੀਂ ਚੁਣੇ ਗਏ ਸਨ। 1935 ਦੇ 'ਗਵਰਨਮੈਂਟ ਆਫ ਇੰਡੀਆ ਐਕਟ' ਨੂੰ ਕਦੇ "ਗੁਲਾਮੀ ਦਾ ਚਾਰਟਰ" ਦਾ ਨਾਂ ਦੇਣ ਵਾਲੀ ਕਾਂਗਰਸ ਲੋਕਾਂ ਦੀਆਂ ਉਮੀਦਾਂ ਨਾਲ ਵਿਸ਼ਵਾਸਘਾਤ ਕਰਕੇ ਉਸੇ ਕਾਨੂੰਨ ਦੇ ਪ੍ਰਬੰਧਾਂ ਨੂੰ ਮੰਨਦੇ ਹੋਏ ਚੋਣ 'ਚ ਹਿੱਸੇਦਾਰ ਬਣੀ ਸੀ। ਇਸਦੀ ਬੁਨਿਆਦੀ ਵਜ੍ਹਾ ਉੱਗਰ ਹੁੰਦੇ ਜਮਾਤੀ ਸੰਘਰਸ਼ ਅਤੇ ਲੋਕ ਇਨਕਲਾਬ ਦੇ ਵਿਸਫੋਟ ਦਾ ਡਰ ਸੀ।

ਇਹ ਵਰਨਣ ਵੀ ਪਹਿਲਾਂ ਕੀਤਾ ਜਾ ਚੁਕਾ ਹੈ ਕਿ ਮੁਸਲਿਮ ਲੀਗ ਦੇ 73 ਮੈਂਬਰਾਂ ਨੇ ਸੰਵਿਧਾਨ ਸਭਾ ਦੀ ਕਾਰਵਾਈ 'ਚ ਕਦੇ ਵੀ ਹਿੱਸਾ ਨਹੀਂ ਲਿਆ। ਫਿਰ ਕਾਂਗਰਸ ਨੇ ਲੀਗ ਦੇ ਬਿਨਾਂ ਹੀ ਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਕੰਮ ਅੱਗੇ ਵਧਾਉਣ ਦਾ ਫੈਸਲਾ ਕੀਤਾ। ਸੰਵਿਧਾਨ ਸਭਾ ਦਾ ਉਦਘਾਟਨ ਸੈਸ਼ਨ 9 ਦਿਸਬੰਰ 1946 ਤੱਕ ਨਵੀਂ ਦਿੱਲੀ ਦੇ ਕਾਂਸਟਿਚਿਉਸ਼ਨਲ ਹਾਲ (ਵਰਤਮਾਨ ਸੰਸਦ ਦਾ ਸੈਂਟਰਲ ਹਾਲ) 'ਚ ਚਲਿਆ ਜਿਸ 'ਚ ਕੁਲ 207 ਨੁਮਾਇੰਦੇ ਮੌਜੂਦ ਸਨ। ਸੰਵਿਧਾਨ ਦੀ ਤਿਆਰੀ 'ਚ ਕੁੱਲ ਗਿਆਰਾਂ ਮਹੀਨੇ 17 ਦਿਨ ਦਾ ਸਮਾਂ ਲੱਗਿਆ। ਸੰਵਿਧਾਨ ਸਭਾ ਦੇ ਕੁੱਲ ਗਿਆਰਾਂ ਸੈਸ਼ਨ ਚੱਲੇ ਜਿਹਨਾਂ 'ਚ 165 ਦਿਨ ਦਾ ਸਮਾਂ ਲੱਗਿਆ। ਸੰਵਿਧਾਨ ਸਭਾ ਦੇ ਪ੍ਰਧਾਨ ਸੱਜੇਪੱਖੀ ਕਾਂਗਰਸੀ ਡਾ. ਰਾਜੇਂਦਰ ਪ੍ਰਸਾਦ ਸਨ।

13 ਦਿਸਬੰਰ 1946 ਨੂੰ ਜਵਾਹਰ ਲਾਲ ਨਹਿਰੂ ਨੇ ਸੰਵਿਧਾਨ ਸਭਾ 'ਚ 'ਉਦੇਸ਼ ਬਾਰੇ ਮਤਾ' ਪੇਸ਼ ਕੀਤਾ, ਜਿਸਨੂੰ ਦੂਜੇ ਸੈਸ਼ਨ (20-25 ਜਨਵਰੀ 1947) ਦੌਰਾਨ, 22 ਜਨਵਰੀ 1947 ਨੂੰ ਸਰਵਸੰਮਤੀ ਨਾਲ ਸਵੀਕਾਰ ਕਰ ਲਿਆ ਗਿਆ। ਕਾਂਗਰਸੀ ਨਜ਼ਰੀਏ ਦੇ ਇਤਿਹਾਸਕਾਰ 9 ਜਨਵਰੀ 1946 ਨੂੰ ਭਾਰਤ 'ਚ ਸੰਵਿਧਾਨਕ ਜਮਹੂਰੀ ਗਣਤੰਤਰ ਦੀ ਸਥਾਪਨਾ ਦੀ ਪ੍ਰਕਿਰਿਆ ਦਾ ਇਕ ਮਹੱਤਵਪੂਰਨ ਦਿਨ ਮੰਨਦੇ ਹਨ। ਪਰ ਇੱਥੇ ਇਸ ਤੱਥ ਨੂੰ ਰੇਖਾਂਕਿਤ ਕੀਤਾ ਜਾਣਾ ਚਾਹੀਦਾ ਹੈ ਕਿ ਨਾ ਕੇਵਲ ਇਹ ਸੰਵਿਧਾਨ ਸਭਾ ਦੇਸ਼ ਦੇ ਸਿਰਫ਼ 11.5 ਪ੍ਰਤੀਸ਼ਤ ਖਾਸ ਹੱਕ ਪ੍ਰਾਪਤ ਚੋਣ ਲੜਨ ਵਾਲਿਆਂ ਰਾਹੀਂ ਅਸਿੱਧੇ ਚੁਣੀ ਗਈ ਸੀ, ਸਗੋਂ ਲੀਗ ਦੇ 73 ਮੈਂਬਰਾਂ ਦੇ ਬਾਈਕਾਟ ਮਗਰੋਂ ਵਨਸੁਵੰਨ ਕਿਸਮ ਦੀਆਂ ਰਾਖਵੀਆਂ ਅਤੇ ਨਾਮਜ਼ਦ ਸੀਟਾਂ ਵਾਲੀ ਇਸ ਕੇਂਦਰੀ ਅਸੈਂਬਲੀ 'ਚ ਮੁਸਲਿਮ ਵਸੋਂ ਦੀ ਨੁਮਾਇੰਦਗੀ ਸਿਰਫ਼ 4 ਕਾਂਗਰਸੀ ਮੁਸਲਿਮ ਮੈਂਬਰ ਕਰ ਰਹੇ ਸਨ। ਵੰਡ ਦੀ ਪ੍ਰਕ੍ਰਿਆ ਵੀ ਵਿਵਹਾਰਿਕ ਤੌਰ 'ਤੇ 9 ਜਨਵਰੀ 1946 ਨੂੰ ਹੀ ਸ਼ੁਰੂ ਹੋ ਚੁੱਕੀ ਸੀ। ਇਸ ਇਤਿਹਾਸਿਕ ਪਿੱਠਭੂਮੀ ਦਾ ਵੀ ਰੇਖਾਂਕਣ ਇਥੇ ਜ਼ਰੂਰੀ ਹੈ ਕਿ ਸੰਵਿਧਾਨ ਸਭਾ ਵੀ ਅਜ਼ਾਦ ਭਾਰਤ ਦੀ ਪਹਿਲੀ ਨੀਤੀ ਘਾੜਨੀ ਦੇ ਰੂਪ 'ਚ ਕੰਮ ਕਰ ਰਹੀ ਸੀ ਜਿਸਦਾ ਢਾਂਚਾ ਕੈਬਿਨਿਟ ਮਿਸ਼ਨ ਪਲਾਨ ਰਾਹੀਂ ਤੈਅ ਕੀਤਾ ਹੋਇਆ ਸੀ ਅਤੇ ਜਿਸਨੇ ਹੋਂਦ 'ਚ ਆਉਣ ਦੇ ਸ਼ੁਰੂਆਤੀ ਅੱਠ ਮਹੀਨਿਆਂ ਤੱਕ ਬਸਤੀਵਾਦੀ ਸੱਤਾ ਤਹਿਤ ਕੰਮ ਕੀਤਾ ਸੀ।

ਨਹਿਰੂ ਦੇ ਜੀਵਨੀਕਾਰ ਮਾਇਕਲ ਬ੍ਰੇਸ਼ਰ ਨੇ ਲਿਖਿਆ ਸੀ ਕਿ ਭਾਰਤੀ ਸੰਵਿਧਾਨ ਦੀ ਇਕ ਵਰਨਣਯੋਗ ਖਾਸੀਅਤ ਐਂਗਲੋ-ਭਾਰਤੀ ਪਰੰਪਰਾ ਦੀ ਲਗਾਤਾਰਤਾ ਸੀ। ਇਸ 'ਚ 1935 ਦੇ 'ਗਵਰਨਮੈਂਟ ਆਫ ਇੰਡੀਆ ਐਕਟ' ਦੀਆਂ 395 'ਚੋਂ 250 ਧਾਰਾਵਾਂ ਨੂੰ ਜਾਂ ਤਾਂ ਜਿਉਂ ਦੀ ਤਿਉਂ ਜਾਂ ਥੋੜ੍ਹਾ-ਬਹੁਤ ਸ਼ਾਬਦਿਕ ਤਬਦੀਲੀਆਂ ਨਾਲ ਸ਼ਾਮਿਲ ਕਰ ਲਿਆ ਗਿਆ ਸੀ ('ਨਹਿਰੂ – ਏ ਪੋਲਿਟਿਕਲ ਬਾਯੋਗ੍ਰਾਫੀ' ਲੰਦਨ, 1959, ਪੰਨਾ 421)।ਆਪਣੀ ਕਿਤਾਬ 'ਮਿਸ਼ਨ ਵਿਦ ਮਾਊਂਟਬੇਟਨ' (ਲੰਦਨ, 1951, ਪੰਨਾ 319, 355) 'ਚ ਐਲਨ ਕੈਂਪਬੇਲ ਜਾਨਸਨ ਨੇ ਵੀ ਇਹੀ ਵਿਚਾਰ ਰੱਖੇ ਹਨ। ਭਾਰਤੀ ਵੱਡੇ ਸਰਮਾਏਦਾਰਾਂ ਦੇ ਇਕ ਮੋਹਰੀ ਆਗੂ ਅਤੇ ਗਾਂਧੀ ਦੇ ਲਾਡਲੇ ਘਨਸ਼ਾਮ ਦਾਸ ਬਿਰਲਾ ਨੇ ਮਾਣ ਨਾਲ ਐਲਾਨ ਕੀਤਾ ਕਿ ਅਸੀਂ ਜਿਸ ਸੰਵਿਧਾਨ ਨੂੰ ਪਾਸ ਕੀਤਾ ਹੈ ਉਸ 'ਚ 1935 ਦੇ ਕਾਨੂੰਨ ਦੇ ਵੱਡੇ ਹਿੱਸੇ ਨੂੰ ਜਿਉਂ ਦੀ ਤਿਉਂ ਅਪਣਾ ਲਿਆ ਗਿਆ ਹੈ, ਇਹ ਦਿਖਾਉਂਦਾ ਹੈ ਕਿ ਉਸ ਕਾਨੂੰਨ 'ਚ ਭੱਵਿਖ ਦੀਆਂ ਸਾਡੀਆਂ ਯੋਜਨਾਵਾਂ ਦਾ ਖਾਕਾ ਮੌਜੂਦ ਸੀ (ਬਿਰਲਾ-'ਇਨ ਦੀ ਸ਼ੈਡੋ ਆਫ਼ ਦੀ ਮਹਾਤਮਾ',ਬੰਬਈ, 1968, ਪੰਨਾ 131)। ਯਾਨੀ ਕਾਂਗਰਸ ਲਈ ਜਿਹੜਾ ਕਾਨੂੰਨ ਕਦੇ ਗੁਲਾਮੀ ਦਾ ਚਾਰਟਰ ਸੀ, ਉਹੀ ਅਸਲ 'ਚ, ਕਾਫ਼ੀ ਹੱਦ ਤੱਕ ਦੇਸੀ ਪੂੰਜੀਵਾਦੀ ਸੱਤਾ ਦੇ ਹਕੂਮਤ-ਵਿਧਾਨ ਦਾ ਬਲੂ-ਪ੍ਰਿੰਟ ਸੀ।

ਗਾਂਧੀ ਦੀ ਲੀਡਰਸ਼ਿਪ 'ਚ ਕਾਂਗਰਸ ਦਾ ਸਮੁੱਚਾ ਇਤਿਹਾਸ ਲੋਕ ਲਹਿਰਾਂ ਜ਼ਰੀਏ ਦਬਾਅ ਬਣਾਉਣ ਅਤੇ ਫਿਰ ਕੁਝ ਰਿਆਇਤਾਂ ਹਾਸਿਲ ਕਰਕੇ ਲੋਕ ਅਕਾਂਖਿਆਵਾਂ ਨਾਲ ਵਿਸ਼ਵਾਸਘਾਤ ਕਰਦੇ ਹੋਏ ਸਮਝੌਤਾ ਕਰ ਲੈਣ, ਸਾਮਰਾਜਵਾਦੀ ਸੰਸਾਰ ਦੀਆਂ ਵਿਰੋਧਤਾਈਆਂ ਅਤੇ ਬ੍ਰਿਟਿਸ਼ ਬਸਤੀਵਾਦੀਆਂ ਦੀ ਹਰ ਮਜ਼ਬੂਰੀ ਦਾ ਲਾਭ ਚੁੱਕਣ ਅਤੇ ਲੋਕ ਸੰਘਰਸ਼ਾਂ ਨੂੰ ਕੰਟਰੋਲ ਤੋਂ ਬਾਹਰ ਨਾ ਜਾਣ ਦੇਣ ਦਾ ਇਤਿਹਾਸ ਰਿਹਾ ਸੀ। ਕਿਸਾਨਾਂ ਅਤੇ ਵਿਆਪਕ ਆਮ ਲੋਕਾਂ ਨੂੰ ਖਿੱਚਣ ਲਈ "ਸੰਤ" ਗਾਂਧੀ ਦਾ ਯੂਟੋਪੀਆ ਸੀ, ਰੈਡੀਕਲ ਮੱਧਵਰਗ ਨੂੰ ਲੁਭਾਉਣ ਲਈ ਨਹਿਰੂ ਦਾ

''ਖੱਬੇਪੱਖੀ'' ਮੁਖੌਟਾ ਸੀ ਅਤੇ ਪੂੰਜੀਪਤੀ ਜਮਾਤ ਨੂੰ ਭਰੋਸੇ 'ਚ ਲੈਣ ਲਈ ਵਿਵਹਾਰ ਕੁਸ਼ਲ ਅਣਉਦਾਰਵਾਦੀ ਪਟੇਲ, ਰਾਜੇਂਦਰ ਪ੍ਰਸ਼ਾਦ, ਰਾਜਗੋਪਾਲਾਚਾਰੀ, ਟੰਡਨ ਅਤੇ ਪੰਤ ਵਰਗੇ ਲੋਕ ਸਨ। ਸਾਰੇ ਲੋਕਲੁਭਾਊ ਅਤੇ ਰੈਡੀਕਲ ਨਾਅਰਿਆਂ-ਵਾਅਦਿਆਂ ਦੀ ਕਥਨੀ ਦੇ ਬਾਵਜੂਦ, ਭਾਰਤੀ ਪੂੰਜੀਪਤੀ ਜਮਾਤ ਨੂੰ ਕਾਂਗਰਸ ਦੀ ਅਸਲੀ ਕਰਨੀ 'ਤੇ ਪੂਰਾ ਭਰੋਸਾ ਸੀ ਅਤੇ ਕਾਂਗਰਸ ਇਸ ਭਰੋਸੇ 'ਤੇ ਪੂਰੀ ਤਰ੍ਹਾਂ ਖਰੀ ਉਤਰੀ। ਸੰਵਿਧਾਨ-ਬਣਾਉਣ ਦੀ ਪ੍ਰਕ੍ਰਿਆ 'ਚ ਵੀ ਕਾਂਗਰਸ ਦੀ ਸੰਰਚਨਾ ਅਤੇ ਨੀਤੀ-ਯੁੱਧਨੀਤੀ ਦੀ ਪੂਰੀ ਝਲਕ ਸਾਨੂੰ ਦੇਖਣ ਨੂੰ ਮਿਲਦੀ ਹੈ।

ਲੀਗ ਦੇ ਬਾਈਕਾਟ ਮਗਰੋਂ ਸੰਵਿਧਾਨ ਸਭਾ(ਜਿਹੜੀ ਕੇਂਦਰੀ ਅਸੈਂਬਲੀ ਵੀ ਸੀ) ਦੀ ਸਰੰਚਨਾ ਅਸਲ 'ਚ ਇਕ-ਦਲੀ ਹੋ ਕੇ ਰਹਿ ਗਈ ਸੀ। ਕਾਂਗਰਸੀਆਂ ਤੋਂ ਛੁੱਟ ਬਹੁਤ ਥੋੜੇ ਹੋਰ ਚੋਣ ਨੁੰਮਾਇੰਦੇ ਸਨ, ਬਾਕੀ ਕੁਝ ਰਿਆਸਤਾਂ ਦੇ ਨਾਮਜਦ ਨੁਮਾਇੰਦੇ ਸਨ। ਜਿਹੜੇ ਵੀ ਨੀਤੀਗਤ ਵਿਰੋਧ ਅਤੇ ਮੱਤਭੇਦ ਸਨ ਉਹ ''ਖੱਬਪੱਖੀ ਕਾਂਗਰਸੀਆਂ ਅਤੇ ਸੱਜੇਪੱਖੀ ਕਾਂਗਰਸੀਆਂ ਦਰਮਿਆਨ ਹੀ ਸਨ ਅਤੇ ਉਹਨਾਂ ਨੂੰ ਵੀ ਬੇਹੱਦ ਤਣਾਅਮੁਕਤ ਢੰਗ ਨਾਲ ਹੱਲ ਕਰ ਲਿਆ ਗਿਆ। ਨਹਿਰੂ ਦੀ ਅਗਵਾਈ ਵਾਲਾ ''ਖੱਬਾ'' ਧੜਾ ਘੱਟਗਿਣਤੀ 'ਚ ਸੀ, ਪਰ ਉਹਨਾਂ ਦੇ ਲੋਕਲੁਭਾਊ ਚਿਹਰੇ ਅਤੇ ਸਮਾਜਵਾਦੀ ਨੀਤੀਆਂ (ਅਸਲ 'ਚ ਸਮਾਜਵਾਦ ਦੇ ਨਾਂ 'ਤੇ ਰਾਜਕੀ ਪੂੰਜੀਵਾਦੀ ਨੀਤੀਆਂ) ਨੂੰ ਅੱਗੇ ਰੱਖ ਕੇ ਚੱਲਣ ਦਾ ਮੱਹਤਵ ਭਾਰਤੀ ਪੂੰਜੀਪਤੀ ਜਮਾਤ ਬਖ਼ੂਬੀ ਸਮਝਦੀ ਸੀ। ਇਸ ''ਖੱਬੇ'' ਧੜੇ ਜਾਂ ਨਹਿਰੂਆਈ ''ਸਮਾਜਵਾਦ'' ਦਾ ਸੱਪਸ਼ਟ ਪ੍ਰਭਾਵ ਸੰਵਿਧਾਨ ਦੇ ਚੌਥੇ ਭਾਗ 'ਚ ਸਾਨੂੰ ਦੇਖਣ ਨੂੰ ਮਿਲਦਾ ਹੈ ਜਿਥੇ ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤਾਂ ਦੀ ਚਰਚਾ ਕੀਤੀ ਗਈ ਹੈ। ਇਸ ਹਿੱਸੇ 'ਚ ਜਮਹੂਰੀਅਤ, ਸਮਾਜਵਾਦ ਅਤੇ ਲੋਕਾਂ ਪ੍ਰਤੀ ਰਾਜ ਦੀ ਜਿੰਮੇਦਾਰੀ-ਜਵਾਬਦੇਹੀ ਦੀ ਲੰਮੀ-ਚੌੜੀ ਲਫ਼ਾਜੀ ਕੀਤੀ ਗਈ ਹੈ। ਪੂੰਜੀਪਤੀ ਕਾਨੂੰਨ ਦੇ ਜਾਣਕਾਰ ਅਤੇ ਸੰਵਿਧਾਨ ਮਾਹਰ ਇਸ ਨੂੰ ਭਾਰਤੀ ਸੰਵਿਧਾਨ ਦੀ ''ਆਤਮਾ'' ਅਤੇ ''ਬੁਨਿਆਦੀ ਤੱਤ'' ਅਤੇ ''ਬੁਨਿਆਦੀ ਮਤਲਬ'' ਦੀ ਸੰਗਿਆ ਦਿੰਦੇ ਹਨ, ਪਰ ਹਾਸੋਹੀਣੀ ਗੱਲ ਇਹ ਹੈ ਕਿ ਇਹਨਾਂ ਦੀ ਪਾਲਣਾ ਰਾਜ ਲਈ ਕਾਨੂੰਨੀ ਰੂਪ 'ਚ ਲਾਜ਼ਮੀ ਨਹੀਂ ਹੈ, ਇਹਨਾਂ ਨੂੰ 'ਨਾਨ ਜਸਟਿਸਿਏਬਲ' ਦਾ ਦਰਜਾ ਦਿੱਤਾ ਗਿਆ ਹੈ। ਸੰਵਿਧਾਨ ਲਾਗੂ ਹੋਣ ਦੇ ਛੇ ਦਹਾਕਿਆਂ ਦੌਰਾਨ ਭਾਰਤੀ ਰਾਜਸੱਤਾ ਸੰਵਿਧਾਨ 'ਚ ਵਰਣਿਤ ਇਹਨਾਂ ਦਿਸ਼ਾ-ਨਿਰਦੇਸ਼ਾਂ ਜਾਂ ਆਦਰਸ਼ਾਂ ਤੋਂ ਵੱਧ ਤੋਂ ਵੱਧ ਦੂਰ ਹੁੰਦੀ ਚਲੀ ਗਈ ਹੈ, ਪਰ ਸੰਵਿਧਾਨ 'ਚ ਨੀਤੀ ਰਹਿਨੁਮਾ ਸਿਧਾਂਤ ਅੱਜ ਵੀ ਮੌਜੂਦ ਰਹਿ ਕੇ ਆਮ ਲੋਕਾਂ ਦੀ ਜ਼ਿੰਦਗੀ ਦੀਆਂ ਹਾਲਤਾਂ ਦਾ ਮਜ਼ਾਕ ਉਡਾ ਰਹੇ ਹਨ ਅਤੇ ਹਾਕਮ ਜਮਾਤਾਂ ਦੀ ਬੇਸ਼ਰਮੀ ਦੀ ਵੰਨਗੀ ਪੇਸ਼ ਕਰ ਰਹੇ ਹਨ। ਸੰਵਿਧਾਨ 'ਚ ਕਾਨੂੰਨੀ ਰੂਪ 'ਚ ਲਾਜ਼ਮੀ ਉਹ ਹਿੱਸਾ ਹੈ ਜਿਥੇ ਨਾਗਰਿਕਾਂ ਦੇ ਬੁਨਿਆਦੀ ਹੱਕਾਂ ਦੀ ਚਰਚਾ ਕੀਤੀ ਗਈ ਹੈ। ਇਸ ਹਿੱਸੇ 'ਤੇ ਕਾਂਗਰਸ ਦੇ ਸਾਰੇ ਧੜਿਆਂ ਦੀ ਆਮ ਸਹਿਮਤੀ ਸੀ। ਅੱਗੇ ਅਸੀਂ ਦੇਖੀਏ ਕਿ ਕਿਸ ਤਰ੍ਹਾਂ ਇਹ ਬੁਨਿਆਦੀ ਹੱਕ ਅਸਲ 'ਚ ਧਨਾਢ ਤਬਕਿਆਂ ਲਈ ਹੀ ਮਾਇਨੇ ਰੱਖਦੇ ਹਨ ਅਤੇ ਆਮ ਲੋਕਾਂ ਲਈ ਇਹਨਾਂ ਦਾ ਵਜੂਦ ਰਸਮੀ ਤੋਂ ਵੱਧ ਕੁਝ ਵੀ ਨਹੀਂ ਹੈ। ਸੰਵਿਧਾਨ ਸਭਾ 'ਚ ਅਣਉਦਾਰਵਾਦੀ ਕਾਂਗਰਸੀ ਮੈਂਬਰਾਂ ਦਾ ਹੀ ਬਹੁਮਤ ਸੀ। ਉਹਨਾਂ ਦੇ ਪੂੰਜੀਵਾਦੀ ਸੰਵਿਧਾਨਵਾਦੀ ਵਿਚਾਰਾਂ ਨੂੰ ਗਾਂਧੀ ਅਤੇ ਅੰਬੇਡਕਰ ਦੇ ਸਮਾਜਿਕ ਸੁਧਾਰਵਾਦੀ ਨਜ਼ਰੀਏ ਨਾਲ ਤੜਕਾ ਲਗਾ ਕੇ ਸੰਵਿਧਾਨ ਦੇ ਤੀਜੇ ਹਿੱਸੇ 'ਚ ਸਟੀਕ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਸੰਵਿਧਾਨ ਸਭਾ 'ਚ ਕਈ ਨਾਮਵਰ ਕਾਨੂੰਨ ਦੇ ਜਾਣਕਾਰ ਅਤੇ ਸੰਵਿਧਾਨ-ਮਾਹਰ ਸ਼ਾਮਿਲ ਸਨ, ਜਿਹਨਾਂ 'ਚ ਅੰਬੇਡਕਰ, ਨਹਿਰੂ, ਰਾਜੇਂਦਰ ਪ੍ਰਸਾਦ ਆਦਿ ਪ੍ਰਮੁੱਖ ਸਨ। ਫਿਰ ਸਰਦਾਰ ਪਟੇਲ ਸਨ ਜਿਹਨਾਂ ਨੇ ਰਾਜਵਾੜਿਆਂ ਨੂੰ ਨਾਲ ਮਿਲਾਉਣ ਦਾ ਕਾਨੂੰਨੀ ਫਰੇਮਵਰਕ ਤਿਆਰ ਕੀਤਾ ਸੀ। ਫਿਰ ਗਾਂਧੀ ਸਨ, ਜਿਹੜੇ ਕਾਂਗਰਸ ਅਤੇ ਸੰਵਿਧਾਨ ਸਭਾ 'ਚ ਨਹੀਂ ਹੁੰਦੇ ਹੋਏ ਵੀ ਅਤੇ ਵੰਡ ਅਤੇ ਸੱਤਾ-ਹਸਤਾਂਤਰਣ ਦੀਆਂ ਹਾਲਤਾਂ ਤੋਂ ਦੁਖੀ ਹੁੰਦੇ ਹੋਏ ਵੀ, ਬੁਨਿਆਦੀ ਨੀਤੀ-ਘੜਨ ਵਿੱਚ ਅਸਿੱਧਾ ਪਰ ਫੈਸਲਾਕੁੰਨ ਦਖਲ ਰੱਖਦੇ ਸਨ। ਇਕ ਬੈਰਿਸਟਰ ਦੇ ਰੂਪ 'ਚ ਬ੍ਰਿਟਿਸ਼ ਕਾਨੂੰਨਾਂ ਦਾ ਉਹਨਾਂ ਦਾ ਅਧਿਐਨ ਡੂੰਘਾ ਸੀ। ਇਹਨਾਂ ਦਾ ਨਤੀਜਾ ਸੀ ਕਿ ਇੰਗਲੈਂਡ, ਅਮਰੀਕਾ ਅਤੇ ਆਇਰਲੈਂਡ ਤੋਂ ਲੈ ਕੇ ਕੈਨੇਡਾ ਤੱਕ ਦੇ ਸੰਵਿਧਾਨ ਦੀਆਂ ਕੁਝ-ਕੁਝ ਚੀਜਾਂ ਚੁਣ ਕੇ 1935 ਦੇ 'ਗਵਰਨਮੇਂਟ ਆਫ ਇੰਡੀਆ ਐਕਟ' ਦੀਆਂ ਧਾਰਾਵਾਂ ਤੋਂ ਬਣੇ ਬੁਨਿਆਦੀ ਢਾਂਚੇ 'ਤੇ ਤਰ੍ਹਾਂ-ਤਰ੍ਹਾਂ ਦਾ ਲੋਕਲੁਭਾਊ ਜੋੜ-ਜਮਾਂ ਅਤੇ ਮਾਯਾਵੀ ਰੰਗ-ਰੋਗਨ ਕੀਤਾ ਗਿਆ। ਸਰਵਸ਼੍ਰੇਸ਼ਠ ਕਾਨੂੰਨ ਸ਼ਾਸਤਰੀ ਹੁਸ਼ਿਆਰੀ ਨਾਲ 'ਅਜ਼ਾਦੀ-ਬਰਾਬਰੀ-ਭਾਈਚਾਰੇ' ਦੇ ਪ੍ਰਬੋਧਨਕਾਲੀਨ ਆਦਰਸ਼ਾਂ ਅਤੇ ਸਮਾਜਵਾਦੀ ਨਾਅਰਿਆਂ-ਵਾਅਦਿਆਂ ਨਾਲ ਪੂੰਜੀਵਾਦੀ ਖਾਸ ਹੱਕਾਂ ਦੀ ਹਿਫ਼ਜਤ ਦੀ ਗਰੰਟੀ ਨੂੰ ਪੇਸ਼ ਕੀਤਾ ਗਿਆ ਹੈ। ਭਾਰਤੀ ਸੰਵਿਧਾਨ ਇਕ ਕੁਟਿਲ ਪੂੰਜੀਵਾਦੀ ਸੰਰਚਨਾ ਹੈ ਜਿਹੜੀ ਉੱਚੇ ਆਦਰਸ਼ਾਂ ਦੀ ਲਫਾਜੀ ਕਰਦੇ ਹੋਏ, ਲੋਕਾਂ ਨੂੰ ਬੇਹੱਦ ਸੀਮਤ ਜਮਹੂਰੀ ਹੱਕ ਦੇਣ ਵਾਲੀ ਪੂੰਜੀਵਾਦੀ ਸੱਤਾ-ਸੰਰਚਨਾ ਦੀ ਅਧਾਰਭੂਮੀ ਤਿਆਰ ਕਰਦਾ ਹੈ। ਇਸ 'ਚ ਵਜੂਦ ਸਮੋਏ ਸੰਵਿਧਾਨਕ ਪ੍ਰਬੰਧਾਂ ਦਾ ਦਾਇਰਾ ਇੰਨਾਂ ''ਵਿਆਪਕ'' ਹੈ ਕਿ 1975 'ਚ ਇੰਦਰਾ ਗਾਂਧੀ ਨੂੰ ਐਮਰਜੈਂਸੀ ਲਾਗੂ ਕਰਨ ਲਈ ਸੰਵਿਧਾਨਕ ਦਾਇਰੇ ਦੀ ਉਲੰਘਣਾ ਨਹੀਂ ਕਰਨੀ ਪਈ। ਜੰਮੂ-ਕਸ਼ਮੀਰ ਅਤੇ ਉੱਤਰ-ਪੂਰਵ 'ਚ ਦਹਾਕਿਆਂ ਤੋਂ ਜਾਰੀ ਫੌਜੀ ਹਕੂਮਤ ਵਰਗੀ ਹਾਲਤ ਵੀ 'ਸੰਵਿਧਾਨ ਅਨੁਸਾਰ'' ਹੈ। ਇਸ ਮਾਅਨੇ 'ਚ ਭਾਰਤੀ ਸੰਵਿਧਾਨ ਬਦਨਾਮ ਜਰਮਨ ਰਾਇਖ਼ ਦੀਆਂ ਕਾਨੂੰਨਸ਼ਾਸਤਰੀ ਨਜ਼ੀਰਾਂ ਤੋਂ ਕਾਫ਼ੀ ਹੱਦ ਤੱਕ ਪ੍ਰੇਰਿਤ ਪ੍ਰਤੀਤ ਹੁੰਦਾ ਹੈ. ਦੂਜੇ ਪਾਸੇ, ਸੰਵਿਧਾਨ ਦੀ ਪ੍ਰਸਤਾਵਨਾ ਦੀ ਸ਼ਬਦਾਵਲੀ 'ਚ ਅਮਰੀਕੀ ਸੰਵਿਧਾਨ ਦੀ

ਪ੍ਰਸਤਾਵਨਾ ਤੋਂ ਉਧਾਰ ਲੈ ਕੇ ਪ੍ਰਬੋਧਨਕਾਲੀਨ ਆਦਰਸ਼ਾਂ ਦੀ ਕਲਗੀ ਟੰਗਣ ਦੇ ਯਤਨ ਕੀਤੇ ਗਏ ਹਨ। ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤਾਂ ਦਾ ਆਇਡੀਆ ਆਇਰਲੈਂਡ ਦੇ ਸੰਵਿਧਾਨ ਤੋਂ ਲਿਆ ਗਿਆ ਹੈ। ਸੰਸਦੀ ਪ੍ਰਣਾਲੀ, ਵਿਧਾਨਪਾਲਿਕਾ-ਕਾਰਜਪਾਲਿਕਾ-ਨਿਆਂਪਾਲਿਕਾ ਦੀ ਕੰਮ ਵੰਡ ਆਦਿ ਢਾਂਚਾਗਤ ਪ੍ਰਬੰਧ ਬ੍ਰਿਟੇਨ ਤੋਂ ਉਧਾਰ ਲਏ ਗਏ ਹਨ। ਕੇਂਦਰ-ਰਾਜ ਸਬੰਧਾਂ ਅਤੇ ਹੱਕ ਵੰਡ ਨੂੰ ਕੈਨੇਡਾ ਦੇ ਸੰਵਿਧਾਨ ਤੋਂ ਲਿਆ ਗਿਆ ਹੈ। ਬੁਨਿਆਦੀ ਹੱਕ ਬਾਰੇ ਧਾਰਾਵਾਂ ਨੂੰ ਅਮਰੀਕੀ ਸੰਵਿਧਾਨ 'ਚ ਵਰਣਿਤ 'ਬਿਲ ਆਫ ਰਾਈਟਸ' ਦੇ ਅਧਾਰ 'ਤੇ ਡ੍ਰਾਫ਼ਟ ਕੀਤਾ ਗਿਆ ਹੈ। ਸੱਤਵੇਂ ਸ਼ਿਡਊਲ ਦੀ ਸਮਾਨਵਰਤੀ ਸੂਚੀ 'ਚ ਵਰਣਿਤ ਵਪਾਰ-ਵਣਜ ਅਤੇ ਸੰਸਦੀ ਖਾਸ ਹੱਕ ਬਾਰੇ ਪ੍ਰਬੰਧਾਂ ਨੂੰ ਆਸਟ੍ਰੇਲਿਆ ਦੇ ਸੰਵਿਧਾਨ ਤੋਂ ਲਿਆ ਗਿਆ ਹੈ। ਭਾਰਤੀ ਸੰਵਿਧਾਨ-ਘਾੜਿਆਂ ਦੀ ਖਾਸੀਅਤ ਇਹ ਸੀ ਕਿ ਮੋਟੀ ਅਕਲ ਵਾਲੇ ਤਰੀਕੇ ਨਾਲ ਇੱਧਰ ਦੀ ਇੱਟ, ਉੱਧਰ ਦਾ ਰੋੜਾ ਜੋੜ ਕੇ, 1935 ਦੇ ਬਸਤੀਵਾਦੀ ਕਾਨੂੰਨ ਦੇ ਬੁਨਿਆਦੀ ਢਾਂਚੇ 'ਤੇ ਉਹਨਾਂ ਨੇ ਇਕ ਅਜਿਹਾ ਵੱਡ ਅਕਾਰੀ ਸੰਵਿਧਾਨਕ ਮਹਿਲ ਖੜਾ ਕੀਤਾ ਜਿਹੜਾ ਲੁਭਾਵਣੇ ਨਾਰਿਆਂ-ਵਾਦਿਆਂ ਅਤੇ ਆਪਾ-ਵਿਰੋਧੀ ਧਾਰਾਵਾਂ ਦੇ ਓਹਲੇ 'ਚ ਭਾਰਤੀ ਪੂੰਜੀਪਤੀ ਜਮਾਤ ਦੀ ਲੁੱਟ ਅਤੇ ਅਤਿਆਚਾਰੀ ਹਕੂਮਤ ਦੀ ਬਾਖੂਬੀ ਪਰਦਾਪੋਸ਼ੀ ਕਰਨ ਦਾ ਕੰਮ ਕਰਦਾ ਹੈ।

14 ਅਗਸਤ 1947 ਦੀ ਰਾਤ ਨੂੰ (ਅੱਧੀ ਰਾਤ ਮਗਰੋਂ) ਕੇਂਦਰੀ ਅਸੈਂਬਲੀ 'ਚ ਅਜ਼ਾਦੀ ਦਾ ਐਲਾਨ ਹੋਇਆ। ਤਦ ਸੰਵਿਧਾਨ ਸਭਾ ਦਾ ਪੰਜਵਾਂ ਸ਼ੈਸ਼ਨ (14-30 ਅਗਸਤ 1947) ਜਾਰੀ ਸੀ। ਫਿਰ ਇਸੇ ਸ਼ੈਸ਼ਨ ਦੌਰਾਨ, 29 ਅਗਸਤ ਨੂੰ, ਸੰਵਿਧਾਨ ਸਭਾ ਨੇ ਸੰਵਿਧਾਨ ਦਾ ਡ੍ਰਾਫ਼ਟ ਤਿਆਰ ਕਰਨ ਲਈ ਡਾ. ਭੀਮ ਰਾਓ ਅੰਬੇਡਕਰ ਦੀ ਪ੍ਰਧਾਨਗੀ 'ਚ ਇਕ ਸੱਤ ਮੈਂਬਰੀ ਡ੍ਰਾਫਟਿੰਗ ਕਮੇਟੀ ਚੁਣੀ ਜਿਸਦੇ ਮੈਂਬਰ ਇਸ ਪ੍ਰਕਾਰ ਸਨ—

(1) ਅੰਬੇਡਕਰ (2) ਅੱਲਾਦੀ ਕੁਪੁਸਵਾਮੀ ਅਇਅਰ (3) ਐਨ. ਗੋਪਾਲ ਅਇੰਗਰ (4) ਕੇ. ਐਸ. ਮੁਨਸ਼ੀ (5) ਸਇਅਦ ਮੁੰਹਮਦ ਸੇਦੁੱਲਾ (6) ਆਰ. ਐੱਲ. ਮਿੱਤਲ (7) ਡੀ.ਪੀ ਖੈਤਾਨ। ਭਾਰਤੀ ਸੰਵਿਧਾਨ ਦੇ ਘਾੜੇ ਦੇ ਰੂਪ 'ਚ ਡਾ.ਅੰਬੇਡਕਰ ਦੀ ਦਿੱਖ ਬਹੁਚਰਚਿਤ ਹੈ। ਸੰਵਿਧਾਨ-ਘੜਨ 'ਚ ਅੰਬੇਡਕਰ ਦੀ ਭੂਮਿਕਾ ਅਤੇ ਉਹਨਾਂ ਦੇ ਸਿਆਸੀ ਵਿਚਾਰਾਂ 'ਤੇ ਅਸੀਂ ਵੱਖ ਤੋਂ ਸੰਖੇਪ ਚਰਚਾ ਕਰਾਂਗੇ।

ਸੰਵਿਧਾਨ ਘੜਨ ਲਈ ਗਠਿਤ ਡ੍ਰਾਫ਼ਟਿੰਗ ਕਮੇਟੀ ਨੇ 27 ਅਕਤੂਬਰ 1947 ਨੂੰ ਆਪਣਾ ਕੰਮ ਸ਼ੁਰੂ ਕੀਤਾ। ਪਰ ਸੱਚਾਈ ਇਹ ਸੀ ਕਿ ਬ੍ਰਿਟਿਸ਼ ਸਰਕਾਰ ਦੇ ਵਿਸ਼ਵਾਸਪਾਤਰ, "ਇੰਡੀਅਨ ਸਿਵਿਲ ਸਰਵਿਸਿਜ਼" ਦੇ ਕੁਝ ਨੌਕਰਸ਼ਾਹ ਸੰਵਿਧਾਨ ਦਾ ਇਕ ਡ੍ਰਾਫ਼ਟ ਪਹਿਲਾਂ ਹੀ ਤਿਆਰ ਕਰ ਚੁੱਕੇ ਸਨ। ਇਹਨਾਂ 'ਚ ਪਹਿਲਾਂ ਨਾਂ ਸੀ ਸਰ ਬੀ.ਏਨ. ਰਾਓ ਦਾ, ਜੋ ਸੰਵਿਧਾਨ ਸਭਾ ਦੇ ਸੰਵਿਧਾਨਕ ਸਲਾਹਕਾਰ ਸੀ। ਦੂਜਾ ਨਾਂ ਸੀ ਸੰਵਿਧਾਨ ਦੇ ਮੁੱਖ ਡ੍ਰਾਫਟਰ ਐਸ.ਐਨ. ਮੁਖਰਜੀ ਦਾ। ਇਹਨਾਂ ਦੋ ਮਹਾਰਥੀਆਂ ਨੇ 1935 ਦੇ ਕਾਨੂੰਨ ਦੇ ਅਧਾਰ 'ਤੇ ਸੰਵਿਧਾਨ ਦਾ ਮਸੌਦਾ ਤਿਆਰ ਕੀਤਾ ਸੀ ਅਤੇ ਸੰਵਿਧਾਨ ਸਭਾ ਦੇ ਕਰਮਚਾਰੀਆਂ ਨੇ ਉਹਨਾਂ ਦੀ ਮਦਦ ਕੀਤੀ ਸੀ। ਇਸ ਸੱਚਾਈ ਨੂੰ ਅੰਬੇਡਕਰ ਨੇ ਵੀ ਡ੍ਰਾਫਟ ਕਮੇਟੀ ਦੇ ਪ੍ਰਧਾਨ ਦੀ ਹੈਸਿਅਤ ਨਾਲ 25 ਨੰਵਬਰ 1947 ਨੂੰ ਦਿੱਤੇ ਗਏ ਆਪਣੇ ਲੰਮੇ ਭਾਸ਼ਣ 'ਚ ਵੀ ਮੰਨਿਆ ਸੀ। ਸੰਵਿਧਾਨ ਸਭਾ ਦੀ ਡ੍ਰਾਫ਼ਟ ਕਮੇਟੀ ਦਾ ਕੰਮ ਸੀ ਪਹਿਲਾਂ ਤੋਂ ਹੀ ਤਿਆਰ ਡ੍ਰਾਫਟ ਦੀ ਜਾਂਚ ਕਰਨਾ ਅਤੇ ਲੋੜ ਪੈਣ 'ਤੇ ਸੋਧ ਦਾ ਸੁਝਾਅ ਦੇਣਾ। ਇਸ ਤੱਥ ਨੂੰ ਸੰਵਿਧਾਨ ਸਭਾ ਦੇ ਇਕ ਮੈਂਬਰ ਸੱਤਿਆਨਰਾਇਣ ਸਿਨ੍ਹਹਾ ਨੇ ਵੀ ਮੰਨਿਆ ਹੈ। ਕਮੇਟੀ ਦੇ ਸਾਰੇ ਮੈਂਬਰ ਆਮ ਤੌਰ 'ਤੇ ਮੀਟਿੰਗਾਂ 'ਚ ਮੌਜੂਦ ਵੀ ਨਹੀਂ ਰਹਿੰਦੇ ਸਨ, ਪਰ ਕੋਰਮ ਪੂਰਾ ਰਹਿੰਦਾ ਸੀ ਅਤੇ ਮੀਟਿੰਗਾਂ ਜ਼ਾਰੀ ਰਹਿੰਦੀਆਂ ਸਨ। ਡ੍ਰਾਫਟ ਕਮੇਟੀ ਦੀਆਂ ਇਹ ਮੀਟਿੰਗਾਂ 27 ਅਕਤੂਬਰ 1947 ਤੋਂ 13 ਫਰਵਰੀ 1948 ਤੱਕ ਜਾਰੀ ਰਹੀਆਂ। ਕਮੇਟੀ ਨੇ ਅੰਤਿਮ ਡ੍ਰਾਫਟ 21 ਫਰਵਰੀ ਨੂੰ ਸਭਾਪਤੀ ਡਾ. ਰਾਜੇਂਦਰ ਪ੍ਰਸਾਦ ਨੂੰ ਸੌਂਪ ਦਿੱਤਾ। 8 ਮਹੀਨੇ ਮਗਰੋਂ, 4 ਨਵੰਬਰ 1948 ਨੂੰ ਸੰਵਿਧਾਨ ਸਭਾ 'ਚ ਡ੍ਰਾਫਟ ਕਮੇਟੀ 'ਚ ਡ੍ਰਾਫਟ 'ਤੇ ਚਰਚਾ ਸ਼ੁਰੂ ਹੋਈ ਜਿਹੜੀ ਇਕ ਵਰ੍ਹੇ ਤੱਕ ਜਾਰੀ ਰਹੀ। ਮੈਂਬਰਾਂ ਨੇ ਕਿਸੇ-ਕਿਸੇ ਪੱਖ 'ਤੇ ਖਾਸ ਟਿੱਪਣੀਆਂ ਕੀਤੀਆਂ ਅਤੇ ਕੁਝ ਸੋਧਾਂ ਦੇ ਸੁਝਾਅ ਵੀ ਦਿੱਤੇ, ਜਿਹਨਾਂ 'ਚੋਂ ਕੁਝ ਨੂੰ ਸੰਵਿਧਾਨ 'ਚ ਸ਼ਾਮਿਲ ਕਰ ਲਿਆ ਗਿਆ। 26 ਨੰਵਬਰ 1949 ਨੂੰ ਸੰਵਿਧਾਨ ਸਭਾ ਨੇ ਸੰਵਿਧਾਨ ਦਾ ਅੰਤਿਮ ਡ੍ਰਾਫਟ ਪਾਸ ਕੀਤਾ। 24 ਜਨਵਰੀ 1950 ਨੂੰ ਕੇਂਦਰੀ ਅਸੈਂਬਲੀ/ਸੰਵਿਧਾਨ ਸਭਾ ਦੇ ਅੰਤਿਮ ਸ਼ੈਸ਼ਨ ਦੀ ਸ਼ੁਰੂਆਤ ਹੋਈ ਜਿਸ 'ਚ ਸੈਕਰੇਟਰੀ ਐੱਚ. ਵੀ. ਆਰ. ਅਇੰਗਰ ਨੇ ਐਲਾਨ ਕੀਤਾ ਕਿ ਰਾਜੇਂਦਰ ਪ੍ਰਸਾਦ ਸਰਵਸੰਮਤੀ ਨਾਲ ਭਾਰਤ ਦੇ ਪਹਿਲੇ ਰਾਸ਼ਟਰਪਤੀ ਚੁਣੇ ਗਏ ਹਨ। ਫਿਰ ਸਾਰੇ 284 ਮੈਂਬਰਾਂ ਨੇ ਸੰਵਿਧਾਨ ਦੀ ਸੁਲੇਖਿਤ (ਕੈਲਿਗ੍ਰਫਿਕ) ਕਾਪੀ 'ਤੇ ਦਸਤਖ਼ਤ ਕੀਤੇ। ਪਹਿਲੇ ਦਸਤਖ਼ਤ ਕਰਨ ਵਾਲੇ ਪ੍ਰਧਾਨ ਮੰਤਰੀ ਨਹਿਰੂ ਸਨ ਅਤੇ ਅੰਤਿਮ ਦਸਤਖ਼ਤ ਸੰਵਿਧਾਨ ਸਭਾ ਦੇ ਮੈਂਬਰ ਦੀ ਹੈਸੀਅਤ ਨਾਲ ਰਾਜੇਂਦਰ ਪ੍ਰਸਾਦ ਨੇ ਕੀਤੇ। 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਹੋ ਗਿਆ। ਕੇਂਦਰੀ ਅਸੈਂਬਲੀ/ਸੰਵਿਧਾਨ ਸਭਾ ਉਸ ਦਿਨ ਭੰਗ ਹੋ ਗਈ, ਉਸਨੇ ਖੁਦ ਨੂੰ ਭਾਰਤ ਦੀ ਆਰਜ਼ੀ (ਪ੍ਰੋਵਿਜ਼ਨਲ) ਸੰਸਦ 'ਚ ਤਬਦੀਲ ਕਰ ਲਿਆ ਜਿਹੜੀ 1952 'ਚ ਪਹਿਲੀਆਂ ਆਮ ਚੋਣਾਂ ਮਗਰੋ ਨਵੀਂ ਸੰਸਦ ਦੀ ਹੋਂਦ 'ਚ ਆਉਣ ਤੱਕ ਸਰਗਰਮ ਰਹੀ।

ਲੇਖ ਦੇ ਅਗਲੇ ਹਿੱਸੇ 'ਚ ਅਸੀਂ ਭਾਰਤੀ ਸੰਵਿਧਾਨ ਦੇ ਬੁਨਿਆਦੀ ਤੱਤ ਅਤੇ ਮੁੱਖ ਹਿੱਸਿਆਂ ਦੀ ਚਰਚਾ ਪੇਸ਼ ਕਰਾਂਗੇ। ਪਰ ਉਸਤੋਂ ਪਹਿਲਾਂ ਸੰਵਿਧਾਨ ਬਣਾਉਣ ਦੌਰਾਨ ਅੰਬੇਡਕਰ ਦੀ ਭੂਮਿਕਾ ਅਤੇ ਉਹਨਾਂ ਦੀ ਸਿਆਸੀ ਦ੍ਰਿਸ਼ਟੀ ਦੀ ਸੰਖਪ ਚਰਚਾ ਜ਼ਰੂਰੀ ਹੈ

(ਅਗਲੇ ਅੰਕ 'ਚ ਜਾਰੀ)

• • • • • • •

ਭਗਵੰਤ ਮਾਨ ਦੇ ਫਾਰਮੂਲੇ ਤੇ ਯਥਾਰਥ

• ਡਾ. ਅੰਮ੍ਰਿਤ

ਪਿਛਲੇ ਦਿਨੀਂ ਪੰਜਾਬੀ ਦੇ ਕਾਮੇਡੀ ਕਲਾਕਾਰ ਭਗਵੰਤ ਮਾਨ ਹੁਰਾਂ ਨੇ ਰਾਜਨੀਤੀ ਵਿੱਚ ਦਾਖਲ ਹੋਣ ਦਾ ਐਲਾਨ ਕੀਤਾ। ਉਹਨਾਂ ਅਨੁਸਾਰ ਬੁੱਧੀਜੀਵੀਆਂ ਨੂੰ ਹੁਣ ਰਾਜਨੀਤੀ ਵਿੱਚ ਸਰਗਰਮ ਹਿੱਸਾ ਲੈਣਾ ਚਾਹੀਦਾ ਹੈ। ਇਹ ਬਿਆਨ ਦਾਗ ਉਹ ਟਪੂਸੀ ਮਾਰ ਕੇ ਬਾਦਲ ਦੇ ਨਵੇਂ ਬਣੇ ਛਕੜੇ 'ਚ ਸਵਾਰ ਹੋ ਗਏ। ਕਿਉਂਕਿ ਇੱਥੇ ਹੀ ਉਹਨਾਂ ਨੂੰ ਥੋੜ੍ਹੀ ਥਾਂ ਮਿਲ ਸਕਦੀ ਸੀ। ਇੱਕ ਦਿਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚ ਉਹਨਾਂ ਦੇ ਵਿਚਾਰ ਸੁਣਨ ਨੂੰ ਮਿਲੇ। ਉਹਨਾਂ ਨੇ ਪੰਜਾਬ ਦੀ ਜਵਾਨੀ ਤੇ ਭਖਦੇ ਮਸਲੇ ਵਿਸ਼ੇ ਉੱਪਰ ਆਪਣੇ ਵਿਚਾਰ ਰੱਖੇ। ਇਹਨਾਂ ਹੀ ਮੋਤੀਆਂ 'ਚੋਂ ਕੁਝ ਬਾਰੇ ਹੋਰ ਵਿਸਥਾਰ 'ਚ ਜਾ ਕੇ ਟਿੱਪਣੀ ਕਰਨ ਦੀ ਲੋੜ ਮਹਿਸੂਸ ਹੋਈ ਕਿਉਂਕਿ ਉਹ ਇਹਨਾਂ ਵਿਚਾਰਾਂ ਦੇ ਅਧਾਰ 'ਤੇ ਪੰਜਾਬ ਦੀ ਹਾਲਤ ਸੁਧਾਰਨ ਦਾ ਦਾਅਵਾ ਕਰ ਰਹੇ ਹਨ ਤੇ ਮਨਪ੍ਰੀਤ ਬਾਦਲ ਦੀ ਪਾਰਟੀ ਲਈ ਚੋਣਾਂ ਤੋਂ ਪਹਿਲਾਂ ਹੀ ਵੋਟਾਂ ਮੰਗ ਰਹੇ ਹਨ।

ਸਭ ਤੋਂ ਪਹਿਲਾਂ ਉਹਨਾਂ ਦੇ ਬਾਕੀ ਲੀਡਰਾਂ ਵਾਂਗ 'ਰਾਜਨੀਤੀ ਲਈ ਨਹੀਂ ਆਇਆ' ਕਹਿ ਕੇ ਮਾਈਕ ਚੈੱਕ ਕੀਤਾ, ਹਾਲਾਂਕਿ ਬਾਅਦ 'ਚ ਉਹਨਾਂ ਨੇ ਕਈ ਵਾਰ ਸਰੋਤਿਆਂ ਨੂੰ ਰਾਜਨੀਤੀ 'ਚ ਹਿੱਸਾ ਲੈਣ ਲਈ ਕਿਹਾ। ਫਿਰ ਸ਼ੁਰੂ ਹੋਇਆ ਸ਼ਹੀਦ ਭਗਤ ਸਿੰਘ ਬਾਰੇ ਵਿਖਿਆਨ... ਬਾਕੀ ਵੋਟ-ਵਟੋਰੂ ਮਹਿਕਮੇ ਵਾਂਗ ਉਹਨਾਂ ਨੇ ਵੀ ਭਗਤ ਸਿੰਘ ਦੀ ਕੁਰਬਾਨੀ ਨੂੰ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕਢਣ ਤੱਕ ਸੀਮਤ ਕਰ ਕੇ ਰੱਖਿਆ। ਭਗਤ ਸਿੰਘ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ ਹੋਣ ਦਾ ਦਾਅਵਾ ਕੀਤਾ ਪਰ ਭਗਤ ਸਿੰਘ ਦੀ ਵਿਚਾਰਧਾਰਾ ਤੇ ਰਾਜਨੀਤੀ 'ਤੇ ਕੋਈ ਵੀ ਗੱਲ ਕਰਨ ਤੋਂ ਬੜੀ ਸਫਾਈ ਨਾਲ਼ ਪਾਸਾ ਵੱਟਿਆ। ਨਾਲ਼ ਹੀ ਉਹਨਾਂ ਨੇ ਦੱਸਿਆ ਕਿ ਉਹ ਭਗਤ ਸਿੰਘ ਦਾ ਬਹੁਤ ਸਤਿਕਾਰ ਕਰਦੇ ਹਨ, ਇੰਨਾ ਜ਼ਿਆਦਾ ਸਤਿਕਾਰ ਕਰਦੇ ਹਨ ਕਿ ਉਹ ਆਪਣੀ ਹਰ ਨਵੀਂ ਗੱਡੀ ਦਾ ਮੱਥਾ ਖਟਕੜ ਕਲਾਂ ਟਿਕਾ ਕੇ ਲਿਆਉਂਦੇ ਹਨ। ਉਹਨਾਂ ਦੀ ਇਸ ਗੱਲ 'ਤੇ ਜਦੋਂ ਇਹ ਪੁੱਛਿਆ ਗਿਆ ਕਿ ਇਹ ਮੱਥਾ ਟਿਕਾਉਣ ਵਾਲੀ ਗੱਲ ਭਗਤ ਸਿੰਘ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਤੋਂ ਬਾਅਦ ਵੀ ਕਿਵੇਂ ਸੰਭਵ ਹੈ? ਭਗਤ ਸਿੰਘ ਤਾਂ ਨਾਸਤਿਕ ਸੀ ਅਤੇ ਹਰ ਤਰ੍ਹਾਂ ਦੇ ਧਾਰਮਿਕ ਕਰਮਕਾਂਡਾਂ ਦੇ ਵਿਰੋਧੀ। ਤਾਂ ਉਹਨਾਂ ਨੇ ਗੱਲ ਗੋਲਮੋਲ ਕਰਨ ਦੀ ਕੋਸ਼ਿਸ਼ ਕੀਤੀ। ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਉਹਨਾਂ ਦੀ ਕੀ ਸਮਝ ਹੈ? ਇਹ ਸਵਾਲ ਸਰੋਤਿਆਂ ਵਿੱਚੋਂ ਕਈ ਵਾਰ ਪੁੱਛਣ ਦੇ ਬਾਵਜੂਦ ਉਹਨਾਂ ਨੇ ਕੁਝ ਨਾ ਕਹਿਣਾ ਹੀ ਬਿਹਤਰ ਸਮਝਿਆ। ਜਦੋਂ ਇਹ ਪੁੱਛਿਆ ਗਿਆ ਕਿ ਉਹਨਾਂ ਨੇ ਕਿੰਨੇ ਵਾਰੀ ਨਵੀਂ ਗੱਡੀ ਦਾ ਮੱਥਾ ਟਿਕਾ ਕੇ ਲਿਆਂਦਾ ਤਾਂ ਹਾਸੇ ਵੰਡਣ ਵਾਲੇ ਕਲਾਕਾਰ ਤਿਲਮਿਲਾ ਗਏ, ਅਖੇ ਮੈਂ ਚੋਰੀ ਡਾਕਾ ਮਾਰ ਕੇ ਨਹੀਂ ਲਈਆਂ ਗੱਡੀਆਂ, ਆਪਣੀ ਮਿਹਨਤ ਨਾਲ਼ ਲਈਆਂ, ਪਰ ਉਹ ਭੁੱਲ ਗਏ ਕਿ ਮਿਹਨਤ ਤਾਂ ਮਜ਼ਦੂਰ ਗਰੀਬ ਕਿਸਾਨ ਉਹਨਾਂ ਨਾਲੋਂ ਕਿਤੇ ਜ਼ਿਆਦਾ ਕਰਦੇ ਹਨ, ਪਰ ਉਹਨਾਂ ਕੋਲ ਤਾਂ ਦੋ ਡੰਗ ਦੀ ਰੋਟੀ ਲਈ ਵੀ ਪੈਸੇ ਨਹੀਂ ਜੁੜਦੇ। ਸ਼ਾਇਦ ਉਹਨਾਂ ਨੇ ਨਹੀਂ ਪੜ੍ਹਿਆ ਹੋਣਾ ਕਿ ਭਾਰਤ ਦੀ 77 ਫੀਸਦੀ ਆਬਾਦੀ 20 ਰੁਪੈ ਪ੍ਰਤੀ ਦਿਨ ਜਾਂ ਇਸ ਤੋਂ ਵੀ ਘੱਟ 'ਤੇ ਗੁਜ਼ਾਰਾ ਕਰਦੇ ਹਨ, ਕੀ ਇਹ ਲੋਕ ਮਿਹਨਤ ਨਹੀਂ ਕਰਦੇ? ਬਾਕੀ ਚੋਰੀ ਡਾਕਾ ਤਾਂ ਕੋਈ ਵੀ ਪੂੰਜੀਪਤੀ ਨਹੀਂ ਮਾਰਦਾ, ਫਿਰ ਤਾਂ ਸਾਰੇ ਸਹੀ ਹੀ ਹਨ। ਹਾਂ ਜੀ, ਇਹੀ ਅਰਥ-ਸ਼ਾਸਤਰ ਸਾਡੇ ਲੋਟੂ ਪੂੰਜੀਪਤੀ ਵਰਗ ਦਾ ਹੈ ਜਿਸ ਨੇ ਪੂਰੀ ਧਰਤੀ ਦੀ ਅਤੇ ਕਿਰਤੀ ਲੋਕਾਂ ਦੀ ਜ਼ਿੰਦਗੀ ਤਬਾਹ ਬਰਬਾਦ ਕਰ ਰੱਖੀ ਹੈ। ਫਿਰ ਭਗਵੰਤ ਮਾਨ ਹੁਰਾਂ ਦਾ ਅਰਥ-ਸ਼ਾਸਤਰ ਵੀ ਉਹੀ ਕਿਵੇਂ ਹੋ ਗਿਆ ਕਿਉਂ ਕਿ ਉਹ ਤਾਂ ਭਗਤ ਸਿੰਘ ਦੇ 'ਸ਼ਰਧਾਲੂ' ਹਨ ਅਤੇ ਆਮ ਲੋਕਾਂ ਦੀ ਲੁੱਟ-ਖਸੁੱਟ ਖਤਮ ਕਰਨ ਦਾ ਸੁਪਨਾ ਲੈ ਕੇ ਰਾਜਨੀਤੀ 'ਚ ਆਏ ਹਨ, ਜਾਂ ਕੀ ਨਹੀਂ? ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਉਹਨਾਂ ਨੂੰ ਅਰਥ-ਸ਼ਾਸਤਰ ਦਾ ਗਿਆਨ ਨਾ ਹੋਵੇ, ਪਰ ਕੀ ਵਾਕਿਆ ਹੀ ਅਜਿਹਾ ਹੈ? ਉਹਨਾਂ ਅਨੁਸਾਰ ਉਹਨਾਂ ਨੇ ਬੀ. ਕਾਮ. ਕੀਤੀ ਹੈ ਤੇ ਉਹਨਾਂ ਨੇ ਪੂਰੇ ਦ੍ਰਿੜ ਵਿਸ਼ਵਾਸ ਨਾਲ ਅਰਥ ਸ਼ਾਸਤਰ ਦਾ ਗਿਆਨ ਹੋਣ ਦਾ ਦਾਅਵਾ ਕੀਤਾ। ਪਰ ਜਦੋਂ 'ਵਾਫਰ ਕਦਰ ਦੇ ਸਿਧਾਂਤ' ਬਾਰੇ ਪੁੱਛਿਆ ਗਿਆ ਤਾਂ ਸਾਡੇ ਅਰਥ-ਸ਼ਾਸਤਰੀ ਨੇ ਹਾਲ ਦੀ ਛੱਤ ਵੱਲ ਦੇਖਣਾ ਬਿਹਤਰ ਸਮਝਿਆ। ਫਿਰ ਕੀ ਹੋ ਸਕਦਾ ਹੈ ਇਸ ਤੋਂ ਬਿਨਾਂ ਕਿ ਭਗਵੰਤ ਮਾਨ ਦੀ ਕਹਿਣੀ ਤੇ ਕਰਨੀ 'ਚ ਜ਼ਮੀਨ-ਅਸਮਾਨ ਦਾ ਅੰਤਰ ਹੈ? ਭਗਵੰਤ ਮਾਨ ਜੀ, ਤੁਹਾਨੂੰ ਦੱਸ ਦੇਈਏ ਕਿ ਕਲਾਕਾਰਾਂ, ਬੁੱਧੀਜੀਵੀਆਂ, ਨੌਕਰਸ਼ਾਹਾਂ ਨੂੰ ਮੋਟੀਆਂ ਤਨਖਾਹਾਂ ਜਾਂ ਭੁਗਤਾਨ ਉਹਨਾਂ ਦੀ 'ਸਖਤ ਮਿਹਨਤ' ਲਈ ਨਹੀਂ ਕੀਤੇ ਜਾਂਦੇ ਸਗੋਂ ਪੂੰਜੀਵਾਦੀ ਢਾਂਚੇ ਵੱਲੋਂ ਇਹਨਾਂ ਦੁਆਰਾ ਕੀਤੀ ਢਾਂਚੇ ਦੀ ਸੇਵਾ ਭਾਵ ਲੋਕਾਂ ਨੂੰ ਗੁੰਮਰਾਹ ਕਰਨ, ਸਮਾਜ ਜਿਸ ਵਿੱਚ ਉਹ ਰਹਿੰਦੇ ਹਨ ਉਸ ਬਾਰੇ ਨਾ ਸੋਚਣ ਤੇ ਪੂੰਜੀਵਾਦੀ ਲੁੱਟ ਨੂੰ ਜਾਇਜ਼ ਤੇ ਹੱਕੀ ਸਿੱਧ ਕਰਨ, ਆਮ ਕਿਰਤੀ ਲੋਕਾਂ ਨੂੰ ਇਸੇ ਢਾਂਚੇ ਅੰਦਰ ਸਵਰਗ ਦਾ ਸੁਪਨਾ ਦਿਖਾਣ ਜਿਹੀ ਕੀਤੀ 'ਵਡਮੁੱਲੀ ਸੇਵਾ' ਕਰਨ ਬਦਲੇ ਕੀਤੇ ਜਾਂਦੇ ਹਨ ਜੋ ਇੱਕ ਤਰ੍ਹਾਂ ਨਾਲ਼ ਇਸ ਲੋਟੂ ਢਾਂਚੇ ਵੱਲੋਂ ਉਹਨਾਂ ਨੂੰ ਦਿੱਤੀ ਗਈ ਰਿਸ਼ਵਤ ਹੈ ਆਪਣਾ ਮੂੰਹ ਬੰਦ ਰੱਖਣ ਲਈ। ਭਗਵੰਤ ਮਾਨ ਜਾਂ ਪੂੰਜੀਵਾਦ ਦੇ ਪੈਰੋਕਾਰ ਉਹਨਾਂ ਦੇ ਇਹ ਤਰਕ ਕਿ 'ਮੈਂ ਚੋਰੀ ਡਾਕਾ ਮਾਰ ਕੇ ਨਹੀਂ ਲਈਆਂ ਗੱਡੀਆਂ, ਆਪਣੀ ਮਿਹਨਤ ਨਾਲ਼ ਲਈਆਂ' ਨੂੰ ਸਹੀ ਮੰਨਣ, ਸਮਝਿਆ ਜਾ ਸਕਦਾ ਹੈ, ਪਰ ਹੈਰਾਨੀ ਉਦੋਂ ਹੋਈ ਜਦੋਂ ਸਾਰਾ ਦਿਨ ਸਾਮਰਾਜਵਾਦੀ ਲੁੱਟ ਦੀ ਦੁਹਾਈ ਦੇਣ ਵਾਲੇ ਤੇ ਕਾਰਪੋਰੇਟਾਂ ਦੀ ਲੁੱਟ ਬਾਰੇ ਲੰਮੇ-ਚੌੜੇ ਭਾਸ਼ਣ ਦੇਣ ਵਾਲੇ ਵੀ ਇਹ ਕਹਿੰਦੇ ਸੁਣੇ ਗਏ ਕਿ ਆਖਰ ਭਗਵੰਤ ਮਾਨ ਦੀ ਗੱਲ ਸਹੀ ਹੀ ਹੈ। ਇਹ ਹਨ ਉਹ ਇਨਕਲਾਬੀ ਜਿਹੜੇ ਸਾਮਰਾਜਵਾਦ ਖਿਲਾਫ

ਲੋਕ ਯੁੱਧ ਦੇ ਸੁਪਨੇ ਸਜਾਉਂਦੇ ਤੇ ਦਿਖਾਉਂਦੇ ਹਨ। ਚਲੋਂ ਇਹਨਾਂ ਨੂੰ ਇੱਥੇ ਹੀ ਛੱਡ ਕੇ ਭਗਵੰਤ ਮਾਨ ਹੁਰਾਂ ਵੱਲ ਵਾਪਸ ਆਉਂਦੇ ਹਾਂ...।

ਫਿਰ ਉਹ ਬੜੇ ਮਾਣ ਨਾਲ਼ ਕਹਿੰਦੇ ਹਨ ਕਿ ਜਦੋਂ ਉਹਨਾਂ ਨੇ ਕਾਮੇਡੀ ਸ਼ੁਰੂ ਅਤੇ ਢਾਂਚੇ 'ਤੇ ਵਿਅੰਗ ਕਰਨੇ ਸ਼ੁਰੂ ਕੀਤੇ ਤਾਂ ਬਹੁਤ ਲੋਕਾਂ ਨੇ ਉਹਨਾਂ ਨੂੰ ਕਿਹਾ ਕਿ ਇਹ ਭ੍ਰਿਸ਼ਟ ਨੇਤਾ ਤੇ ਅਫਸਰਸ਼ਾਹੀ ਉਹਨਾਂ ਨੂੰ ਮਾਰ ਦਏਗੀ, ਉਹਨਾਂ ਨੂੰ ਨੁਕਸਾਨ ਪੁਚਾਏਗੀ, ਪਰ ਉਹਨਾਂ ਨੇ ਕਦੇ ਵੀ ਭੈਅ ਨਹੀਂ ਖਾਧਾ ਤੇ ਬਦਸਤੂਰ ਆਪਣਾ ਕੰਮ ਜਾਰੀ ਰੱਖਿਆ। ਉਹਨਾਂ ਨੇ ਦੱਸਿਆ ਕਿ ਆਮ ਲੋਕਾਂ ਨਾਲ਼ ਨਾਲ਼ ਉਹ ਅਫਸਰਸ਼ਾਹੀ ਤੇ ਨੇਤਾ ਵੀ ਜਿਹਨਾਂ ਤੇ ਉਹ ਵਿਅੰਗ ਕਰਦੇ ਹਨ ਉਹਨਾਂ ਦੇ 'ਚੁਟਕਲਿਆਂ' 'ਤੇ ਹੱਸਦੇ ਹਨ ਤੇ ਦਾਦ ਦਿੰਦੇ ਹਨ। ਹੁਣ ਸਵਾਲ ਇਹ ਉਠਦਾ ਹੈ ਕਿ ਜਦੋਂ ਦੇਸ਼ ਵਿੱਚ ਵਿਰੋਧ ਦੀ ਹਰ ਆਵਾਜ਼ ਦਾ ਗੱਲ ਘੁੱਟਣ ਦੀ ਕੋਸ਼ਿਸ਼ ਹੋ ਰਹੀ ਹੈ, ਬਸਤੀਵਾਦੀ ਅੰਗਰੇਜ਼ ਸਰਕਾਰ ਜਿਹੇ ਲੋਕ ਵਿਰੋਧੀ, ਜਮਹੂਰੀਅਤ ਵਿਰੋਧੀ ਕਾਨੂੰਨ ਬਣਾਏ ਜਾ ਰਹੇ ਹਨ, ਲੋਕ ਪੱਖੀ ਵਿਚਾਰ ਰੱਖਣ ਵਾਲੇ ਇਨਸਾਨਾਂ ਨੂੰ ਕੈਦ-ਤਨਹਾਈ ਦੀਆਂ ਸਜ਼ਾਵਾਂ ਹੋ ਰਹੀਆਂ ਹਨ ਤਾਂ ਫਿਰ ਢਾਂਚੇ ਦਾ ਇੰਨਾ ਜ਼ਿਆਦਾ ਮਜ਼ਾਕ ਬਣਾਉਣ ਦੇ ਬਾਵਜੂਦ ਵੀ ਉਹਨਾਂ ਦੀਆਂ ਗੱਲਾਂ 'ਤੇ ਹੱਸਿਆ ਜਾ ਰਿਹਾ ਹੈ ਤੇ ਦਾਦ ਦਿੱਤੀ ਜਾ ਰਹੀ ਹੈ? ਕੀ ਅਜਿਹਾ ਤਾਂ ਨਹੀਂ ਕਿ ਉਹ ਅਜਿਹਾ ਕੁਝ ਨਹੀਂ ਕਰ ਰਹੇ ਜਿਸ ਦਾ ਉਹ ਦਾਅਵਾ ਕਰਦੇ ਹਨ ਅਤੇ ਉਹ ਢਾਂਚੇ ਨੂੰ ਨੰਗਾ ਕਰਨ ਦੀ ਥਾਂ ਤੇ ਲੋਕਾਂ ਨੂੰ ਉਹਨਾਂ ਦੀਆਂ ਮੁਸ਼ਕਿਲਾਂ, ਤ੍ਰਾਸਦੀਆਂ ਤੇ ਭ੍ਰਿਸ਼ਟ ਲੋਟੂ ਨਿਜ਼ਾਮ ਬਾਰੇ ਚੁਟਕਲੇਬਾਜ਼ੀ ਨਾਲ਼ ਲੋਕਾਂ ਦਾ ਧਿਆਨ ਹੱਸਣ 'ਚ ਲੱਗਾ ਕੇ ਉਹਨਾਂ ਨੂੰ ਹਾਲਾਤਾਂ ਪ੍ਰਤੀ ਸੰਵੇਦਨਹੀਨ ਬਣਾ ਰਹੇ ਹਨ, ਲੋਕਾਂ ਦੇ ਗੁੱਸੇ ਨੂੰ ਹਾਸਾ ਬਣਾ ਕੇ ਢਾਂਚੇ ਦਾ 'ਸੇਫਟੀ ਵਾਲਵ' ਵਾਲਾ ਕੰਮ ਕਰ ਰਹੇ ਹਨ?

ਵਿਦੇਸ਼ਾਂ ਦੀ ਤੇ ਵਿਦੇਸ਼ੀ ਕਾਨੂੰਨਾਂ ਦੀ ਸਿਫਤ ਕੋਈ ਪੰਜਾਬੀ ਕਲਾਕਾਰ ਤੇ ਇੱਕ ਅੱਧਾ ਗੇੜਾ ਵਿਦੇਸ਼ ਦਾ (ਖਾਸ ਕਰਕੇ ਕੈਨੇਡਾ, ਅਮਰੀਕਾ ਤੇ ਇੰਗਲੈਂਡ) ਕੱਢਕੇ ਆਇਆ ਕੋਈ ਵੀ ਪੰਜਾਬੀ ਨਾ ਕਰੇ, ਇਹ ਕਿਵੇਂ ਹੋ ਸਕਦਾ ਹੈ। ਉਹ ਦੱਸਦੇ ਹਨ ਕਿ ਚੰਗੇ ਕਾਨੂੰਨਾਂ ਤੇ ਗੋਰੇ ਲੋਕਾਂ ਦੀ ਅਨੁਸ਼ਾਸਨ ਦੀ ਪਾਬੰਦੀ ਕਰਕੇ ਉਥੇ ਖੁਸ਼ਹਾਲੀ ਤੇ ਉੱਨਤੀ ਹੈ, ਆਪਣੇ ਤਰ੍ਹਾਂ ਤਰ੍ਹਾਂ ਦੇ 'ਚੁਟਕਲਿਆਂ' ਨਾਲ਼ ਉਹਨਾਂ ਨੇ ਦਿਖਾਇਆ ਕਿ ਕਿਵੇਂ ਪੰਜਾਬੀ (ਤੇ ਭਾਰਤੀ) ਆਪਣੀ ਉਜੱਡਤਾ ਕਰਕੇ ਗਰੀਬ ਹਨ ਤੇ ਜੇ ਪੰਜਾਬੀ ਗੋਰਿਆਂ ਵਾਂਗ ਕਾਨੂੰਨ-ਮੰਨਣ ਵਾਲੇ ਬਣ ਜਾਣ ਤਾਂ ਉਹੀ ਖੁਸ਼ਹਾਲੀ, ਉਹੀ ਉਨਤੀ ਇੱਥੇ ਵੀ ਆ ਸਕਦੀ ਹੈ। ਵਾਰੇ ਵਾਰੇ ਜਾਈਏ ਇਹਨਾਂ ਸੰਸਾਰ ਗਿਆਨੀਆਂ ਦੇ। ਇਤਿਹਾਸ ਪੜ੍ਹਕੇ, ਉਹ ਵੀ ਅਮਰੀਕਾ, ਕੈਨੇਡਾ ਤੇ ਇੰਗਲੈਂਡ ਦਾ, ਅਸੀਂ ਕੀ ਲੈਣਾ ਹੈ, ਇੰਨਾ ਬਹੁਤ ਨਹੀਂ ਕਿ ਲੋਕਾਂ ਨੂੰ ਮੱਤਾਂ ਦੇਣ ਲਈ ਕਿ ਉਹਨਾਂ ਨੇ ਕੁਝ ਚੱਕਰ ਵਿਦੇਸ਼ਾਂ ਦੇ ਲਾ ਲਏ ਹਨ। ਜਨਾਬ ਕਦੇ ਇਤਿਹਾਸ ਦੀ ਕੋਈ ਕਿਤਾਬ ਵੀ ਖੋਲ੍ਹ ਲਿਆ ਕਰੋ, ਗਿਆਨ ਨਾਲ਼ ਕਿਉਂ ਤੁਸੀਂ '144' ਲਗਾ ਰੱਖੀ ਹੈ। ਇਹਨਾਂ ਦੇਸ਼ਾਂ ਦੀ ਖੁਸ਼ਹਾਲੀ ਤੇ ਉੱਨਤੀ ਦੋ ਸਦੀਆਂ ਤੋਂ ਵੱਧ ਦੇ ਸਮੇਂ ਦੀ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਦੀ ਵਹਿਸ਼ੀਆਨਾ ਬਸਤੀਵਾਦੀ ਲੁੱਟ ਹੈ ਜਿਸ ਵਿੱਚ ਤੁਹਾਡਾ ਦੇਸ਼ ਭਾਰਤ ਤੇ ਪੰਜਾਬ ਵੀ ਸ਼ਾਮਲ ਹੈ, ਇਸ ਖੁਸ਼ਹਾਲੀ ਤੇ ਉੱਨਤੀ ਪਿਛੇ ਅਫਰੀਕਾ ਦੇ ਕਾਲੇ ਲੋਕਾਂ ਦਾ ਕਈ ਸਦੀਆਂ ਚੱਲਣ ਵਾਲਾ ਵਪਾਰ ਛੁਪਿਆ ਹੈ, ਇਸ ਖੁਸ਼ਹਾਲੀ ਤੇ ਉੱਨਤੀ ਪਿਛੇ ਸੈਂਕੜੇ ਹਜ਼ਾਰਾਂ ਜਲਿਆਂਵਾਲੇ ਬਾਗ ਤੇ 1943 ਦੇ ਬੰਗਾਲ ਜਿਹੇ ਅਣਗਿਣਤ ਅਕਾਲ ਛਿਪੇ ਹਨ, ਦਹਾਕਿਆਂ ਦੀ ਚੱਲ ਰਹੀ ਵਿਸ਼ਵੀਕਰਨ ਦੇ ਨਾਂ 'ਤੇ ਨੰਗੀ ਲੁੱਟ ਸ਼ਾਮਲ ਹੈ। ਉਹਨਾਂ ਦੇ ਸੱਭਿਆਚਾਰ ਦੇ ਪਿਛੇ ਪੁਨਰ-ਜਾਗਰਣ ਤੇ ਪ੍ਰਬੋਧਣ ਕਾਲ ਦੀਆਂ ਲਹਿਰਾਂ ਹਨ ਤੇ ਜਗੀਰਦਾਰੀ ਖਿਲਾਫ ਹੋਏ ਜਮਹੂਰੀ ਇਨਕਲਾਬ ਹਨ ਜਿਹਨਾਂ ਨੇ ਜਗੀਰੂ ਸੱਭਿਆਚਾਰ ਤੇ ਕਦਰਾਂ-ਕੀਮਤਾਂ ਦਾ ਤੂੰਬਾ-ਤੂੰਬਾ ਕਰ ਦਿੱਤਾ ਸੀ, ਪਰ ਸਾਨੂੰ ਤਾਂ ਹਾਲੇ ਵੀ ਬਲਦਾਂ ਦੀਆਂ ਟੱਲੀਆਂ ਦਾ ਹੇਰਵਾ ਮਾਰਦਾ ਰਹਿੰਦਾ ਹੈ। ਚਲੋ ਇੱਕ ਮਿੰਟ ਲਈ ਮੰਨ ਲੈਂਦੇ ਹਾਂ ਕਿ ਕਾਨੂੰਨ ਦੀ ਪਾਲਣਾ ਕਰਨ ਨਾਲ਼ ਖੁਸ਼ਹਾਲੀ ਆ ਸਕਦੀ ਹੈ, ਕਿਹੜੇ ਕਾਨੂੰਨ ਦੀ ਗੱਲ ਕਰਦੇ ਹੋ ਤੁਸੀਂ, ਅਫਸਪਾ, ਟਾਡਾ, ਪੋਟਾ, ਯੁਆਪਾ ਜਾਂ ਇਹੋ ਜਿਹੇ ਹੋਰ... ਜਾਂ ਫਿਰ ਸੜਕ ਦੇ ਖੱਬੇ ਹੱਥ ਚੱਲਣ ਨਾਲ, ਸਪੀਟ ਲਿਮਿਟ 'ਚ ਚੱਲਣ ਨਾਲ਼, ਰੇਲਵੇ ਫਾਟਕ ਤੇ ਲਾਈਨ 'ਚ ਲੱਗਣ ਨਾਲ਼ ਆਦਿ। ਹੋਰ ਤਾਂ ਹੋਰ, ਉਹਨਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਭਾਰਤ ਵਿੱਚ ਭਾਰਤ ਦੇ ਲੋਕ ਹੀ ਇੱਕ ਦੂਜੇ ਨੂੰ ਲੁੱਟਦੇ ਹਨ, ਜਦ ਕਿ ਅਮਰੀਕ ਇੰਗਲੈਂਡ ਵਿੱਚ ਅਜਿਹਾ ਨਹੀਂ ਹੈ। ਬੱਲੇ, ਫਿਰ ਆਹ ਜਿਹੜੇ ਇੰਗਲੈਂਡ, ਅਮਰੀਕਾ ਤੇ ਦੂਸਰੇ ਯੂਰਪੀ ਮੁਲਕਾਂ 'ਚ ਰੋਜ਼ ਧਰਨੇ ਮੁਜ਼ਾਹਰਿਆਂ ਦੀਆਂ ਖਬਰਾਂ ਲਗਦੀਆਂ ਹਨ, ਸਭ ਝੂਠ ਹੀ ਹਨ, ਨਾਲੇ ਫਿਰ ਤਾਂ ਅਮਰੀਕਾ ਕੈਨੇਡਾ 'ਚ ਮਜ਼ਦੂਰ ਹੋਣੇ ਹੀ ਨਹੀਂ?

ਇਸ ਤੋਂ ਬਾਅਦ ਵਾਰੀ ਆਈ ਕੌਮਾਂਤਰੀ ਸਥਿਤੀ ਦੀ, ਹੁਣ ਕਿਉਂਕਿ ਉਹ ਰਾਜਨੀਤੀ 'ਚ ਆ ਗਏ ਹਨ ਤਾਂ ਕੌਮਾਂਤਰੀ ਹਾਲਾਤਾਂ ਬਾਰੇ ਲੋਕਾਂ ਨੂੰ ਜਾਣੂੰ ਕਰਵਾਉਣਾ ਵੀ ਤਾਂ ਉਹਨਾਂ ਦਾ ਹੱਕ ਹੈ। ਤਿੰਨ ਮੁਲਕਾਂ 'ਚ ਅਜ਼ਾਦੀ ਆ ਗਈ ਹੈ, ਟੁਨੀਸ਼ੀਆ, ਮਿਸਰ ਤੇ ਲਿਬੀਆ, ਉਹਨਾਂ ਨੇ ਕਿਹਾ। ਲਿਬੀਆ 'ਚ ਅਜ਼ਾਦੀ ਆਉਣ ਵਾਲੀ ਹੈ ਜਾਂ ਸਾਮਰਾਜੀ ਕਬਜ਼ਾ, ਇਸ ਬਾਰੇ ਕਾਹਦੇ ਲਈ ਸੋਚਣਾ, ਆਪਾਂ ਨੇ ਕਹਿਣਾ ਸੀ ਕਹਿ ਦਿੱਤਾ ਤੇ ਸਰੋਤਿਆਂ ਨੇ ਤਾੜੀਆਂ ਮਾਰ ਦਿੱਤੀਆਂ ਹਨ, ਸੋ ਠੀਕ ਈ ਕਿਹਾ ਗਿਆ ਹੋਣਾ। ਹੁਣ ਵੇਲਾ ਸੀ 'ਅਰਬ ਮੁਲਕਾਂ 'ਚ ਬਦਲਾਅ ਦੀ ਲਹਿਰ' ਨੂੰ ਪੰਜਾਬ ਵਿੱਚ ਲਾਗੂ ਕਰਨ ਦਾ, ਕਿਵੇਂ ਕੀਤਾ ਗਿਆ – ਵਧ ਤੋਂ ਵਧ ਵੋਟਾਂ 'ਚ ਹਿੱਸਾ ਲਵੋ (ਤੇ ਵੋਟਾਂ ਕਿਸ ਨੂੰ ਪਾਉਣੀਆਂ ਹਨ, ਇਸ ਬਾਰੇ ਕੁਝ ਕਹਿਣ ਦੀ ਲੋੜ ਨਹੀਂ, ਆਪੇ ਸਮਝ ਜਾਓ!)। ਕੀ ਸ਼ਾਰਟ-ਕੱਟ ਮਾਰਿਆ ਹੈ, ਮਿਸਰ ਤੇ ਤਹਿਰੀਰ ਚੌਂਕ ਤੋਂ ਸਿੱਧਾ ਵੋਟ ਬਕਸੇ 'ਚ ਹੀ 'ਲੈਂਡ' ਕੀਤਾ।

ਅੱਜ ਕਲ ਹਰ ਨੇਤਾ-ਅਭਿਨੇਤਾ, ਸਮਾਜ-ਸੁਧਾਰਕ ਆਪਣੇ ਭਾਸ਼ਨ ਨੂੰ ਵਾਤਾਵਰਣ ਬਾਰੇ ਚਿੰਤਾ ਜ਼ਾਹਰ ਕਰਨ ਤੋਂ ਬਿਨਾਂ ਅਧੂਰਾ ਮੰਨਦਾ ਹੈ। ਭਗਵੰਤ ਮਾਨ ਹੁਰਾਂ ਨੇ ਗੰਧਲੇ ਹੋ ਰਹੇ

(**ਸਫਾ 31 'ਤੇ ਜਾਰੀ**)

ਸਿਹਤ ਮਹਿਕਮਾ ਹੀ ਬਣਿਆ
ਆਮ ਲੋਕਾਂ ਦੀ ਜਾਨ ਲਈ ਖਤਰਾ

• ਡਾ. ਅੰਮ੍ਰਿਤ

ਪਿਛਲੇ ਦਿਨੀਂ ਭਾਰਤ ਦਾ ਸਰਕਾਰੀ ਸਿਹਤ ਢਾਂਚਾ ਇੱਕ ਵਾਰ ਫਿਰ ਸੁਰਖੀਆਂ 'ਚ ਰਿਹਾ। ਰਾਜਸਥਾਨ ਦੇ ਸ਼ਹਿਰ ਜੋਧਪੁਰ 'ਚ ਸਰਕਾਰੀ ਮੈਡੀਕਲ ਕਾਲਜ ਦੇ ਉਮੇਦ ਹਸਪਤਾਲ ਵਿੱਚ ਪੰਦਰਾਂ ਦਿਨਾਂ ਦੇ ਅੰਦਰ ਹੀ ਜਣੇਪੇ ਦੌਰਾਨ ਦਾਖਿਲ ਹੋਈਆਂ 16 ਔਰਤਾਂ ਦੀ ਮੌਤ ਹੋ ਗਈ। ਸੁਭਾਵਿਕ ਹੈ ਕਿ ਇਹਨਾਂ ਔਰਤਾਂ ਵਿੱਚ ਜ਼ਿਆਦਾਤਰ ਗਰੀਬ ਜਾਂ ਹੇਠਲੇ ਮੱਧਵਰਗੀ ਤਬਕੇ ਵਿੱਚੋਂ ਸਨ ਕਿਉਂਕਿ ਸਾਡੇ ਦੇਸ਼ ਵਿੱਚ ਇਹੀ ਉਹ ਲੋਕ ਹਨ ਜੋ (ਮਜਬੂਰੀਵੱਸ) ਸਰਕਾਰੀ ਹਸਪਤਾਲਾਂ ਵਿੱਚ ਆਉਂਦੇ ਹਨ। ਇਹ ਮਾਮਲਾ ਵੀ ਕਿਸੇ ਦੇ ਧਿਆਨ ਹੇਠ ਨਾ ਆਉਂਦਾ ਜੇ ਮੌਤਾਂ ਕੁਝ ਹੀ ਦਿਨਾਂ ਅੰਦਰ ਨਾ ਹੋਈਆਂ ਹੁੰਦੀਆਂ ਤੇ ਮਰਨ ਵਾਲੀ ਇੱਕ ਔਰਤ ਦੇ ਰਿਸ਼ਤੇਦਾਰਾਂ ਨੇ ਆਵਾਜ਼ ਨਾ ਉਠਾਈ ਹੁੰਦੀ।

ਉਮੇਦ ਹਸਪਤਾਲ ਭਾਰਤ ਦੇ ਕੁਝ ਸਭ ਤੋਂ ਪੁਰਾਣੇ ਅਤੇ ਸਭ ਤੋਂ ਵੱਡੇ ਹਸਪਤਾਲਾਂ ਵਿੱਚੋਂ ਹੈ। ਇਹ ਹਸਪਤਾਲ ਰਾਜਸਥਾਨ ਦੇ ਉਸ ਖਿੱਤੇ 'ਚ ਹੈ ਜਿੱਥੇ ਕਈ ਵਾਰ ਜਣੇਪੇ ਦੌਰਾਨ ਸਿਹਤ ਸੇਵਾਵਾਂ ਪ੍ਰਾਪਤ ਕਰਨ ਲਈ ਲੋਕਾਂ ਨੂੰ 300-300 ਕਿਲੋਮੀਟਰ ਦਾ ਫਾਸਲਾ ਤੈਅ ਕਰਨਾ ਪੈਂਦਾ ਹੈ। ਪਰ ਇਸ ਤੋਂ ਬਾਅਦ ਆਮ ਲੋਕਾਂ ਨੂੰ ਜਿਸ ਤਰ੍ਹਾਂ ਦੀ 'ਸਹੂਲਤ' ਮਿਲਦੀ ਹੈ ਉਸ ਦੀ ਪੋਲ ਇਸ ਘਟਨਾ ਨੇ ਖੋਲ ਦਿੱਤੀ ਹੈ। ਭਾਰਤ ਵਿੱਚ ਪਹਿਲਾਂ ਹੀ ਜਣੇਪੇ ਦੌਰਾਨ ਔਰਤਾਂ ਦੇ ਮਰਨ ਦੀ ਦਰ ਪ੍ਰਤੀ ਲੱਖ ਜਣੇਪਿਆਂ ਪਿਛੇ 230 ਜੋ ਪੂਰੇ ਸੰਸਾਰ ਵਿੱਚ ਭਾਰਤ ਨੂੰ ਸ਼ਰਮਸਾਰ ਕਰ ਰਹੀ ਹੈ। ਅਜਿਹੀ ਹੀ ਘਟਨਾ ਕੁਝ ਸਮਾਂ ਪਹਿਲਾਂ ਪਟਿਆਲਾ ਦੇ ਮੈਡੀਕਲ ਕਾਲਜ ਵਿੱਚ ਹੋ ਕੇ ਹਟੀ ਹੈ ਜਿਸ ਵਿੱਚ ਕਈ ਨਵਜਾਤ ਬੱਚੇ ਬੱਚਾ ਵਾਰਡ ਵਿੱਚ ਅੱਗ ਲੱਗਣ ਕਾਰਨ ਜਲ ਕੇ ਮਰ ਗਏ ਸਨ। ਜਦ ਵੀ ਇਸ ਤਰ੍ਹਾਂ ਦੀ ਘਟਨਾ ਹੁੰਦੀ ਹੈ, ਸਰਕਾਰਾਂ ਵੱਲੋਂ ਕੁਝ ਸ਼ਰਮੋ-ਸ਼ਰਮੀ ਤੇ ਮਜਬੂਰੀਵੱਸ ਬਿਆਨ ਦਾਗਣ ਤੇ ਕੁਝ ਮੁਲਾਜ਼ਮਾਂ ਨੂੰ ਬਰਖਾਸਤ ਕਰਨ, ਮੁਆਵਜ਼ੇ ਐਲਾਨ ਕਰਨ ਦੀ ਰਸਮ-ਪੂਰਤੀ ਹੁੰਦੀ ਹੈ ਤੇ ਕੁਝ ਸਿਆਸੀ ਬਿਆਨਬਾਜ਼ੀ ਤੇ ਫਿਰ... ਇੱਕ ਨਵੀਂ ਤਰਾਸਦੀ ਦੀ ਉਡੀਕ ਸ਼ੁਰੂ ਹੋ ਜਾਂਦੀ ਹੈ, ਬਦਕਿਸਮਤੀ ਨਾਲ਼ ਇਸ ਦੀ ਉਡੀਕ ਬਹੁਤੀ ਲੰਬੀ ਨਹੀਂ ਹੁੰਦੀ। ਇੱਥੇ ਵੀ ਇਹੀ ਹੋਇਆ, ਘਟਨਾ ਦੇ ਸੁਰਖੀਆਂ ਵਿੱਚ ਆਉਣ ਤੋਂ ਬਾਅਦ ਸਰਕਾਰ ਨੇ ਘਟਨਾ ਦੀ ਜਾਂਚ ਲਈ ਪੰਜ ਕਮੇਟੀਆਂ ਬੈਠਾ ਦਿੱਤੀਆਂ, ਕੁਝ ਡਾਕਟਰਾਂ ਨੂੰ ਸਸਪੈਂਡ ਕੀਤਾ ਅਤੇ ਮਰੀਜ਼ਾਂ ਦੇ ਵਾਰਿਸਾਂ ਨੂੰ ਮੁਆਵਜ਼ੇ ਦਾ ਐਲਾਨ ਕਰਕੇ ਆਪਣੇ ਫਰਜ਼ਾਂ ਦੀ ਅਦਾਇਗੀ ਕੀਤੀ। ਰਿਪੋਰਟਾਂ ਅਨੁਸਾਰ ਮੌਤਾਂ ਲਈ ਸਰਕਾਰੀ ਸਪਲਾਈ 'ਚ ਆਇਆ ਪ੍ਰਦੂਸ਼ਿਤ (ਮਰੀਜ਼ਾਂ ਨੂੰ ਲਗਾਇਆ ਜਾਣ ਵਾਲਾ ਗਲੂਕੋਜ਼) ਅਤੇ ਹਸਪਤਾਲ ਵਿੱਚ ਸਫਾਈ ਦੀ ਅਣਦੇਖੀ ਜ਼ਿੰਮੇਵਾਰ ਹਨ। ਹਾਲਾਂਕਿ ਸਪਲਾਈ 'ਚ ਆਇਆ ਗਲੂਕੋਜ਼ ਸੀਲ ਕਰਨ ਤੋਂ ਬਾਅਦ ਵੀ ਕੁਝ ਮੌਤਾਂ ਹੋਈਆਂ ਹਨ।

ਅਜਿਹਾ ਨਹੀਂ ਹੈ ਕਿ ਇਹ ਘਟਨਾਵਾਂ ਹੀ ਢਾਂਚੇ ਦੀ ਪੂਰੀ ਤਸਵੀਰ ਪੇਸ਼ ਕਰਦੀਆਂ ਹਨ, ਅਸਲ ਤਸਵੀਰ ਤਾਂ ਬਹੁਤ ਭਿਅੰਕਰ ਹੈ। ਅਜਿਹੀਆਂ ਮੌਤਾਂ ਦੀ ਖ਼ਬਰ ਤਾਂ ਆਮ ਲੋਕਾਂ ਤੱਕ ਕੁਝ ਹੱਦ ਪਹੁੰਚ ਹੀ ਜਾਂਦੀ ਹੀ, ਪਰ ਕਿਤੇ ਵੱਡਾ ਹਿੱਸਾ ਉਹ ਹੈ ਜਿਨ੍ਹਾਂ ਦੀ ਭਾਫ ਤੱਕ ਨਹੀਂ ਨਿਕਲਦੀ। ਮੇਰੇ ਦੇਸ਼ ਦੇ 65 ਫੀਸਦੀ ਲੋਕ ਤਾਂ ਉਹ ਹਨ ਜਿਹੜੇ ਆਧੁਨਿਕ ਸਿਹਤ ਸੇਵਾਵਾਂ ਤੱਕ ਪਹੁੰਚ ਵੀ ਨਹੀਂ ਪਾਉਂਦੇ, ਤੇ ਜਿਹੜੇ ਪਹੁੰਚ ਪਾਉਂਦੇ ਹਨ ਉਹਨਾਂ ਦੀ ਹਾਲਤ ਬਹੁਤ ਬਦਤਰ ਹੈ। ਪ੍ਰਾਈਵੇਟ ਤੇ ਕਾਰਪੋਰੇਟ ਹਸਪਤਾਲਾਂ ਦੇ ਵਾਤਾ-ਅਨੁਕੂਲਿਤ ਕਮਰਿਆਂ ਦੀ ਹਵਾ ਤੱਕ ਵੀ ਪਹੁੰਚ ਪਾਉਣਾ ਇਹਨਾਂ ਲਈ ਮਰੀਜ਼ ਦੇ ਨਾਲ਼ ਨਾਲ਼ ਪੂਰੇ ਪਰਿਵਾਰ ਦੇ ਮਰਨ ਦਾ ਸਵਾਲ ਬਣ ਜਾਂਦਾ ਹੈ। ਇਹ ਲੋਕ ਤਾਂ ਸਰਕਾਰੀ ਹਸਪਤਾਲਾਂ ਦਾ ਖ਼ਰਚ ਚੁੱਕਣੋਂ ਵੀ ਬਹੁਤੀ ਵਾਰ ਅਸਮਰਥ ਹੁੰਦੇ ਹਨ। ਉਪਰੋਕਤ ਘਟਨਾ ਵਿੱਚ ਹੀ ਮਾਰੇ ਗਏ ਮਰੀਜਾਂ ਦੇ ਵਾਰਿਸਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਔਸਤਨ ਵੀਹ ਹਜ਼ਾਰ ਤੋਂ ਇੱਕ ਲੱਖ ਦੇ ਵਿਚਕਾਰ ਸਿਰਫ਼ ਦਵਾਈਆਂ 'ਤੇ ਹੀ ਖਰਚ ਹੋ ਗਿਆ। ਇੰਨੇ ਖਰਚੇ ਨੂੰ ਝੱਲਣ ਦੇ ਅਸਮਰਥ ਬਹੁਤ ਸਾਰੇ ਲੋਕ ਆਪਣੇ ਪਿਆਰਿਆਂ ਨੂੰ ਹਸਪਤਾਲਾਂ 'ਚੋਂ ਛੁੱਟੀ ਕਰਵਾ ਕੇ ਲੈ ਜਾਂਦੇ ਹਨ ਭਾਵੇਂ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਘਰ ਲਿਜਾ ਕੇ ਮਰੀਜ਼ ਨੇ ਨਹੀਂ ਬਚਣਾ। ਹਸਪਤਾਲ ਦਾ ਰਿਕਾਰਡ ਅਜਿਹੇ ਮਰੀਜਾਂ ਨੂੰ 'ਡਾਕਟਰੀ ਸਲਾਹ ਦੇ ਖਿਲਾਫ ਛੁੱਟੀ ਕਰਵਾ ਕੇ ਗਏ' ਜਾਂ 'ਰਿਸ਼ਤੇਦਾਰਾਂ ਦੀ ਬੇਨਤੀ 'ਤੇ ਛੁੱਟੀ ਕੀਤੀ ਗਈ' ਦੇ ਖਾਤੇ ਪਾ ਦਿੰਦਾ ਹੈ। ਇਸ ਸ਼ਰੇਆਮ ਝੂਠ 'ਤੇ ਮਰੀਜ਼ ਦੇ ਰਿਸ਼ਤੇਦਾਰਾਂ ਦੇ ਸਹਿਮਤੀ ਦੇ ਦਸਤਖ਼ਤ ਲਏ ਜਾਂਦੇ ਹਨ ਅਤੇ ਡਾਕਟਰਾਂ ਦੇ ਨਾਲ਼ ਨਾਲ਼ ਸਰਕਾਰਾਂ ਵੀ ਇਸ ਦੀ ਨੈਤਿਕ ਜ਼ਿੰਮੇਵਾਰੀ ਤੋਂ ਸੁਰਖਰੂ ਹੋ ਜਾਂਦੀਆਂ ਹਨ। ਜਿਹੜੇ ਲੋਕ ਕਿਸੇ ਤਰ੍ਹਾਂ ਹਜ਼ਾਰਾਂ ਲੱਖਾਂ ਦੇ ਉਧਾਰ ਚੁੱਕ ਕੇ ਆਪਣੇ ਮਰੀਜ਼ ਦਾ ਇਲਾਜ ਕਰਵਾ ਵੀ ਲੈਂਦੇ ਹਨ, ਉਹਨਾਂ ਦੇ ਕਈ ਸਾਲ ਉਹੀ ਕਰਜ਼ਾ ਲਾਹੁੰਦਿਆਂ ਲੰਘ ਜਾਂਦੇ ਹਨ। ਸਭ ਤੋਂ ਭੈੜੀ ਹਾਲਤ ਉਹਨਾਂ ਦੀ ਹੁੰਦੀ ਹੈ ਜਿਹਨਾਂ ਦੇ ਮਰੀਜ਼ ਅਜਿਹੀ ਬਿਮਾਰੀ ਦੇ ਸ਼ਿਕਾਰ ਹੋ ਜਾਂਦੇ ਹਨ ਜਿਹੜੀ ਮਰੀਜ਼ ਨੂੰ ਦੁਬਾਰਾ ਕੰਮ ਕਰਨ ਜੋਗਾ ਨਹੀਂ ਛੱਡਦੀ ਤੇ ਖਰਚਾ ਵੀ ਲੱਖਾਂ 'ਚ ਹੁੰਦਾ ਹੈ, ਇਸ ਤੋਂ ਵੀ ਬਦਤਰ ਕਈ ਵਾਰੀ ਮਰੀਜ਼ ਹੀ ਪਰਿਵਾਰ ਦਾ ਇੱਕੋ ਇੱਕ ਕਮਾਈ ਕਰਨ ਵਾਲਾ ਮੈਂਬਰ ਹੁੰਦਾ ਹੈ।

ਅਕਸਰ ਅਜਿਹੀਆਂ ਘਟਨਾਵਾਂ ਤੋਂ ਬਾਅਦ ਸਮਾਜ ਦੇ ਸੰਵੇਦਨਸ਼ੀਲ ਤਬਕਿਆਂ ਤੇ ਆਮ ਲੋਕਾਂ ਵੱਲੋਂ ਅਜਿਹੀਆਂ ਤਰਾਸਦੀਆਂ 'ਤੇ ਫਿਕਰ ਜਾਹਿਰ ਕੀਤਾ ਜਾਂਦਾ ਹੈ। ਜ਼ਿਆਦਾਤਰ ਲੋਕੀਂ ਇਸ ਲਈ ਡਾਕਟਰਾਂ ਤੇ ਹਸਪਤਾਲ ਦੇ ਸਟਾਫ ਨੂੰ ਅਤੇ

ਸਿਹਤ ਮਹਿਕਮੇ 'ਚ ਫੈਲੇ ਭ੍ਰਿਸ਼ਟਾਚਾਰ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ ਤੇ ਇਹ ਹੈ ਵੀ ਸੱਚ। ਦੇਸ਼ ਦੀ ਦੋ ਤਿਹਾਈ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ ਪਰ 80 ਫੀਸਦੀ ਡਾਕਟਰ, 75 ਫੀਸਦੀ ਡਿਸਪੈਂਸਰੀਆਂ ਤੇ 60 ਫੀਸਦੀ ਹਸਪਤਾਲ ਸ਼ਹਿਰਾਂ ਵਿੱਚ ਹਨ ਅਤੇ ਆਧੁਨਿਕ ਸਿਹਤ ਸਹੂਲਤਾਂ ਵਾਲੇ ਹਸਪਤਾਲ ਤਾਂ ਲਗਭਗ ਸਾਰੇ ਹੀ ਸ਼ਹਿਰਾਂ ਵਿੱਚ ਹਨ। ਜੋ ਡਿਸਪੈਂਸਰੀਆਂ ਤੇ ਹਸਪਤਾਲ ਪੇਂਡੂ ਖੇਤਰਾਂ ਵਿੱਚ ਹਨ ਵੀ, ਉਹਨਾਂ 'ਚੋਂ ਬਹੁਤਿਆਂ ਦੀ ਹਾਲਤ ਖਸਤਾ ਹੈ ਜਾਂ ਡਾਕਟਰ ਉਥੇ ਪਹੁੰਚਦੇ ਹੀ ਨਹੀਂ। ਵੈਸੇ ਵੀ ਡਾਕਟਰੀ ਕਿੱਤਾ ਹੁਣ ਦੋ ਇਨਸਾਨਾਂ ਵਿਚਕਾਰ ਸਬੰਧ ਨਾ ਰਹਿ ਕੇ ਦੁਕਾਨਦਾਰ-ਗਾਹਕ ਦਾ ਰਿਸ਼ਤਾ ਬਣ ਗਿਆ ਹੈ। ਡਾਕਟਰਾਂ ਤੇ ਹਸਪਤਾਲ ਦੇ ਸਟਾਫ ਵਿੱਚ ਮਰੀਜ਼ਾਂ ਅਤੇ ਉਹਨਾਂ ਦੇ ਵਾਰਿਸਾਂ ਪ੍ਰਤੀ ਸੰਵੇਦਨਹੀਣਤਾ ਵੀ ਵਿਆਪਕ ਪੱਧਰ 'ਤੇ ਪਾਈ ਜਾਂਦੀ ਹੈ, ਭਾਵੇਂ ਇਹ ਸੰਵੇਦਨਹੀਣਤਾ ਪੂਰੇ ਸਮਾਜ ਦਾ ਹੀ ਵਰਤਾਰਾ ਹੈ ਪਰ ਇਸ ਦਾ ਸਭ ਤੋਂ ਭਿਆਨਕ ਪ੍ਰਗਟਾਵਾ ਮੈਡੀਕਲ ਖੇਤਰ ਵਿੱਚ ਹੁੰਦਾ ਹੈ। ਪ੍ਰਾਈਵੇਟ ਕਲੀਨਿਕਾਂ ਤੇ ਕਾਰਪੋਰੇਟ ਹਸਪਤਾਲ ਤਾਂ ਹਨ ਹੀ ਬਿਜਨੈਸ, ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਦੀ ਪ੍ਰਾਈਵੇਟ ਪ੍ਰੈਕਟਿਸ ਦੇ ਚਰਚੇ ਵੀ ਅਕਸਰ ਅਖ਼ਬਾਰਾਂ ਵਿੱਚ ਛਪਦੇ ਰਹਿੰਦੇ ਹਨ, ਨਾ ਸਿਰਫ਼ ਇਹ ਡਾਕਟਰ ਪ੍ਰਾਈਵੇਟ ਪ੍ਰੈਕਟਿਸ ਹੀ ਕਰਦੇ ਹਨ, ਸਗੋਂ ਸਰਕਾਰੀ ਹਸਪਤਾਲ 'ਚ ਆਉਣ ਵੇਲੇ ਵੀ ਇਹਨਾਂ 'ਚੋਂ ਬਹੁਤਿਆਂ ਦਾ ਧਿਆਨ ਇਸ ਗੱਲ 'ਤੇ ਹੁੰਦਾ ਹੈ ਕਿ ਵੱਖ ਵੱਖ ਕਮਿਸ਼ਨਾਂ ਰਾਹੀਂ ਮਰੀਜ਼ ਦੀ ਜੇਬ੍ਹ 'ਚੋਂ ਵਧ ਤੋਂ ਵਧ ਪੈਸੇ ਆਪਣੀ ਜੇਬ੍ਹ ਤੱਕ ਕਿਵੇਂ ਪਹੁੰਚਦੇ ਕੀਤੇ ਜਾਣ। ਇਸ ਤੋਂ ਇਲਾਵਾ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਤੋਂ ਲੈ ਕੇ ਨਰਸਿੰਗ ਸਟਾਫ਼ ਤੇ ਸਹਾਇਕ ਮੁਲਾਜ਼ਮਾਂ ਦੀ ਭਾਰੀ ਕਮੀ ਹੈ, ਅਤੇ ਕਿਸੇ ਵੀ ਪੱਧਰ 'ਤੇ ਕਿਸੇ ਵੀ ਡਾਕਟਰ ਦੀ ਜ਼ਿੰਮੇਵਾਰੀ ਨਿਰਧਾਰਤ ਨਾ ਹੋਣ ਕਰਕੇ ਮੈਡੀਕਲ ਕਾਲਜਾਂ ਤੇ ਵੱਡੇ ਸ਼ਹਿਰਾਂ ਦੇ ਸਿਵਲ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਕਲਪਨਾ ਤੋਂ ਪਰੇ ਹੋ ਜਾਂਦੀ ਹੈ (ਇਹ ਤੱਥ ਪੰਜਾਬ ਦੇ ਮੈਡੀਕਲ ਕਾਲਜਾਂ 'ਤੇ ਲਾਗੂ ਨਹੀਂ ਹੁੰਦਾ) ਕਿਉਂਕਿ ਛੋਟੇ ਪੱਧਰ ਦੇ ਹਸਪਤਾਲ ਮਰੀਜ਼ਾਂ ਨੂੰ ਵੱਡੇ ਹਸਪਤਾਲਾਂ 'ਚ 'ਰੈਫਰ' ਕਰਨ ਦੇ ਅੱਡੇ ਮਾਤਰ ਹਨ। ਪਰ ਇਹ ਮੁਕੰਮਲ ਸੱਚ ਨਹੀਂ ਹੈ।

ਜਦੋਂ ਕਿਸੇ ਦੇਸ਼ ਵਿੱਚ ਸਿਹਤ ਸਹੂਲਤਾਂ ਦੀ ਇਹ ਹਾਲਤ ਹੋਵੇ, ਤਾਂ ਇਹਨਾਂ ਹਾਲਤਾਂ ਨੂੰ ਸੁਧਾਰਨਾ ਸੁਭਾਵਿਕ ਹੀ ਉਸ ਦੇਸ਼ ਦੀ ਸਰਕਾਰ ਦੇ ਸਾਰੇ ਕੰਮਾਂ 'ਚ ਪਹਿਲੇ ਦਰਜੇ 'ਤੇ ਹੋਵੇਗਾ। ਪਰ ਕੀ ਸਾਡੇ ਦੇਸ਼ ਦੀ ਸਰਕਾਰ ਅਜਿਹਾ ਕਰ ਰਹੀ ਹੈ ? ਤੱਥ ਇਸ ਦਾ ਜਵਾਬ ਨਾਂਹ ਵਿੱਚ ਦੇ ਰਹੇ ਹਨ। ਭਾਰਤ ਵਿੱਚ ਸਿਹਤ 'ਤੇ ਹੋਣ ਵਾਲਾ ਖਰਚ ਕੁੱਲ ਘਰੇਲੂ ਉਤਪਾਦ ਦਾ ਮਹਿਜ਼ ਪੰਜ ਫੀਸਦੀ ਬਣਦਾ ਹੈ ਜਿਸ ਵਿੱਚੋਂ 75 ਫੀਸਦੀ ਲੋਕ ਆਪਣੀ ਜੇਬ੍ਹ ਵਿੱਚੋਂ ਖਰਚਦੇ ਹਨ, ਸਿਰਫ਼ ਵੀਹ ਫੀਸਦੀ ਹਿੱਸਾ ਕੇਂਦਰੀ ਜਾਂ ਰਾਜ ਸਰਕਾਰਾਂ ਖਰਚਦੀਆਂ ਹਨ, ਇਸ ਦੇ ਬਾਵਜੂਦ ਸਰਕਾਰਾਂ 'ਰਾਜ ਨਹੀਂ ਸੇਵਾ' ਦੇ ਮੈਡਲ ਲਮਕਾ ਕੇ ਰਖਦੀਆਂ ਹਨ। ਹੁਣ ਜੇ ਇਸੇ ਤੱਥ ਨੂੰ ਇੱਕ ਹੋਰ ਤੱਥ ਜਿਸ ਅਨੁਸਾਰ ਭਾਰਤ ਦੇ 77 ਫੀਸਦੀ ਆਬਾਦੀ 20 ਰੁਪਏ ਪ੍ਰਤੀ ਦਿਨ ਜਾਂ ਇਸ ਤੋਂ ਘਟ 'ਤੇ ਗੁਜ਼ਾਰਾ ਕਰਦੀ ਹੈ, ਦੀ ਰੌਸ਼ਨੀ ਵਿੱਚ ਦੇਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਆਮ ਲੋਕਾਂ ਦੀ ਸਿਹਤ ਨਾਲ਼ ਕਿਸ ਤਰ੍ਹਾਂ ਖਿਲਵਾੜ ਹੋ ਰਿਹਾ ਹੈ। ਇੱਕ ਪਾਸੇ ਗਰੀਬੀ ਲੋਕਾਂ ਦਾ ਜੀਣਾ ਦੁੱਭਰ ਕਰ ਰਹੀ ਹੈ, ਦੂਜੇ ਪਾਸੇ ਸਰਕਾਰ ਲਗਾਤਾਰ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਤੋਂ ਵੀ ਇਨਕਾਰੀ ਹੁੰਦੀ ਜਾ ਰਹੀ ਹੈ। ਹੁਣੇ ਹੁਣੇ ਪਾਸ ਹੋਏ ਬਜਟ ਵਿੱਚ ਸਿਹਤ ਸੇਵਾਵਾਂ ਲਈ ਜੋ ਧਨ-ਰਾਸ਼ੀ ਰੱਖੀ ਗਈ ਹੈ, ਉਸ ਨੂੰ ਦੇਖ ਕੇ ਇੰਝ ਲੱਗਦਾ ਹੈ ਜਿਵੇਂ ਆਮ ਲੋਕਾਂ ਦੀ ਸਿਹਤ ਬਹੁਤ ਵਧੀਆ ਰਹਿੰਦੀ ਹੈ, ਇਸ 'ਤੇ ਫਾਲਤੂ ਪੈਸੇ ਖਰਾਬ ਕਰਨਾ ਸਰਕਾਰ ਨੂੰ ਗਵਾਰਾ ਨਹੀਂ। 89.80 ਲੱਖ ਕਰੋੜ ਰੁਪਏ ਦੇ ਬਜਟ ਵਿੱਚੋਂ ਸਿਹਤ ਸਹੂਲਤਾਂ 'ਤੇ ਖਰਚ ਕਰਨ ਲਈ ਸਿਰਫ਼ 26,760 ਕਰੋੜ ਰੁਪਏ ਹੀ ਜੁਟਾ ਪਾਏ ਹਨ ਸਾਡੇ ਵਿੱਤ ਮੰਤਰੀ ਸਾਹਬ, ਜੋ ਘਰੇਲੂ ਉਤਪਾਦ ਦਾ ਮਹਿਜ਼ 0.29 ਫੀਸਦੀ ਬਣਦਾ ਹੈ। ਦੂਜੇ ਪਾਸੇ ਇਸੇ ਬਜਟ ਵਿੱਚ ਪੂੰਜੀਪਤੀਆਂ ਲਈ ਪੰਜ ਲੱਖ ਕਰੋੜ ਤੋਂ ਉੱਪਰ ਦੀਆਂ ਟੈਕਸ ਛੋਟਾਂ ਦਾ ਪ੍ਰਬੰਧ ਕੀਤਾ ਗਿਆ ਹੈ। ਅਜਿਹਾ ਨਹੀਂ ਕਿ ਇਹਨਾਂ ਮਗਰਮੱਛਾਂ ਲਈ ਖੁਰਾਕ ਦੀ ਕੋਈ ਕਮੀ ਹੈ, ਪਿਛਲੇ ਸਾਲ ਦੌਰਾਨ ਇਹਨਾਂ ਦਾ ਮੁਨਾਫਾ ਅੱਠ ਲੱਖ ਕਰੋੜ ਤੋਂ ਉੱਪਰ ਰਿਹਾ ਹੈ। ਜੇ ਬਜਟ ਹੀ ਇੰਨਾ ਹੈ ਤਾਂ ਸਾਫ ਹੋ ਜਾਂਦਾ ਹੈ ਕਿ ਹਸਪਤਾਲਾਂ ਵਿੱਚ ਮਰੀਜ਼ਾਂ ਲਈ ਦਵਾਈਆਂ ਤੇ ਹੋਰ ਜੀਵਨ-ਰਖਿਅਕ ਸਹੂਲਤਾਂ ਦਾ ਬੰਦੋਬਸਤ ਕਿਉਂ ਨਹੀਂ ਹੋ ਪਾਉਂਦਾ, ਰਹਿੰਦੀ ਖੂੰਹਦੀ ਕਸਰ ਸਿਹਤ ਮਹਿਕਮੇ ਦੀ ਅਫਸਰਸ਼ਾਹੀ ਦਾ ਭ੍ਰਿਸ਼ਟਾਚਾਰ ਕੱਢ ਦਿੰਦਾ ਹੈ। ਅੰਤ ਵਿੱਚ ਮਰੀਜ਼ਾਂ ਨੂੰ ਮਿਲਦੇ ਹਨ ਤਾਂ ਸਿਰਫ਼ ਕੰਕਰੀਟ ਦੇ ਕਮਰੇ ਉਹ ਵੀ ਸਿਲ੍ਹਣ ਭਰੇ, ਤੇ ਟੁੱਟੀਆਂ ਖਿੜਕੀਆਂ, ਖਰਾਬ ਪੱਖੇ ਤੇ ਸੜਾਂਦ ਮਾਰਦੇ ਗੁਸਲਖਾਨੇ-ਲੈਟਰੀਨਾਂ ਉਹਨਾਂ ਦਾ ਜੀਣਾ ਬਦਹਾਲ ਕਰ ਦਿੰਦੇ ਹਨ। ਪਰ ਜਿਵੇਂ ਗੰਗਾ ਗੰਗੋਤਰੀ ਨਾਂ ਦੇ ਗਲੇਸ਼ੀਅਰ 'ਚੋਂ ਨਿਕਲਦੀ ਹੈ, ਇਹਨਾਂ ਸਾਰੇ ਕਾਰਨਾਂ ਦਾ ਅਸਲੀ ਗਲੇਸ਼ੀਅਰ ਹੈ ਮੁਨਾਫਾ ਅਧਾਰਿਤ ਢਾਂਚਾ, ਜਿਸ ਵਿੱਚ 'ਸਿਹਤ ਇੰਡਸਟਰੀ' ਤੇ 'ਦਵਾਈ ਸਨਅਤ' ਤਾਂ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਦੀ ਹੈ, ਪਰ ਆਮ ਲੋਕਾਂ ਦੀ ਸਿਹਤ ਵਿਗੜਦੀ ਜਾਂਦੀ ਹੈ। ਇਸ ਢਾਂਚੇ ਅੰਦਰ 'ਹੈਲਥ ਟੂਰਿਜ਼ਮ' ਤਾਂ ਵਧਦਾ ਫੁੱਲਦਾ ਹੈ, ਪਰ ਮਿਹਨਤਕਸ਼ ਹਸਪਤਾਲਾਂ ਦੀ ਦਹਿਲੀਜ਼ ਤੋਂ ਵੀ ਧੱਕੇ ਜਾਂਦੇ ਹਨ।●

''ਕਿਤਾਬ ਇੱਕ ਪੀੜ੍ਹੀ ਦੀ ਆਪਣੀ ਅਗਲੀ ਆਉਣ ਵਾਲੀ ਪੀੜ੍ਹੀ ਲਈ ਆਤਮਿਕ ਵਸੀਅਤ ਹੁੰਦੀ ਹੈ, ਮੌਤ ਦੀ ਦਹਿਲੀਜ਼ 'ਤੇ ਖੜ੍ਹੇ ਬਜ਼ੁਰਗ ਦੀ ਜ਼ਿੰਦਗੀ 'ਚ ਪਹਿਲੀ ਵਾਰ ਪੈਰ ਪੁੱਟ ਰਹੇ ਬੱਚੇ ਲਈ ਸਲਾਹ ਹੁੰਦੀ ਹੈ, ਡਿਊਟੀ ਨਿਭਾ ਕੇ ਜਾ ਰਹੇ ਸੰਤਰੀ ਦਾ ਡਿਊਟੀ 'ਤੇ ਆ ਰਹੇ ਸੰਤਰੀ ਨੂੰ ਹੁਕਮ ਹੁੰਦੀ ਹੈ.... ਕਿਤਾਬ, ਭਵਿੱਖ ਦਾ ਪ੍ਰੋਗਰਾਮ ਹੁੰਦੀ ਹੈ।''

● **ਹਰਜ਼ਨ**

ਬੇਰੁਜ਼ਗਾਰਾਂ ਦੇ ਸੰਘਰਸ਼
ਕੁਝ ਅਹਿਮ ਮੁੱਦੇ

• ਡਾ. ਅੰਮ੍ਰਿਤ

ਅੱਜ ਦੇ ਸਮੇਂ 'ਚ ਜਿੱਥੇ ਨੌਜਵਾਨਾਂ ਦਾ ਇੱਕ ਵੱਡਾ ਹਿੱਸਾ ਸਮਾਜਿਕ ਅਲਹਿਦਗੀ ਤੇ ਨਸ਼ਿਆਂ ਜਿਹੀਆਂ ਭਿਆਨਕ ਬੁਰਾਈਆਂ ਦਾ ਸ਼ਿਕਾਰ ਹੋ ਚੁੱਕਿਆ ਹੈ, ਉਥੇ ਹੀ ਬਹੁਗਿਣਤੀ ਨੌਜਵਾਨਾਂ ਨੂੰ ਸਿੱਖਿਆ ਹਾਸਿਲ ਕਰਨ ਅਤੇ ਉਸਤੋਂ ਬਾਅਦ ਗੁਜ਼ਾਰਾ ਕਰਨ ਲਈ ਕੋਈ ਸਨਮਾਨਯੋਗ ਰੁਜ਼ਗਾਰ ਪ੍ਰਾਪਤ ਕਰਨ ਦੀਆਂ ਪਹਾੜ ਜਿੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੰਗਲੈਂਡ, ਯੂਨਾਨ ਵਰਗੇ ਯੂਰਪੀ ਮੁਲਕਾਂ ਸਮੇਤ ਪੂਰੀ ਦੁਨੀਆਂ ਵਿੱਚ ਬੇਰੁਜ਼ਗਾਰੀ ਤੇ ਮਹਿੰਗੀ ਹੁੰਦੀ ਜਾਂਦੀ ਸਿੱਖਿਆ ਨੇ ਨੌਜਵਾਨਾਂ ਨੂੰ ਸੜਕਾਂ 'ਤੇ ਉਤਰਨ ਲਈ ਮਜਬੂਰ ਕਰ ਦਿੱਤਾ ਹੈ। ਭਾਰਤ 'ਚ ਹਾਲਤ ਤਾਂ ਹੋਰ ਵੀ ਬਦਤਰ ਹਨ। ਉੱਚ ਸਿੱਖਿਆ ਲਗਾਤਾਰ ਪੈਸੇ ਵਾਲਿਆਂ ਦੀ ਰਖੇਲ ਬਣਦੀ ਜਾ ਰਹੀ ਹੈ। ਰੁਜ਼ਗਾਰ ਦੇ ਮੌਕੇ ਸੁੰਗੜ ਰਹੇ ਹਨ, ਗਰੀਬ ਮਿਹਨਤਕਸ਼ ਲੋਕਾਂ ਦੇ ਪੁੱਤ-ਧੀਆਂ ਤਾਂ ਪਹਿਲਾਂ ਹੀ ਕਾਫੀ ਹੱਦ ਤੱਕ ਸਿੱਖਿਆ ਤੋਂ ਵਾਂਝੇ ਕਰ ਦਿੱਤੇ ਗਏ ਹਨ, ਹੁਣ ਮੱਧਵਰਗ 'ਚੋਂ ਵੀ ਬਹੁਗਿਣਤੀ ਨੌਜਵਾਨਾਂ ਲਈ ਸਿੱਖਿਆ ਤੇ ਰੁਜ਼ਗਾਰ ਦੇ ਖੇਤਰਾਂ 'ਚ ਆਪਣੇ ਲਈ ਜਗ੍ਹਾ ਬਣਾਉਣੀ ਔਖੀ ਹੁੰਦੀ ਜਾ ਰਹੀ ਹੈ।

ਪੰਜਾਬ ਵਿੱਚ ਵੀ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਚੱਲ ਰਹੀ ਨਿੱਜੀਕਰਨ ਅਤੇ ਠੇਕਾਕਰਨ ਦੀ ਪ੍ਰਕਿਰਿਆ ਨੇ ਜਿੱਥੇ ਸਿੱਖਿਆ ਨੂੰ ਵਿਕਾਊ ਮਾਲ ਬਣਾ ਦਿੱਤਾ ਹੈ, ਉਥੇ ਸਰਕਾਰੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ ਤਾਂ ਘੱਟ ਕੀਤੇ ਹੀ ਹਨ, ਜੋ ਕੁਝ ਬਚਿਆ ਵੀ ਹੈ ਉਸ ਵਿੱਚ ਵੀ ਪੱਕੀ ਨੌਕਰੀ ਤੇ ਸਮਾਜਿਕ ਸੁਰੱਖਿਆ ਪ੍ਰਾਪਤ ਹੋਣ ਦੀ ਸੰਭਾਵਨਾ ਬਹੁਤ ਹੱਦ ਤੱਕ ਖਤਮ ਹੋ ਗਈ ਹੈ। ਹੁਣ ਤਾਂ ਸਰਕਾਰ ਨੇ ਪੰਜਾਬ ਸਿਵਲ ਸਰਵਿਸਿਜ਼ (ਰੈਸ਼ਨੇਲਾਈਜ਼ੇਸ਼ਨ ਆਫ਼ ਸਰਟਨ ਕੰਡੀਸ਼ਨਜ਼ ਆਫ਼ ਸਰਵਿਸ) ਐਕਟ 2011 (ਪੰਜਾਬ ਐਕਟ ਨੰਬਰ 8 ਆਫ਼ 2011) ਬਣਾ ਕੇ ਠੇਕਾਕਰਨ ਨੂੰ ਕਾਨੂੰਨੀ ਜਾਮਾ ਪਹਿਨਾਉਣ ਦੀ ਤਿਆਰੀ ਖਿੱਚ ਲਈ ਹੈ। ਪ੍ਰਾਈਵੇਟ ਖੇਤਰ ਵਿੱਚ ਰੁਜ਼ਗਾਰ ਬਾਰੇ ਜਿੰਨਾ ਕਿਹਾ ਜਾਵੇ ਉਨਾ ਘੱਟ ਹੈ। ਉੱਚ ਤਨਖਾਹਦਾਰ ਮੁਲਾਜ਼ਮਾਂ ਦੇ ਇੱਕ ਛੋਟੇ ਜਿਹੇ ਤਬਕੇ ਨੂੰ ਛੱਡ ਕੇ ਪ੍ਰਾਈਵੇਟ ਖੇਤਰ ਵਿੱਚ ਜਿੱਥੇ ਬੇਕਿਰਕ ਲੁੱਟ ਤੇ ਜ਼ਲਾਲਤ ਹੈ, ਉਥੇ ਨਾਲ਼ ਨਾਲ਼ ਤਸੀਹਿਆਂ ਜਿਹੀ 'ਹਾਇਰ ਐਂਡ ਫਾਇਰ' ਦੀ ਅਨਿਸ਼ਚਿਤਾ ਵੀ ਹੈ। ਅਜਿਹੇ ਵਿੱਚ ਬੇਰੁਜ਼ਗਾਰਾਂ ਦਾ ਰੁਜ਼ਗਾਰ ਪ੍ਰਾਪਤ ਕਰਨ ਅਤੇ ਠੇਕੇ 'ਤੇ ਭਰਤੀ ਨੌਜਵਾਨਾਂ ਦਾ ਪੱਕੀ ਨੌਕਰੀ ਲਈ ਸੰਘਰਸ਼ਾਂ ਦੇ ਮੈਦਾਨਾਂ ਵਿੱਚ ਕੁੱਦਣਾ ਸੁਭਾਵਿਕ ਹੈ। ਨਾਲ ਹੀ ਸਰਕਾਰੀ ਮਹਿਕਮਿਆਂ ਨੂੰ ਨਿੱਜੀਕਰਨ ਤੇ ਠੇਕਾਕਰਨ ਤੋਂ ਬਚਾਉਣਾ ਵੀ ਇਸੇ ਸੰਘਰਸ਼ ਦਾ ਇੱਕ ਅਟੁੱਟ ਹਿੱਸਾ ਬਣ ਜਾਂਦਾ ਹੈ।

ਬੇਰੁਜ਼ਗਾਰ ਨੌਜਵਾਨ ਅਤੇ ਠੇਕੇ 'ਤੇ ਭਰਤੀ ਨੌਜਵਾਨ ਵੱਖ ਵੱਖ ਯੂਨੀਅਨਾਂ ਬਣਾ ਕੇ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਭ੍ਰਿਸ਼ਟ ਤੇ ਲੋਕ ਦੋਖੀ ਸਰਕਾਰਾਂ ਖਿਲਾਫ਼ ਲੜਾਈ ਲੜ ਰਹੇ ਹਨ। ਇਸ ਲੜਾਈ ਵਿੱਚ ਨੌਜਵਾਨਾਂ ਨੂੰ ਅਣਮਨੁੱਖੀ ਵਿਹਾਰ ਤੇ ਪੁਲਸੀਆ-ਜਥੇਦਾਰਾਨਾ ਮਾਰ-ਕੁੱਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਭੁੱਖ-ਹੜਤਾਲਾਂ, ਖਿਚ-ਧੂਹ, ਕੱਪੜੇ ਪਾਟਣ, ਡਾਂਗਾਂ ਦੀ ਕੁੱਟ ਤੋਂ ਬਾਅਦ ਸਿਰਾਂ ਤੋਂ ਵਹਿੰਦਾ ਲਹੂ ਤੇ ਨੌਜਵਾਨ ਕੁੜੀਆਂ ਦੀ ਸ਼ਰੇਆਮ ਹੁੰਦੀ ਬੇਪਤੀ ਪੰਜਾਬ ਦੀ ਧਰਤੀ 'ਤੇ ਰੋਜ਼ ਦੇ ਦ੍ਰਿਸ਼ ਬਣ ਗਏ ਹਨ। ਉਥੇ ਇਹਨਾਂ ਦੇ ਆਗੂ ਨੌਜਵਾਨਾਂ ਨੂੰ ਲਗਾਤਾਰ ਗ੍ਰਿਫਤਾਰੀਆਂ, ਘਰਾਂ 'ਤੇ ਛਾਪੇ ਤੇ ਝੂਠੇ ਕੇਸਾਂ ਵਿੱਚ ਉਲਝਾ ਕੇ ਹਰ ਤਰੀਕੇ ਨਾਲ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਿਰਫ ਇਹੀ ਨਹੀਂ, ਇਸ ਸੰਘਰਸ਼ ਵਿੱਚ ਕੁਝ ਨੌਜਵਾਨਾਂ ਦੀਆਂ ਜਾਨਾਂ ਤੱਕ ਚਲੀਆਂ ਗਈਆਂ ਹਨ। ਇੰਨਾ ਕੁਝ ਹੋਣ ਦੇ ਬਾਵਜੂਦ ਵੀ ਸਮੇਂ ਦੇ ਹਾਕਮਾਂ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ ਤੇ ਉਹ ਨੀਰੋ ਬਣ ਕੇ ਜਲ ਰਹੇ ਸ਼ਹਿਰ ਦਾ 'ਆਨੰਦ' ਮਾਣ ਰਹੇ ਹਨ ਤੇ ਹਰ ਤਰ੍ਹਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਸਖਤ ਤੋਂ ਸਖਤ ਫਾਸੀਵਾਦੀ ਕਾਨੂੰਨ ਬਣਾਉਣ 'ਚ ਮਸ਼ਰੂਫ ਹਨ। ਜਿੱਥੇ ਨੌਜਵਾਨਾਂ ਦੀ ਸਪਿਰਿਟ ਜਿਸ ਨਾਲ਼ ਉਹ ਇਹਨਾਂ ਲੜਾਈਆਂ ਨੂੰ ਅੰਜਾਮ ਦੇ ਰਹੇ ਹਨ, ਨੂੰ ਸਲਾਮ ਕਰਨਾ ਬਣਦਾ ਹੈ, ਉਥੇ ਹੀ ਇਹਨਾਂ ਸੰਘਰਸ਼ਾਂ ਦੀਆਂ ਬਹੁਤ ਸਾਰੀਆਂ ਕਮਜ਼ੋਰੀਆਂ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ।

ਸਭ ਤੋਂ ਵੱਡੀ ਕਮਜ਼ੋਰੀ ਜੋ ਇਹਨਾਂ ਸੰਘਰਸ਼ਾਂ ਦੀ ਉੱਭਰ ਕੇ ਸਾਹਮਣੇ ਆ ਰਹੀ ਹੈ, ਉਹ ਹੈ ਇਹਨਾਂ ਦਾ ਆਪਸ ਵਿੱਚ ਬੁਰੀ ਤਰ੍ਹਾਂ ਨਿਖੜੇ ਹੋਣਾ। ਅਲੱਗ ਅਲੱਗ ਖੇਤਰਾਂ 'ਚ ਰੁਜ਼ਗਾਰ ਤਲਾਸ਼ਦੇ ਜਾਂ ਠੇਕਾਂ ਜਾਂ ਹੋਰ ਅਪਮਾਨਿਤ ਸ਼ਰਤਾਂ ਅਧੀਨ ਭਰਤੀ ਨੌਜਵਾਨ ਤਾਂ ਅਲੱਗ ਅਲੱਗ ਹੋ ਕੇ ਲੜ ਹੀ ਰਹੇ ਹਨ, ਸਗੋਂ ਇੱਕ ਹੀ ਖੇਤਰ ਦੇ ਨੌਜਵਾਨ ਵੀ ਅਲੱਗ ਅਲੱਗ ਹੋ ਕੇ ਇਸ ਜਾਲਮ ਢਾਂਚੇ ਖਿਲਾਫ਼ ਜੂਝ ਰਹੇ ਹਨ। ਉਦਾਹਰਣ ਵਜੋਂ, ਸਿੱਖਿਆ ਮਹਿਕਮੇ ਦੀਆਂ ਤਿਕੜਮਬਾਜ਼ੀਆਂ ਨਾਲ਼ ਅਧਿਆਪਕਾਂ ਦੇ ਕਈ ਸਾਰੇ ਕਾਡਰ ਹੋਂਦ ਵਿੱਚ ਆ ਗਏ ਹਨ। ਇਹਨਾਂ ਵੱਖ ਵੱਖ ਕਾਡਰਾਂ ਦੇ ਅਧਿਆਪਕ ਵੀ ਇੱਕ ਦੂਜੇ ਨਾਲੋਂ ਨਿਖੜ ਕੇ ਆਪਣੇ ਆਪਣੇ ਸੰਘਰਸ਼ ਲੜ ਰਹੇ ਹਨ। ਸਰਕਾਰ ਦੀ ਤਾਂ ਮਨਸ਼ਾ ਹੀ ਇਹੋ ਹੁੰਦੀ ਹੈ ਕਿ ਲੋਕਾਂ ਦੀ ਏਕਤਾ ਤੋੜ ਕੇ ਉਹਨਾਂ ਦੇ ਸੰਘਰਸ਼ਾਂ ਨੂੰ ਹਰ ਸੰਭਵ ਤਰੀਕੇ ਨਾਲ ਕਮਜ਼ੋਰ ਤੇ ਪ੍ਰਭਾਵਹੀਣ ਕੀਤਾ ਜਾਵੇ, ਅਜਿਹੀ ਸਥਿਤੀ ਵਿੱਚ ਅਲੱਗ ਥਲੱਗ ਰਹਿਣਾ ਇੱਕ ਤਰ੍ਹਾਂ ਸਰਕਾਰਾਂ ਦੇ ਹੱਥਾਂ 'ਚ ਖੇਡਣਾ ਹੀ ਹੋ ਜਾਂਦਾ ਹੈ। ਸਿਹਤ ਮਹਿਕਮੇ ਵਿੱਚ ਡਾਕਟਰ ਵੱਖਰੇ, ਨਰਸਾਂ ਵੱਖਰੇ ਤੇ ਫਾਰਮਾਸਿਸਟ ਵੱਖਰੇ ਲੜ ਰਹੇ ਹਨ। ਇਹਨਾਂ ਵਿੱਚ ਅੱਗੇ ਵੈਟਰਨਰੀ ਡਾਕਟਰ ਤੇ ਫਾਰਮਾਸਿਸਟ ਅਲੱਗ ਹਨ, ਆਮ ਡਾਕਟਰ ਅਤੇ ਫਾਰਮਾਸਿਸਟ ਅਲੱਗ। ਇਸ ਤੋਂ ਇਲਾਵਾ, ਬੇਰੁਜ਼ਗਾਰਾਂ ਦੇ

ਸੰਘਰਸ਼ ਅਤੇ ਬੇਰੁਜ਼ਗਾਰਾਂ ਤੇ ਰੁਜ਼ਗਾਰ ਪ੍ਰਾਪਤ ਤਬਕਿਆਂ ਵਿਚਕਾਰ ਇਹ ਪੂੰਜੀਵਾਦੀ ਢਾਂਚਾ ਇੱਕ ਖਾਈ ਪੈਦਾ ਕਰਕੇ ਰੱਖਦਾ ਹੈ। ਅਜਿਹੇ ਨਿਖੜੇ ਸੰਘਰਸ਼ ਜਿੱਥੇ ਸਰਕਾਰ ਤੇ ਦਬਾਅ ਬਣਾਉਣ ਵਿੱਚ ਘੱਟ ਪ੍ਰਭਾਵੀ ਹੁੰਦੇ ਹਨ, ਉਥੇ ਸਰਕਾਰਾਂ ਲਈ ਅਜਿਹੇ ਸੰਘਰਸ਼ਾਂ ਨੂੰ ਖਦੇੜਨ ਵਿੱਚ ਆਸਾਨੀ ਰਹਿੰਦੀ ਹੈ ਤੇ ਸਰਕਾਰ ਦੇ ਕੀਤੇ ਅਤਿਆਚਾਰ ਪ੍ਰਤੀ ਗੁੱਸੇ ਦਾ ਸੰਚਾਰ ਵੀ ਆਮ ਲੋਕਾਂ ਤੇ ਨੌਜਵਾਨਾਂ ਵਿਚਕਾਰ ਬਹੁਤ ਘੱਟ ਹੁੰਦਾ ਹੈ, ਇੰਨੀਆਂ ਯੂਨੀਅਨਾਂ ’ਤੇ ਹੁੰਦਾ ਲਾਠੀਚਾਰਜ ਤੇ ਨੌਜਵਾਨਾਂ ਦੀ ਬੇਇਜ਼ਤੀ ਬਹੁਗਿਣਤੀ ਲੋਕਾਂ ਲਈ ਆਮ ਜਿਹੀ ਘਟਨਾ ਬਣ ਕੇ ਰਹਿ ਜਾਂਦੀ ਹੈ। ਇਸ ਦੇ ਨਾਲ਼ ਹੀ ਸਰਕਾਰ ਇਸ ਮੱਧਵਰਗੀ ਮਾਨਸਿਕਤਾ ਦਾ ਫਾਇਦਾ ਲੈ ਕੇ ਨੌਜਵਾਨਾਂ ਵਿੱਚ ਵਿਆਪਕ ਏਕਤਾ ਵਿਕਸਤ ਹੋਣ ਨੂੰ ਵੀ ਰੋਕੀ ਰੱਖਦੀ ਹੈ।

ਇਸ ਲਈ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ, ਕਿ ਜਦੋਂ ਸਰਕਾਰਾਂ ਹੱਕੀ ਸੰਘਰਸ਼ਾਂ ਨੂੰ ਦਬਾਉਣ ਲਈ ਆਪਣੇ ਅਸਤਰ-ਸ਼ਸਤਰ ਮਜਬੂਤ ਕਰ ਰਹੀਆਂ ਹਨ, ਲੋੜ ਹੈ ਕਿ ਨੌਜਵਾਨ ਵੀ ਆਪਣੀ ਏਕਤਾ ਨੂੰ ਮਜਬੂਤ ਕਰਕੇ ਇਸ ਨੂੰ ਫੌਲਾਦੀ ਰੂਪ ਦੇਣ। ਰੁਜ਼ਗਾਰ ਪ੍ਰਾਪਤੀ ਦਾ ਸੰਘਰਸ਼ ਸਿਰਫ਼ ਬੇਰੁਜ਼ਾਗਰਾਂ ਦਾ ਸੰਘਰਸ਼ ਨਾ ਰਹਿ ਕੇ ਸਾਰੇ ਨੌਜਵਾਨਾਂ ਦਾ ਸੰਘਰਸ਼ ਬਣ ਜਾਣਾ ਚਾਹੀਦਾ ਹੈ, ਭਾਵੇਂ ਉਹ ਵਿਦਿਆਰਥੀ ਹੋਣ, ਬੇਰੁਜ਼ਗਾਰ ਹੋਣ ਜਾਂ ਠੇਕੇ ’ਤੇ ਭਰਤੀ ਨੌਜਵਾਨ। ਇਸੇ ਤਰ੍ਹਾਂ ਪੱਕੇ ਰੁਜ਼ਗਾਰ ਤੇ ਸਮਾਜਿਕ ਸੁਰੱਖਿਆ ਦੀ ਲੜਾਈ ਸਿਰਫ਼ ਰੁਜ਼ਗਾਰ ਪ੍ਰਾਪਤ ਕਰ ਚੁੱਕੇ ਨੌਜਵਾਨਾਂ ਦੀ ਲੜਾਈ ਹੀ ਨਾ ਰਹੇ, ਸਗੋਂ ਬੇਰੁਜ਼ਗਾਰਾਂ ਤੇ ਵਿਦਿਆਰਥੀਆਂ ਦੀ ਸਾਂਝੀ ਲੜਾਈ ਬਣ ਜਾਣੀ ਚਾਹੀਦੀ ਹੈ, ਅਤੇ ਬਿਹਤਰ ਤੇ ਸਸਤੀ ਸਿੱਖਿਆ ਲਈ ਸੰਘਰਸ਼ ਸਾਰੇ ਨੌਜਵਾਨਾਂ ਦਾ ਸਾਂਝਾ ਮਕਸਦ ਬਣ ਜਾਣਾ ਚਾਹੀਦਾ ਹੈ। ਵੱਖ ਵੱਖ ਯੂਨੀਅਨਾਂ ਨੂੰ ਆਪਸੀ ਤਾਲ ਮੇਲ ਬਿਠਾਉਣਾ ਚਾਹੀਦਾ ਹੈ ਅਤੇ ਸਾਂਝੇ ਮੋਰਚੇ, ਤਾਲਮੇਲ ਕਮੇਟੀਆਂ ਉਸਾਰ ਕੇ ਸੰਘਰਸ਼ ਨੂੰ ਉੱਨਤ ਪੱਧਰ ’ਤੇ ਲਿਜਾਣਾ ਚਾਹੀਦਾ ਹੈ। ਨੌਜਵਾਨਾਂ ਨੂੰ ਸਿਰਫ਼ ਆਪੋ ਆਪਣੇ ਰੁਜ਼ਗਾਰਾਂ ਲਈ ਹੀ ਨਹੀਂ, ਸਗੋਂ ਸਾਂਝੇ ਨਾਅਰਿਆਂ ਜਿਵੇਂ ‘ਹਰ ਇੱਕ ਲਈ ਬਿਹਤਰ ਤੇ ਸਸਤੀ ਸਿੱਖਿਆ ਦਾ ਪ੍ਰਬੰਧ, ਤੇ ਹਰ ਹੱਥ ਲਈ ਸਨਮਾਨਜਨਕ ਰੁਜ਼ਗਾਰ’, ਹੇਠ ਲੜਾਈ ਵਿੱਢਣੀ ਚਾਹੀਦੀ ਹੈ ਅਤੇ ਇਹ ਸਿਰਫ਼ ਜੁਬਾਨੀ ਕਲਾਮੀ ਹੀ ਨਹੀਂ ਹੋਣਾ ਚਾਹੀਦਾ, ਸਗੋਂ ਅਮਲ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਹੈ। ਸਿਰਫ਼ ਅਜਿਹਾ ਕਰਕੇ ਹੀ ਨੌਜਵਾਨ ਸੰਘਰਸ਼ ਨੂੰ ਕਿਸੇ ਕਿਨਾਰੇ ਤੱਕ ਲੈ ਕੇ ਜਾਣ ਵਿੱਚ ਸਫਲ ਹੋ ਪਾਉਣਗੇ।

ਦੂਸਰੀ ਵੱਡੀ ਕਮਜ਼ੋਰੀ ਹੈ, ਇਹਨਾਂ ਸੰਘਰਸ਼ਾਂ ਦਾ ਵਿਆਪਕ ਸਮਾਜ ਤੇ ਹੋਰ ਮਿਹਨਤਕਸ਼ ਲੋਕਾਂ ਦੇ ਸੰਘਰਸ਼ਾਂ ਤੋਂ ਇੱਕ ਤਰ੍ਹਾਂ ਨਾਲ਼ ਪੂਰੀ ਤਰ੍ਹਾਂ ਟੁੱਟੇ ਹੋਣਾ। ਰੁਜ਼ਗਾਰ ਦਾ ਹੱਕ ਹਰ ਮਨੁੱਖ ਦਾ ਬੁਨਿਆਦੀ ਹੱਕ ਹੈ, ਇਸ ਤੋਂ ਇਨਕਾਰ ਕਰਨ ’ਤੇ ਸਰਕਾਰ ਖਿਲਾਫ਼ ਲੜਨਾ ਹਰ ਬੇਰੁਜ਼ਗਾਰ ਦਾ ਹੱਕ ਹੈ, ਪਰ ਇਸ ਹੱਕ ਲਈ ਸੰਘਰਸ਼ ਨੂੰ ਸਿਰਫ਼ ਖੁਦ ਤੱਕ ਜਾਂ ਸਿਰਫ਼ ਪੜੇ ਲਿਖੇ ਡਿਗਰੀ ਹੋਲਡਰ ਨੌਜਵਾਨਾਂ ਤੱਕ ਸੀਮਤ ਕਰ ਦੇਣਾ ਅੱਜ ਦੇ ਸਮੇਂ ਵਿੱਚ ਰੁਜ਼ਗਾਰ ਪ੍ਰਾਪਤੀ ਦੇ ਸੰਘਰਸ਼ ਨੂੰ ਢਾਹ ਲਾਉਣਾ ਹੋਵੇਗਾ। ਅੱਜ ਦੀ ਜ਼ਰੂਰਤ ਹੈ ਕਿ ਸਭ ਤਬਕਿਆਂ ਦੇ ਨੌਜਵਾਨਾਂ ਦੀ ਵਿਆਪਕ ਏਕਤਾ ਪੈਦਾ ਕਰਨ ਲਈ ਪਲੇਟਫਾਰਮ ਤਿਆਰ ਕਰਨਾ, ਅਤੇ ਇਸ ਨੌਜਵਾਨ ਏਕਤਾ ਨੂੰ ਸਮਾਜ ਦੇ ਦੂਜੇ ਮਿਹਨਤਕਸ਼ ਮਜ਼ਦੂਰ ਗਰੀਬ ਕਿਸਾਨਾਂ ਦੇ ਸੰਘਰਸ਼ਾਂ ਨਾਲ ਇੱਕ ਮੁੱਠਤਾ ਕਾਇਮ ਕਰਨੀ ਹੋਵੇਗੀ। ਅਜਿਹੇ ਤਰੀਕੇ ਅਪਨਾਉਣੇ ਹੋਣਗੇ ਜਿਸ ਨਾਲ਼ ਨੌਜਵਾਨ ਅਤੇ ਦੂਸਰੇ ਮਿਹਨਤਕਸ਼ ਲੋਕ ਇੱਕ ਦੂਜੇ ਦੀ ਸਿਰਫ਼ ਬਿਆਨਾਂ ਤੱਕ ਦੀ ਹਮਾਇਤ ਨਾ ਕਰਨ, ਸਗੋਂ ਇੱਕ ਦੂਜੇ ਦੇ ਸੰਘਰਸ਼ਾਂ ਵਿੱਚ ਸਰਗਰਮੀ ਨਾਲ਼ ਸਾਥ ਦੇਣ। ਪਰ ਨਾ ਸਿਰਫ਼ ਨੌਜਵਾਨ ਹੀ ਆਮ ਲੋਕਾਂ ਨਾਲੋਂ ਨਿਖੜੇ ਹੋਏ ਹਨ, ਪੂਰਾ ਪੜ੍ਹਿਆ-ਲਿਖਿਆ ਤਬਕਾ ਹੀ ਆਮ ਲੋਕਾਂ ਤੋਂ ਨਿਖੜ ਚੁੱਕਾ ਹੈ, ਇਹ ਸਥਿਤੀ ਸਮੇਂ ਦੇ ਹਾਕਮਾਂ ਲਈ ਬਹੁਤ ਲਾਭਕਾਰੀ ਹੈ ਕਿਉਂਕਿ ਪੜੇ-ਲਿਖੇ ਲੋਕਾਂ ਵਿਚੋਂ ਕੁਝ ਲੋਕ ਅੱਗੇ ਹੋ ਕੇ ਆਮ ਲੋਕਾਂ ਨੂੰ ਚੇਤਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇੱਕ ਹੋਰ ਦੁਖਦਾਈ ਪਹਿਲੂ ਇਹ ਵੀ ਹੈ ਕਿ ਪਹਿਲਾਂ ਦੀਆਂ ਪੱਕੀਆਂ ਨੌਕਰੀਆਂ ਲਈ ਬੈਠੇ ਮੁਲਾਜ਼ਮ ਵੀ ਲਗਭਗ ਚੁੱਪ ਕਰਕੇ ਤਮਾਸ਼ਾ ਦੇਖ ਰਹੇ ਹਨ ਹਾਲਾਂਕਿ ਸੰਘਰਸ਼ ਲੜਨ ਵਾਲੇ ਨੌਜਵਾਨ ਵਿੱਚ ਇਹਨਾਂ ਦੇ ਪੁੱਤ ਧੀ ਵੀ ਹਨ ਜਾਂ ਕੱਲ ਨੂੰ ਹੋਣਗੇ।

ਤੀਜੀ ਵੱਡੀ ਕਮਜ਼ੋਰੀ ਹੈ, ਨੌਜਵਾਨਾਂ ਵਿੱਚ ਰਾਜਨੀਤਕ ਚੇਤਨਾ ਅਤੇ ਸਮਾਜ ਦੀ ਵਿਗਿਆਨਕ ਸਮਝ ਦੀ ਬਹੁਤ ਹੱਦ ਤੱਕ ਅਣਹੋਂਦ। ਇਸ ਕਾਰਨ ਨੌਜਵਾਨ ਅਕਸਰ ਸਮੱਸਿਆ ਦੇ ਅਸਲੀ ਕਾਰਨਾਂ ਨੂੰ ਨਹੀਂ ਸਮਝ ਪਾਉਂਦੇ ਅਤੇ ਅਸਲੀ ਦੁਸ਼ਮਣ ਨਾਲ਼ ਲੜਨ ਦੀ ਬਜਾਏ ਦੁਸ਼ਮਣ ਦੇ ਮਖੌਟਿਆਂ ਖਿਲਾਫ਼ ਲੜਾਈ ਨੂੰ ਮੁੱਖ ਲੜਾਈ ਸਮਝ ਬੈਠਦੇ ਹਨ। ਬੇਰੁਜ਼ਗਾਰੀ ਦਾ ਕਾਰਨ ਵੀ ਇਹ ਜਾਂ ਉਹ ਸਰਕਾਰ ਜਾਂ ਮੰਤਰੀ ਜਾਂ ਪਾਰਟੀ ਨਹੀਂ ਹੈ, ਬੇਰੁਜ਼ਗਾਰੀ ਅਜੋਕੇ ਸਿਸਟਮ ਭਾਵ ਪੂੰਜੀਵਾਦੀ ਦੀ ਢਾਂਚਾਗਤ ਸਮੱਸਿਆ ਹੈ, ਇਹ ਇਸ ਸਿਸਟਮ ਦਾ ਅਟੁੱਟ ਅੰਗ ਹੈ ਅਤੇ ਇਸੇ ਤਰ੍ਹਾਂ ਨਿੱਜੀਕਰਨ ਠੇਕਾਕਰਨ ਵੀ ਇਸੇ ਢਾਂਚੇ ਦੀ ਦੇਣ ਹੈ। ਜਿੰਨਾ ਚਿਰ ਪੂੰਜੀਵਾਦ ਰਹੇਗਾ, ਉੱਨਾ ਚਿਰ ਨਾ ਸਿਰਫ ਬੇਰੁਜ਼ਗਾਰੀ, ਨਿੱਜੀਕਰਨ ਠੇਕਾਕਰਨ ਰਹੇਗਾ ਅਤੇ ਸਿੱਖਿਆ ਵੀ ਵਿਕਾਊ ਮਾਲ ਬਣੀ ਰਹੇਗੀ, ਸਗੋਂ ਸਥਿਤੀ ਹੋਰ ਵੀ ਬਦਤਰ ਹੋਣ ਦੇ ਅਸਾਰ ਬਣੇ ਰਹਿਣਗੇ। ਇਹ ਸਰਕਾਰਾਂ-ਮੰਤਰੀ-ਨੇਤਾ ਤਾਂ ਪੂੰਜੀਪਤੀਆਂ ਦੇ ਸੇਵਾਦਾਰ ਮਾਤਰ ਹਨ। ਇਸ ਲਈ ਰੁਜ਼ਗਾਰ ਪ੍ਰਾਪਤੀ ਸੰਘਰਸ਼ਾਂ ਨੂੰ ਇਸ ਲੋਕ ਦੋਖੀ ਪੂੰਜੀਵਾਦੀ ਢਾਂਚੇ ਨੂੰ ਖਤਮ ਕਰਕੇ ਬਿਹਤਰ ਸਮਾਜ ਸਿਰਜਣ ਦੇ ਇੱਕ ਵੱਡੇ ਪ੍ਰੋਜੈਕਟ ਦੇ ਹਿੱਸੇ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ ਤੇ ਉਸੇ ਪ੍ਰੋਜੈਕਟ ਦੇ ਹਿੱਸੇ ਵਜੋਂ ਹੀ ਲੜਿਆ ਜਾਣਾ ਚਾਹੀਦਾ ਹੈ। ਬੇਰੁਜ਼ਗਾਰੀ ਦਾ ਅੰਤਮ ਹੱਲ ਸਿਰਫ਼ ਢਾਂਚਾ ਤਬਦੀਲੀ ਹੀ ਹੈ, ਢਾਂਚਾ ਤਬਦੀਲੀ ਤੋਂ ਬਿਨਾਂ ਬੇਰੁਜ਼ਗਾਰੀ ਨੂੰ ਖਤਮ ਕਰਨ ਦੀ ਇੱਛਾ ਰੱਖਣਾ ਖਾਮਖਿਆਲੀ ਹੀ ਹੋਵੇਗਾ। ਇਸ ਲਈ ਨੌਜਵਾਨਾਂ ਨੇ ਨਾ ਸਿਰਫ਼ ਰੁਜ਼ਗਾਰ ਲਈ ਲੜਨਾ ਹੈ, ਸਗੋਂ ਉਹਨਾਂ ਨੇ ਹੋਰ ਵੀ ਵੱਡੇ ਕੰਮਾਂ ਨੂੰ ਅੰਜਾਮ ਦੇਣਾ ਹੈ ਜਿਹਨਾਂ ਦਾ ਭਾਰ ਇਤਿਹਾਸ ਨੇ ਉਹਨਾਂ ਦੇ ਮੋਢਿਆਂ ’ਤੇ ਪਾ ਦਿੱਤਾ ਹੈ। ਇਸ ਲਈ ਨੌਜਵਾਨਾਂ ਨੂੰ ਸਮਾਜ ਦੀ ਵਿਗਿਆਨਕ ਸਮਝ ਤੇ ਇਸਨੂੰ ਬਦਲਣ ਦੇ ਵਿਗਿਆਨ ਨਾਲ਼ ਲੈੱਸ ਕਰਨਾ ਪਵੇਗਾ ਅਤੇ ਇਸ ਸਮਝ ਨੂੰ ਆਮ ਲੋਕਾਂ ਵਿੱਚ ਲੈ ਕੇ ਜਾਣਾ ਪਵੇਗਾ। ਸਾਰੇ ਲੁੱਟੇ ਜਾ ਰਹੇ ਲੋਕਾਂ ਨਾਲ਼ ਮਿਲ਼ ਕੇ ਇੱਕ ਅਜਿਹੀ ਲੜਾਈ ਦੀ ਤਿਆਰੀ ਕਰਨੀ ਹੋਵੇਗੀ ਜੋ ਬੇਰੁਜ਼ਗਾਰੀ ਨੂੰ ਅੰਤਮ ਰੂਪ ਵਿੱਚ ਖਤਮ ਕਰੇਗੀ ਅਤੇ ਸਭ ਲਈ ਸਿੱਖਿਆ-ਸਭ ਲਈ ਰੁਜ਼ਗਾਰ-ਸਭ ਲਈ ਸਨਮਾਨਜਨਕ ਜ਼ਿੰਦਗੀ ਦੇ ਰਸਤੇ ਖੋਲੇਗੀ। •

ਟਿੱਪਣੀਆਂ

ਇੰਟਰਨੈੱਟ ’ਤੇ ਫਾਸੀਵਾਦੀ ਸਿਕੰਜਾ ਹੋਰ ਕਸਣ ਦੀ ਤਿਆਰੀ

● ਡਾ. ਅੰਮ੍ਰਿਤ

ਗੂਗਲ ਦੁਆਰਾ ਜਾਰੀ ਕੀਤੀ ਇੱਕ ਤਾਜ਼ੀ ਰਿਪੋਰਟ ਮੁਤਾਬਕ ਇੰਟਰਨੈੱਟ ਸੈਂਸਰਸ਼ਿਪ ਲਈ ਜਰਮਨੀ ਤੇ ਬਰਾਜ਼ੀਲ ਤੋਂ ਬਾਅਦ ਭਾਰਤ ਦੁਨੀਆਂ ਵਿੱਚ ਤੀਜੇ ਨੰਬਰ ’ਤੇ ਹੈ, ਭਾਵੇਂ ਇਸ ਲਿਸਟ ਵਿੱਚ ਚੀਨ ਸ਼ਾਮਲ ਨਹੀਂ ਹੈ। ਹਾਲਾਂ ਕਿ ਭਾਰਤ ਵਿੱਚ ਇੰਟਰਨੈੱਟ ’ਤੇ ਪਹਿਲਾਂ ਹੀ ਨਿੱਜਤਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਕਿਸੇ ਦੀ ਕੋਈ ਮੇਲ ਜਾਂ ਨਿੱਜੀ ਜਾਣਕਾਰੀ ਆਦਿ ਪੜ੍ਹੀ/ਦੇਖੀ ਜਾ ਸਕਦੀ ਹੈ। ਸਰਕਾਰ ਜਦੋਂ ਚਾਹੇ ਕਿਸੇ ਵੀ ਸਾਈਟ ਜਾਂ ਬਲੌਗ ਨੂੰ ਬੰਦ ਕਰਵਾ ਸਕਦੀ ਹੈ, ਔਰਕੁਟ ਵਰਗੀ ਸੋਸ਼ਲ ਨੈਟਵਰਕਿੰਗ ਸਾਈਟ ਨੇ ਪਹਿਲਾਂ ਹੀ ਸਰਕਾਰ ਨੂੰ ਜਿਸ ਕਿਸੇ ਦਾ ਵੀ ਚਾਹੀਦਾ ਹੋਵੇ, ਆਈ. ਪੀ. ਪਤਾ ਦੇਣ ਦਾ ਕਰਾਰ ਕਰ ਲਿਆ ਹੈ, ਪਰ ਸ਼ਾਇਦ ਇੰਨਾ ਕਾਫੀ ਨਹੀਂ ਹੈ। ਯੂਰਪ ਦੇ ਲੋਕਾਂ ਦੀਆਂ ਆਮ-ਹੜਤਾਲਾਂ ਅਤੇ ਅਰਬ ਮੁਲਕਾਂ ਦੇ ਲੋਕ ਉੱਭਰਾਂ ਨੇ ਸਭ ਮੁਲਕਾਂ ਦੇ ਪੂੰਜੀਪਤੀਆਂ ਤੇ ਇਹਨਾਂ ਦੀਆਂ ਮੈਨੇਜਿੰਗ ਕਮੇਟੀਆਂ ਨੂੰ ਇਸ ਦੇ ਡਰ ਨੇ ਦਿਨ ਰਾਤ ਬੇਚੈਨ ਕਰ ਕੇ ਰੱਖਿਆ ਹੋਇਆ ਹੈ। ਅਰਬ ਦੀਆਂ ਘਟਨਾਵਾਂ ਵਿੱਚ ਇੰਟਰਨੈਟ ਦੀ ਖਾਸ ਕਰਕੇ ਫੇਸਬੁੱਕ, ਯੂ-ਟਿਊਬ ਅਤੇ ਬਲੌਗਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਇੰਟਰਨੈੱਟ ਸਸਤਾ ਪੈਂਦਾ ਹੈ ਤੇ ਵਰਤਣਾ ਬਹੁਤ ਆਸਾਨ ਹੈ। ਇਸ ਨੂੰ ਦੇਖਦੇ ਹੋਏ ਸਰਕਾਰ ਨੇ ਵਕਤ ਰਹਿੰਦੇ ਹੀ ਇਸ ਮਾਧਿਅਮ ਦੇ ਪੇਚ ਕਸਣ ਦੀ ਤਿਆਰੀ ਖਿੱਚ ਲਈ ਹੈ। ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਤਾਂ ਪਹਿਲਾਂ ਹੀ ਕਾਫੀ ਹੱਦ ਤੱਕ ਕਾਰਪੋਰੇਟਾਂ ਦਾ ਭੌਂਪੂ ਬਣ ਚੁੱਕਿਆ ਹੈ, ਪਰ ਇੰਟਰਨੈੱਟ ਰਾਹੀਂ ਕਾਰਪੋਰੇਟ ਵਿਰੋਧੀ ਤੇ ਲੋਕ ਪੱਖੀ ਵਿਚਾਰ ਪ੍ਰਗਟ ਕਰਨ ਵਾਲਿਆਂ ਦੀ ਅਤੇ ਅਜਿਹਾ ਕਰਨ ਲਈ ਸਪੇਸ ਉਪਲਬਧ ਕਰਾਉਣ ਵਾਲਿਆਂ ਦੀ ਵੀ ਹੁਣ ਖੈਰ ਨਹੀਂ। ਸਰਕਾਰ ਸੂਚਨਾ ਤਕਨਾਲੋਜੀ ਐਕਟ ਵਿੱਚ ਨਵੀਂ ਸੋਧ ਰਾਹੀਂ ‘ਸਾਲਸੀ’ ਨਾਮ ਦੀ ਇੱਕ ਨਵੀਂ ਧਾਰਾ ਲਿਆਉਣ ਲੱਗੀ ਹੈ ਜਿਸ ਤਹਿਤ ਫੇਸਬੁੱਕ, ਬਲੌਗ, ਔਰਕੁਟ ਜਾਂ ਅਜਿਹੇ ਹੀ ਹੋਰ ਸਾਈਟ, ਜਿਹੜੇ ਕੋਈ ਬਹਿਸ, ਵਿਚਾਰ ਰੱਖਣ ਦੀ ਸਪੇਸ ਦਿੰਦੇ ਹਨ, ‘ਸਾਲਸੀ’ ਦੀ ਸ਼੍ਰੇਣੀ ਵਿੱਚ ਪਾ ਦਿੱਤੇ ਜਾਣਗੇ। ਨਵੇਂ ਕਾਨੂੰਨ ਅਨੁਸਾਰ ਇਹਨਾਂ ‘ਸਾਲਸੀ’ ’ਚ ਆਉਣ ਵਾਲੀਆਂ ਸਾਈਟਾਂ ਜਾਂ ਬਲੌਗਾਂ ’ਤੇ ਨਸ਼ਰ ਹੋਣ ਵਾਲੇ ਹਰ ਵਿਚਾਰ ਲਈ ਇਹ ‘ਸਾਲਸ’ ਜ਼ਿੰਮੇਵਾਰ ਠਹਿਰਾਏ ਜਾਣਗੇ। ਜੇ ਕੋਈ ਵੀ ਵਿਚਾਰ ਜਾਂ ਹੋਰ ਕੁਝ ਵੀ ਸਰਕਾਰ ਨੂੰ ‘ਇਤਰਾਜਯੋਗ’ ਲੱਗਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਨਾ ਸਿਰਫ਼ ਅਜਿਹਾ ਕਰਨ ਵਾਲੇ ਵਿਅਕਤੀ ਦੀ ਹੋਵੇਗੀ, ਸਗੋਂ ‘ਸਾਲਸ’ ਵੀ ਬਰਾਬਰ ਦਾ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਇਸ

ਇਨਸਾਨ ਦੀ ਸਭ ਤੋਂ ਵੱਡੀ ਦੌਲਤ ਉਸ ਦੀ ਜ਼ਿੰਦਗੀ ਹੁੰਦੀ ਹੈ ਅਤੇ ਜੀਣ ਲਈ ਇਨਸਾਨ ਨੂੰ ਬਸ ਇੱਕ ਹੀ ਜ਼ਿੰਦਗੀ ਮਿਲ਼ਦੀ ਹੈ। ਉਸ ਨੂੰ ਇਸ ਤਰ੍ਹਾਂ ਆਪਣੀ ਜ਼ਿੰਦਗੀ ਜਿਉਣੀ ਚਾਹੀਦੀ ਹੈ ਕਿ ਉਸ ਨੂੰ ਮਨੋ-ਮਨੀਂ ਇਸ ਦੁੱਖ ਦੀ ਤਕਲੀਫ ਨੂੰ ਸਹਿਣਾ ਨਾ ਪਵੇ ਕਿ ਉਸ ਨੇ ਆਪਣੀ ਜ਼ਿੰਦਗੀ ਦੇ ਸਾਲ ਇੰਝ ਹੀ ਗੁਜਾਰ ਦਿੱਤੇ ਹਨ, ਤਾਂ ਜੋ ਉਸ ਨੂੰ ਇਸ ਜ਼ਿਲੱਤ ਦੀ ਅੱਗ ’ਚ ਨਾ ਸੜਨਾ ਪਵੇ ਕਿ ਉਸ ਦਾ ਗੁਜਰਿਆ ਸਮਾਂ ਘਟੀਆ ਤੇ ਭੱਦਾ ਸੀ। ਉਸ ਨੂੰ ਇਸ ਤਰ੍ਹਾਂ ਜੀਣਾ ਚਾਹੀਦਾ ਹੈ ਕਿ ਮਰਦੇ ਸਮੇਂ ਇਹ ਕਹਿ ਸਕੇ ਕਿ ਮੈਂ ਆਪਣੀ ਸਾਰੀ ਜ਼ਿੰਦਗੀ, ਆਪਣੀ ਸਾਰੀ ਤਾਕਤ ਸੰਸਾਰ ਦੇ ਉਸ ਪਵਿਤਰ ਕਾਰਜ, ਮਨੁੱਖਤਾ ਦੀ ਅਜ਼ਾਦੀ ਦੀ ਲੜਾਈ ਵਿੱਚ ਲਾਈ ਹੈ। ਇਨਸਾਨ ਨੂੰ ਆਪਣੀ ਜ਼ਿੰਦਗੀ ਦੀ ਹਰ ਪਲ ਦੀ ਵਰਤੋਂ ਕਰਨੀ ਚਾਹੀਦੀ ਹੈ, ਕੌਣ ਜਾਣੇ ਕਦੋਂ ਕੋਈ ਅਚਾਨਕ ਬਿਮਾਰੀ ਜਾਂ ਬੇਰਹਿਮ ਦੁਰਘਟਨਾ ’ਚ ਹੀ ਉਸ ਦੀ ਜ਼ਿੰਦਗੀ ਦੇ ਸੂਤ ਨੂੰ ਕੱਟ ਦੇਵੇ।

— ਨਿਕੋਲਾਈ ਓਸਤਰੋਵਸਕੀ (ਕਬੁੰਹ ਨਾ ਛਾਡੈ ਖੇਤੁ)

ਬੁਰਾ ਹਿੱਕ ’ਚ ਰੜਕਦਾ ਹੈ

ਨਾਸਮਝ ਹਾਂ
ਅਣਜਾਣ ਹਾਂ
ਪਰ ਦਿਲ ਜਵਾਨ
ਅੰਦਰ ਧੜਕਦਾ ਹੈ।

ਮੂਰਖ ਹਾਂ
ਮਾਸੂਮ ਹਾਂ
ਪਰ ਸੱਚਾਈ
ਮਨ ਸਮਝਦਾ ਹੈ।

ਧੋਖਾ
ਬੁਰਾਈ ਹੈ
ਆਸ ਸਹਾਰੇ
ਚੱਲੇ ਦੁਨੀਆਂ
ਦਸਤੂਰ ਝਲਕਦਾ ਹੈ।

ਦੱਬਿਆਂ ਹਾਂ
ਕੁਚਲਿਆਂ ਹਾਂ
ਉੱਠਾਂਗਾਂ ਫੇਰ
ਹੌਂਸਲਾ ਕਦ ਮਰਦਾ ਹੈ ?

ਮਰਾਂਗਾ
ਖਪਾਂਗਾ
ਤੋੜ ਦੇਵੇ ਇਰਾਦਾ
ਕਿਹੜੇ ਜ਼ਬਰ ਦੀ
ਜੁਹਰਤ ਹੈ।

ਇਸ਼ਕ-ਏ-ਇਸ਼ਕ
ਹੈ ਯਾਰਾਂ ਨੂੰ
ਰੋਕ ਲਵੇ ਜਿਹੜਾ
ਰੋਕ ਸਕੇ ਬਹਾਰਾਂ ਨੂੰ
ਬੁਰਾ ਹਿੱਕ ’ਚ ਰੜਕਦਾ
ਹੈ।

● ਹਰਵਿੰਦਰ ਕੌਰ

ਤੋਂ ਇਲਾਵਾ 'ਸਾਲਸਾਂ' ਨੂੰ ਆਪਣੀ ਸਾਈਟ ਜਾਂ ਬਲੌਗ ਤੇ ਆਉਣ ਵਾਲਿਆਂ ਦਾ ਟ੍ਰੈਕ-ਰਿਕਾਰਡ ਵੀ ਰੱਖਣਾ ਪਵੇਗਾ। ਇਸ ਤਰ੍ਹਾਂ ਕਰਕੇ ਸਰਕਾਰ ਲੋਕਾਂ ਵਿੱਚ ਇਕ ਸਹਿਮ ਦਾ ਤੇ ਇੱਕ ਦੂਸਰੇ ਪ੍ਰਤੀ ਬੇਯਕੀਨੀ ਦਾ ਮਾਹੌਲ ਬਣਾਉਣਾ ਚਾਹ ਰਹੀ ਹੈ, ਜਿਸ ਕਰਕੇ ਕੋਈ ਕਿਸੇ ਦੂਸਰੇ ਦਾ ਕੋਈ ਵੀ ਵਿਚਾਰ ਨਸ਼ਰ ਕਰਨ ਤੋਂ ਡਰੇਗਾ ਕਿਉਂਕਿ 'ਇਤਰਾਜਯੋਗ' ਹੋਣ ਦੀ ਤਲਵਾਰ ਹਮੇਸ਼ਾ ਹਰ ਕਿਸੇ ਦੇ ਸਿਰ 'ਤੇ ਲਟਕਦੀ ਰਹੇਗੀ। ਫੇਸਬੁੱਕ, ਔਰਕੁਟ ਜਿਹੀਆਂ ਕੰਪਨੀਆਂ ਦਾ ਕਿਉਂਕਿ ਮੁੱਖ ਉਦੇਸ਼ ਹੀ ਮੁਨਾਫਾ ਕਮਾਉਣਾ ਹੈ, ਇਸ ਲਈ ਇਹਨਾਂ ਨੇ ਕੋਈ ਵੀ ਰਿਸਕ ਉਠਾਉਣ ਤੋਂ ਬਚਣਾ ਹੈ ਤੇ ਸਰਕਾਰ ਵਿਰੋਧੀ ਹਰ ਵਿਚਾਰ ਨੂੰ ਵਧ ਤੋਂ ਵਧ ਸੈਂਸਰ ਕਰਕੇ ਰੱਖਣਾ ਹੈ। ਚੀਨ 'ਚ ਪਹਿਲਾਂ ਹੀ ਇਸ ਤਰ੍ਹਾਂ ਦਾ ਕਾਨੂੰਨ ਅਮਲ ਵਿੱਚ ਹੈ ਅਤੇ ਜਲਦੀ ਹੀ ਭਾਰਤ ਨੂੰ ਵੀ ਚੀਨ ਬਣਾਉਣ ਦੀ ਤਿਆਰੀ ਹੈ। ਇਹ ਹੈ ਅਸਲੀ ਚਿਹਰਾ ਵਿਚਾਰਾਂ ਦੀ ਆਜ਼ਾਦੀ ਦਾ ਨਕਾਬ ਪਾਉਣ ਵਾਲਿਆਂ ਦਾ।●

ਵਿਸ਼ਵ ਕ੍ਰਿਕਟ ਕੱਪ ਅਤੇ ਨਫ਼ਰਤ ਦਾ ਕਾਰੋਬਾਰ

● ਨਵਦੀਪ

ਵਿਸ਼ਵ ਕ੍ਰਿਕਟ ਕੱਪ ਦੀ ਕਵਰੇਜ਼ ਦੇ ਬਹਾਨੇ ਭਾਰਤੀ ਇਲੈਕਟ੍ਰੌਨਿਕ ਭੋਂਪੂ (ਮੀਡੀਆ) ਨੇ ਅੰਨ੍ਹੀ-ਕੌਮਪ੍ਰਸਤੀ ਅਤੇ ਨਫ਼ਰਤ ਫੈਲਾਉਣ ਦੀ ਮੁਹਿੰਮ ਜ਼ੋਰ-ਸ਼ੋਰ ਨਾਲ਼ ਚਲਾਈ, ਜੋ ਪਾਕਿਸਤਾਨ ਨਾਲ਼ ਸੈਮੀਫਾਈਨਲ ਤੱਕ ਆਉਂਦੇ ਆਉਂਦੇ ਆਪਣੇ ਸਿਖ਼ਰ ਤੱਕ ਪਹੁੰਚ ਗਈ। ਇਹ ਨਫ਼ਰਤ ਸੀ ਸਿੱਧੇ ਰੂਪ ਵਿੱਚ ਪਾਕਿਸਤਾਨ ਖਿਲਾਫ਼ ਅਤੇ ਅਸਿੱਧੇ ਰੂਪ ਵਿੱਚ ਮੁਸਲਮਾਨਾਂ ਖਿਲਾਫ਼। ਦੇਸ਼ ਭਗਤੀ ਦਾ ਮਤਲਬ ਹੀ ਪਾਕਿਸਤਾਨ (ਮੁਸਲਮਾਨਾਂ) ਨੂੰ ਨਫ਼ਰਤ ਕਰਨਾ ਹੈ ਅਤੇ ਦੇਸ਼ ਭਗਤੀ ਨੂੰ ਜ਼ਾਹਰ ਕਰਨ ਦਾ ਤਰੀਕਾ ਪਾਕਿਸਤਾਨ (ਮੁਸਲਮਾਨਾਂ) ਨੂੰ ਗਾਲ੍ਹਾਂ ਕੱਢਣਾ ਬਣਾ ਦਿੱਤਾ ਗਿਆ। ਪਾਕਿਸਤਾਨ ਨਾਲ਼ ਹੋਣ ਵਾਲੇ ਸੈਮੀਫਾਈਨਲ ਨੂੰ ਫਾਈਨਲ ਦਾ ਦਰਜਾ ਦੇ ਕੇ ਨਫ਼ਰਤ ਦੇ ਇਸ ਗੁਬਾਰੇ ਨੂੰ ਖੂਬ ਫੈਲਾਇਆ ਗਿਆ ਅਤੇ ਸਟੇਡੀਅਮ ਵਿਚਲੇ ਦਰਸ਼ਕਾਂ ਦੀਆਂ ਜੇਬ੍ਹਾਂ ਵਿਚੋਂ ਚੋਖਾ ਮੁਨਾਫਾ ਕਮਾਇਆ ਗਿਆ। ਲੋਕਾਂ ਦੀਆਂ ਭਾਵਨਾਵਾਂ ਨੂੰ ਉਕਸਾ ਕੇ ਟਿਕਟ ਵਿਕਰੀ ਵਧਾਈ ਗਈ, ਟਿਕਟਾਂ ਦੀ ਕੀਮਤ 25,000 ਰੁਪਏ ਤੱਕ ਜਾ ਅੱਪੜੀ। ਪਾਕਿਸਤਾਨ ਦੀ ਹਾਰ ਤੋਂ ਬਾਅਦ ਇਸੇ ਕੰਮ ਨੂੰ ਸ਼੍ਰੀਲੰਕਾ ਦੇ ਬਹਾਨੇ **ਲੰਕਾ ਦਹਨ** ਵਰਗੇ ਭੱਦੇ ਵਿਸ਼ੇਸ਼ਣਾ ਦੀ ਵਰਤੋਂ ਕਰਕੇ ਅੱਗੇ ਤੋਰਿਆ ਗਿਆ। ਦੂਜਾ ਜਿੱਥੇ ਇੱਕ ਪਾਸੇ ਲੋਕ ਭੁੱਖਮਰੀ, ਗਰੀਬੀ ਅਤੇ ਬੇਰੁਜ਼ਗਾਰੀ ਵਰਗੀਆਂ ਮਹਾਮਾਰੀਆਂ ਦਾ ਪ੍ਰਕੋਪ ਝੱਲ ਰਹੇ ਹਨ, ਉਸੇ ਸਮੇਂ ਸਰਮਾਏਦਾਰ ਮਜ਼ਦੂਰਾਂ ਦੇ ਖੂਨ ਪਸੀਨੇ ਤੋਂ ਨਿਚੋੜੀ ਕਮਾਈ ਨਾਲ ਰੰਗ ਰਲੀਆਂ ਮਨਾਉਣ 'ਚ ਮਸ਼ਰੂਫ ਹਨ। ਕ੍ਰਿਕਟ ਵਿਸ਼ਵ ਕੱਪ ਦੇਖਣ ਆਏ 60 ਪੂੰਜੀਪਤੀਆਂ ਨੂੰ ਬਿਨਾਂ ਮੈਚ ਦੇਖੇ ਹੀ ਵਾਪਸ ਜਾਣਾ ਪਿਆ, ਕਿਉਂਕਿ ਉਹਨਾਂ ਦੇ ਨਿੱਜੀ ਜਹਾਜਾਂ ਨੂੰ ਖੜ੍ਹਾਉਣ ਲਈ ਚੰਡੀਗੜ੍ਹ ਹਵਾਈ ਅੱਡੇ 'ਤੇ ਜਗ੍ਹਾ ਨਹੀਂ ਬਚੀ ਸੀ, ਜਿਸ ਲਈ ਪ੍ਰਸ਼ਾਸ਼ਨ ਉਹਨਾਂ ਤੋਂ ਖਿਮਾ ਦਾ ਯਾਚਕ ਹੈ। ਮੀਡੀਆ ਵੱਲੋਂ ਪ੍ਰਚਾਰੀ ਜਾਂਦੀ ਅੰਨ੍ਹੀ ਕੌਮਪ੍ਰਸਤੀ ਆਮ ਲੋਕਾਂ ਨੂੰ ਓਹਨਾਂ ਦੀ ਅਸਲੀ ਲੜਾਈ ਤੋਂ ਭਟਕਾ ਕੇ ਮੁਨਾਫਾ ਕੇਂਦਰਿਤ ਲੋਕ ਦੋਖੀ ਢਾਂਚੇ ਤੇ ਲੋਟੂਆਂ ਦੇ ਦਾਬੇ ਨੂੰ ਬਣਾਏ ਰੱਖਣ ਲਈ ਜ਼ਰੂਰੀ ਸ਼ਰਤ ਹੈ। ਇਹ ਹੈ ਸਰਮਾਏਦਾਰਾਂ ਦਾ ਸੱਚਾ ਸੇਵਕ ਅਤੇ ਸਾਡਾ ਜ਼ਿੰਮੇਵਾਰ ਮੀਡੀਆ।●

ਸੱਚ ਨੂੰ ਸਦਾ ਫਾਂਸੀ!!

● ਨਵਦੀਪ

ਅਮਰੀਕੀ ਸਰਕਾਰ ਦੀਆਂ ਤਾਨਾਸ਼ਾਹੀ ਸਾਮਰਾਜੀ ਕਾਰਗੁਜ਼ਾਰੀਆਂ ਦਾ ਘੜਾ ਭਰੇ ਬਜ਼ਾਰ ਭੰਨਣ ਵਾਲੀ ਵੈੱਬਸਾਈਟ ਵਿਕੀਲੀਕਸ ਨੂੰ ਗੈਰ-ਕਾਨੂੰਨੀ ਐਲਾਨੇ ਜਾਣ ਤੋਂ ਬਾਅਦ ਅਮਰੀਕੀ ਸਾਮਰਾਜ ਉਸ ਤੋਂ ਬਦਲਾ ਲੈਣ ਦੀ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ ਅਤੇ ਵਿਕੀਲੀਕਸ ਦੇ ਮੁੱਖੀ ਜੂਲੀਅਨ ਅਸਾਂਜੇ ਸਮੇਤ ਉਸ ਨਾਲ ਸਬੰਧਤ ਹਰ ਸਖਸ਼ ਨੂੰ ਹੁਣ ਭਿਅੰਕਰ ਕਰੋਪੀ ਝੱਲਣੀ ਪੈ ਰਹੀ ਹੈ। ਇਸੇ ਸਬੰਧ ਵਿੱਚ ਬ੍ਰੈਡਲੀ ਮੈਨਿੰਗ ਜੋ ਅਫਗਾਨਿਸਤਾਨ ਅਤੇ ਇਰਾਕ ਵਿੱਚ ਮੁੱਖ ਫੌਜੀ ਟੁਕੜੀ ਵਿੱਚ ਸ਼ਾਮਲ ਅਮਰੀਕੀ ਸਿਪਾਹੀ ਸੀ, ਨੂੰ ਅਮਰੀਕੀ ਗੁਪਤ ਦਸਤਾਵੇਜ ਵਿਕੀਲੀਕਸ ਵੈਬਸਾਈਟ ਨੂੰ ਲੀਕ ਕਰਨ ਦੇ ਜੁਰਮ 'ਚ 'ਅਮਰੀਕੀ ਇਨਸਾਫ਼' ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬ੍ਰੈਡਲੀ ਮੈਨਿੰਗ ਜੋ ਪਿਛਲੇ ਨੌਂ ਮਹੀਨਿਆਂ ਤੋਂ ਵਰਜੀਨੀਆਂ ਦੀ ਕੁਆਨਟਿਕੂ ਜੇਲ੍ਹ 'ਚ ਹੈ, ਬਹੁਤ ਹੀ ਜਾਲਮ, ਅਮਾਨਵੀ ਅਤੇ ਗੈਰ-ਕਾਨੂੰਨੀ ਵਿਵਹਾਰ ਦੀ ਮਾਰ ਝੱਲ ਰਿਹਾ ਹੈ। ਪੂਰੇ ਦਿਨ ਵਿੱਚ 23 ਘੰਟੇ ਉਸ ਨੂੰ ਇਕੱਲਿਆਂ ਰੱਖਿਆ ਜਾਂਦਾ ਹੈ ਅਤੇ ਦਿਨ ਹੋਵੇ ਜਾਂ ਰਾਤ, ਉਸ ਨੂੰ ਹਰ ਪੰਜ ਮਿੰਟ ਬਾਅਦ ਜਗਾ ਕੇ ਗਾਰਡ ਉਸ ਦਾ 'ਹਾਲ ਚਾਲ' ਪੁੱਛਦੇ ਹਨ। ਬਚਦਾ ਇੱਕ ਘੰਟਾ ਹੀ ਉਹ ਆਪਣੀ ਕੋਠੜੀ ਤੋਂ ਬਾਹਰ ਨਿਕਲਕੇ ਚਲ ਫਿਰ ਸਕਦਾ ਹੈ ਉਹ ਵੀ ਸਿਰਫ਼ ਗੋਲ ਘੇਰੇ ਵਿੱਚ, ਇਸ ਸਮੇਂ ਵੀ ਉਸ ਨੂੰ ਲਗਾਤਾਰ ਚਲਦੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ, ਥੋੜ੍ਹੀ ਦੇਰ ਰੁਕ ਜਾਣ ਤੇ ਵਾਪਸ ਕੋਠਰੀ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਉਸ ਨੂੰ ਚੈਕਿੰਗ ਦੇ ਨਾਂ 'ਤੇ ਰੋਜ਼ ਨੰਗਾ ਕਰਕੇ ਗੈਲਰੀ 'ਚ ਘੁਮਾ ਕੇ ਬੇਇੱਜ਼ਤ ਕੀਤਾ ਜਾਂਦਾ ਹੈ, ਰਾਤ ਨੂੰ ਉਸ ਨੂੰ ਇਹ ਕਹਿ ਕੇ ਬਿਨਾਂ ਕੱਪੜਿਆਂ ਤੋਂ ਰੱਖਿਆ ਜਾਂਦਾ ਹੈ, ਉਹ ਆਤਮ-ਹੱਤਿਆ ਕਰ ਸਕਦਾ ਹੈ। ਪਰ ਉਸ ਸਾਹਮਣੇ ਆਤਮ-ਹੱਤਿਆ ਕਰਨ ਦੇ ਹਾਲਤ ਪੈਦਾ ਹੀ ਕਿਵੇਂ ਹੋਏ?

ਇਹ ਸਾਰਾ ਕੁਝ ਨੋਬਲ ਸ਼ਾਂਤੀ ਪੁਰਸਕਾਰ ਜੇਤੂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਦੇਖ ਰੇਖ ਹੇਠ ਹੋ ਰਿਹਾ ਹੈ। ਦਰਅਸਲ ਇਹ ਪੂਰੀ ਦੁਨੀਆਂ ਦੇ ਹਰ ਨਾਗਰਿਕ/ਦੇਸ਼ ਨੂੰ ਅਸਿੱਧੇ ਰੂਪ 'ਚ ਲੋਟੂ ਢਾਂਚੇ ਦੇ ਸਿਪਾਹਸਾਲਾਰ ਦੀ ਚੇਤਾਵਨੀ ਹੈ ਕਿ **ਜੇ ਤੁਸੀਂ ਲੋਕਾਂ ਨੂੰ ਸਾਡੀਆਂ ਸੱਚਾਈਆਂ ਤੋਂ ਵਾਕਫ਼ ਕਰਵਾਉਂਗੇ ਤਾਂ ਅਸੀਂ ਤੁਹਾਡੀ ਜ਼ਿੰਦਗੀ ਨਰਕ ਬਣਾ ਦੇਵਾਂਗੇ** ਜਿਵੇਂ ਕਿ ਬ੍ਰੈਡਲੀ ਮੈਨਿੰਗ ਨਾਲ਼ ਕੀਤਾ ਜਾ ਰਿਹਾ ਹੈ।●

ਮੈਕਸਿਮ ਗੋਰਕੀ ਦੀ ਸਵੈ-ਜੀਵਨੀ

'ਮੇਰਾ ਬਚਪਨ', 'ਮੇਰੀ ਸ਼ਗਿਰਦੀ ਦੇ ਦਿਨ' ਤੇ 'ਮੇਰੇ ਵਿਸ਼ਵ-ਵਿਦਿਆਲੇ'

ਇੱਕ ਫੁੱਲ ਦੀ ਜਨਮ-ਪ੍ਰਕਿਰਿਆ

• **ਸਵਜੀਤ**

ਮੈਕਸਿਮ ਗੋਰਕੀ ਸੰਸਾਰ ਸਾਹਿਤ ਦੇ ਅਕਾਸ਼ 'ਤੇ ਚਮਕਦਾ ਇੱਕ ਅਜਿਹਾ ਲਾਲ ਤਾਰਾ ਹੈ ਜਿਹੜਾ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ ਅਤੇ ਇਸ ਮਹਾਨ ਸਖਸ਼ੀਅਤ ਬਾਰੇ ਕੁਝ ਕਹਿਣਾ ਸੂਰਜ ਨੂੰ ਦੀਵਾ ਦਿਖਾਉਣ ਦੇ ਤੁੱਲ ਹੋਵੇਗਾ। ਗੋਰਕੀ ਬਾਰੇ ਗੱਲ ਕਰਦਿਆਂ ਅਕਸਰ ਮੈਨੂੰ ਮਦਨ ਲਾਲ 'ਮਧੂ' ਦਾ ਇੱਕ ਲੇਖ ਯਾਦ ਆਉਂਦਾ ਹੈ, ਜਿਸ ਵਿੱਚ ਉਹ ਬੜੇ ਖੂਬਸੂਰਤ ਢੰਗ ਨਾਲ਼ ਗੋਰਕੀ ਦੇ ਸਾਹਿਤਕ ਕੱਦ ਦਾ ਇੱਕ ਨਮੂਨਾ ਪੇਸ਼ ਕਰਦੇ ਹਨ:

"1968 ਵਿੱਚ ਜਦੋਂ ਗੋਰਕੀ ਦੀ ਜਨਮ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਇਸਦੇ ਸਬੰਧ ਵਿੱਚ 'ਸੋਵੇਤਸਕਾਯਾ ਕੁਲਤੂਰਾ' (ਸੋਵੀਅਤ ਸੱਭਿਆਚਾਰ) ਦੇ ਇੱਕ ਅੰਕ ਵਿੱਚ ਖਵਾਜਾ ਅਹਿਮਦ ਅੱਬਾਸ ਦਾ ਇੱਕ ਲੇਖ ਛਪਿਆ ਸੀ। ਲੇਖ ਦਾ ਆਰੰਭ ਬੜਾ ਦਿਲਚਸਪ ਸੀ। "ਦੁਨੀਆਂ ਦੇ ਕਿਹੜੇ ਤਿੰਨ ਲੇਖਕਾਂ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ? ਇਹ ਸਵਾਲ ਪੁੱਛਣ 'ਤੇ ਤੁਹਾਨੂੰ ਸ਼ਾਇਦ ਇਹ ਜਵਾਬ ਮਿਲੇਗਾ–

'ਮੈਕਸਿਮ ਗੋਰਕੀ, ਟਾਮਸ ਮਾਨ ਤੇ ਬਰਨਾਰਡ ਸ਼ਾਅ।'

ਜਾਂ 'ਲਿਓ ਤਾਲਸਤਾਏ, ਹਰਬਰਟ ਵੈਲਸ ਤੇ ਮੈਕਸਿਮ ਗੋਰਕੀ।'

ਜਾਂ 'ਚਾਰਲਸ ਡਿਕਨਜ਼, ਅਰਨਸਟ ਹੈਮਿੰਗਵੇ ਤੇ ਮੈਕਸਿਮ ਗੋਰਕੀ।'

ਜਾਂ 'ਗਾਲਸਵਰਦੀ, ਫਰਾਂਜ਼ ਕਾਫਕਾ ਤੇ ਮੈਕਸਿਮ ਗੋਰਕੀ।'

ਹਰ ਵਾਰ ਤਿੰਨਾਂ ਵਿੱਚੋਂ ਇੱਕ ਨਾਮ ਲਾਜ਼ਮੀ ਤੌਰ 'ਤੇ ਮੈਕਸਿਮ ਗੋਰਕੀ ਦਾ ਹੋਵੇਗਾ"

*****

ਮੈਕਸਿਮ ਗੋਰਕੀ ਦਾ ਜਨਮ 29 ਮਾਰਚ 1868 ਨੂੰ ਰੂਸ ਦੇ ਵੋਲਗਾ ਤੱਟ 'ਤੇ ਵਸੇ ਇੱਕ ਪ੍ਰਾਚੀਨ ਸ਼ਹਿਰ ਨੀਜ਼ਨੀ ਨੋਵਗਰੋਦ ਵਿਖੇ ਹੋਇਆ। ਉਹਨਾਂ ਦੇ ਪਿਤਾ ਤਰਖਾਣ ਦਾ ਕੰਮ ਕਰਦੇ ਸਨ, ਉਹਨਾਂ ਦਾ ਨਾਮ ਮੈਕਸਿਮ ਪੇਸ਼ਕੋਵ ਸੀ ਅਤੇ ਮਾਂ ਦਾ ਨਾਮ ਵਾਰਵਰਾ ਸੀ। ਗੋਰਕੀ ਦਾ ਪੂਰਾ ਨਾਮ ਅਲੈਕਸੇਈ ਮੈਕਸਿਮੋਵਿਚ ਪੇਸ਼ਕੋਵ ਸੀ। ਤਿੰਨ ਸਾਲ ਦੀ ਉਮਰ ਵਿੱਚ ਉਹ ਆਪਣੇ ਮਾਤਾ-ਪਿਤਾ ਨਾਲ਼ ਅਸਤਰਾਖਾਨ ਨਾਮਕ ਇੱਕ ਦੂਸਰੇ ਸ਼ਹਿਰ ਵਿੱਚ ਵਸ ਗਏ। ਜਿੱਥੇ ਕੁਝ ਦੇਰ ਬਾਅਦ ਉਹਨਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਉਹ ਆਪਣੀ ਮਾਂ ਨਾਲ਼ ਵਾਪਸ ਆਪਣੇ ਨਾਨਕੇ ਘਰ ਨੀਜ਼ਨੀ ਨੋਵਗਰੋਦ ਪਰਤ ਆਏ। ਇੱਥੇ ਆਪਣੇ ਨਾਨਾ-ਨਾਨੀ ਕੋਲ ਰਹਿੰਦਿਆਂ ਉਹਨਾਂ ਆਪਣਾ ਬਚਪਨ ਬਿਤਾਇਆ। 1879 ਤੱਕ ਉਹਨਾਂ ਦੀ ਮਾਂ ਦੇ ਦੇਹਾਂਤ ਤੱਕ ਉਹ ਇੱਥੇ ਹੀ ਰਹੇ। ਗੋਰਕੀ ਦਾ ਬਚਪਨ ਅਤੇ ਜਵਾਨੀ ਘੋਰ ਗਰੀਬੀ ਵਿੱਚ ਬੀਤੀ। ਆਪਣੇ ਬਚਪਨ ਵਿੱਚ ਕੂੜਾ-ਕਰਕਟ ਇਕੱਠਾ ਕਰਨ ਤੋਂ ਲੈ ਕੇ ਜ਼ਿੰਦਗੀ ਵਿੱਚ ਉਹਨਾਂ ਨੂੰ ਹਰ ਤਰ੍ਹਾਂ ਦਾ ਕੰਮ ਕਰਦੇ ਹੋਏ ਪੈਰ-ਪੈਰ 'ਤੇ ਖੁਦ ਨੂੰ ਜਿਉਂਦਾ ਰੱਖਣ ਲਈ ਸੰਘਰਸ਼ ਲੜਨਾ ਪਿਆ। ਪਰ ਉਹਨਾਂ ਦੇ ਘਰ ਦਾ ਮਾਹੌਲ ਕੁਝ ਇਸ ਤਰ੍ਹਾਂ ਦਾ ਸੀ ਕਿ ਉਹਨਾਂ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਪੈ ਗਿਆ ਅਤੇ ਫਿਰ ਇਹ ਆਖਰੀ ਸਾਹਾਂ ਤੱਕ ਉਹਨਾਂ ਦੇ ਸੰਗ ਨਿਭਿਆ। ਕਿਤਾਬਾਂ ਨੂੰ ਉਹ ਜਨੂੰਨ ਦੀ ਹੱਦ ਤੱਕ ਪਿਆਰ ਕਰਦੇ ਸਨ ਅਤੇ ਇਹਨਾਂ ਨੂੰ ਉਹ "ਮਨੁੱਖ ਦੁਆਰਾ ਸਿਰਜੇ ਸਾਰੇ ਚਮਤਕਾਰਾਂ ਵਿੱਚੋਂ ਸਭ ਤੋਂ ਵੱਡਾ ਚਮਤਕਾਰ" ਮੰਨਦੇ ਸਨ। 'ਕਿਤਾਬਾਂ ਬਾਰੇ' ਨਾਮਕ ਇੱਕ ਲੇਖ ਵਿੱਚ ਇਸ ਦਾ ਜ਼ਿਕਰ ਕਰਦਿਆਂ ਉਹ ਕਹਿੰਦੇ ਹਨ ਕਿ *"ਇਹ ਕਿਤਾਬਾਂ ਹੀ ਹਨ ਜਿਹਨਾਂ ਨੂੰ ਮੈਂ ਆਪਣੇ ਅੰਦਰਲੀ ਹਰ ਚੰਗਿਆਈ ਦਾ ਸਿਹਰਾ ਦਿੰਦਾ ਹਾਂ। ਮੈਂ ਆਪਣੀ ਜਵਾਨੀ ਦੇ ਦਿਨਾਂ ਵਿੱਚ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਕਲਾ ਲੋਕਾਂ ਨਾਲ਼ੋਂ ਜ਼ਿਆਦਾ ਉੱਦਾਰ ਹੁੰਦੀ ਹੈ। ਮੈਂ ਪੁਸਤਕ-ਪ੍ਰੇਮੀ ਹਾਂ, ਹਰ ਕਿਤਾਬ ਮੈਨੂੰ ਇੱਕ ਚਮਤਕਾਰ ਜਾਪਦੀ ਹੈ, ਅਤੇ ਲੇਖਕ ਇੱਕ ਜਾਦੂਗਰ। ਕਿਤਾਬਾਂ ਬਾਰੇ ਮੈਂ ਡੂੰਘੀਆਂ ਭਾਵਨਾਵਾਂ ਅਤੇ ਹੁਲਾਸ-ਪੂਰਨ ਉਤਸ਼ਾਹ ਤੋਂ ਬਿਨਾਂ ਹੋਰ ਕਿਸੇ ਢੰਗ ਨਾਲ਼ ਗੱਲ ਹੀ ਨਹੀਂ ਕਰ ਸਕਦਾ। ਇਹ ਹਾਸੋਹੀਣਾ ਲੱਗ ਸਕਦਾ ਹੈ ਪਰ ਇਹੀ ਸੱਚਾਈ ਹੈ। ਇਸਨੂੰ ਵਹਿਸ਼ੀਪੁਣਾ ਵੀ ਕਿਹਾ ਜਾ ਸਕਦਾ ਹੈ। ਪਰ ਲੋਕਾਂ ਨੇ ਜੋ ਕਹਿਣਾ ਹੈ ਉਹਨਾਂ ਨੂੰ ਕਹਿਣ ਦਿਓ—ਮੇਰਾ ਕੋਈ ਇਲਾਜ ਨਹੀਂ ਹੈ।"*

ਫਰਵਰੀ 1887 ਵਿੱਚ ਉਹਨਾਂ ਦੀ ਨਾਨੀ ਅਕੁਲੀਨਾ ਇਵਾਨੋਵਨਾ ਕਾਸ਼ੀਰਿਨਾ ਦੀ ਮੌਤ ਹੋ ਗਈ ਅਤੇ ਜਲਦੀ ਹੀ ਮਈ ਵਿੱਚ ਉਹਨਾਂ ਦਾ ਨਾਨੇ ਵਾਸਿਲੀ ਵਾਸਲੀਏਵਿਚ ਕਾਸ਼ੀਰਿਨ ਦਾ ਵੀ ਦੇਹਾਂਤ ਹੋ ਗਿਆ। ਇਸ ਘਟਨਾ ਨਾਲ਼ ਗੋਰਕੀ ਭਾਵਨਾਤਮਕ ਤੌਰ 'ਤੇ ਪੂਰੀ ਤਰ੍ਹਾਂ ਟੁੱਟ ਗਏ। ਇਸ ਹੱਦ ਤੱਕ ਨਿਰਾਸ਼ ਹੋ ਗਏ ਕਿ ਉਹਨਾਂ ਨੇ ਖੁਦਕੁਸ਼ੀ ਕਰਨ ਦੀ ਵੀ ਕੋਸ਼ਿਸ਼ ਕੀਤੀ। ਪਰ ਜ਼ਿੰਦਗੀ ਨੇ ਉਹਨਾਂ ਨੂੰ ਜਲਦੀ ਹੀ ਇਸ ਹਨੇਰੇ ਵਿੱਚੋਂ ਬਾਹਰ ਕੱਢ ਲਿਆ ਅਤੇ ਉਹ ਆਪਣੇ ਇੱਕ ਸਾਥੀ ਮ.ਅ. ਰੋਮਾਸ ਨਾਲ ਕਜ਼ਾਨ ਲਾਗੇ ਇੱਕ ਪਿੰਡ ਵਿੱਚ ਕਿਸਾਨਾਂ ਵਿੱਚ ਕੰਮ ਕਰਨ ਲਈ ਚਲੇ ਗਏ। ਇਸ ਤੋਂ ਬਾਅਦ ਉਹ ਕਈ ਸਾਲਾਂ ਤੱਕ ਛੋਟੇ-ਮੋਟੇ ਕੰਮ ਕਰਦੇ ਰਹੇ। ਅਪ੍ਰੈਲ 1891 ਵਿੱਚ ਉਹ ਨੀਜ਼ਨੀ ਨੋਵਗੋਰਦ ਛੱਡ ਕੇ ਰੂਸ ਘੁੰਮਣ ਲਈ ਨਿੱਕਲ ਪਏ। *"ਮੈਂ ਸ਼ਹਿਰ ਛੱਡ ਦਿੱਤਾ ਅਤੇ ਲਗਭਗ ਦੋ ਸਾਲਾਂ ਤੱਕ ਰੂਸ ਦੀਆਂ ਸੜਕਾਂ ਗਾਹੁੰਦਾ ਰਿਹਾ। ਮੈਂ ਵੋਲਗਾ ਅਤੇ ਦੋਨ ਦੀਆਂ ਵਾਦੀਆਂ ਵਿੱਚੋਂ ਲੰਘਿਆ, ਯੂਕਰੇਨ,*

ਕਰੀਮੀਆ ਅਤੇ ਕੌਕਾਸ ਦੀਆਂ ਸੜਕਾਂ 'ਤੇ ਆਵਾਰਾ ਫਿਰਿਆ ਅਤੇ ਅਣਗਿਣਤ ਪ੍ਰਭਾਵ ਇਕੱਠੇ ਕੀਤੇ..."

1893 ਵਿੱਚ ਉਹਨਾਂ ਦੀ ਪਹਿਲੀ ਕਹਾਣੀ ਪ੍ਰਕਾਸ਼ਿਤ ਹੋਈ। ਇਸ ਦਿਨ ਤੋਂ ਉਹਨਾਂ ਦਾ ਕਲਮ ਨਾਲ਼ ਅਜਿਹਾ ਰਿਸ਼ਤਾ ਜੁੜਿਆ ਜਿਹੜਾ ਫਿਰ ਆਖਰੀ ਸਾਹਾਂ ਤੱਕ ਉਹਨਾਂ ਨੇ ਨਿਭਾਇਆ। ਸੋਸ਼ਲ-ਡੈਮੋਕਰੈਟ ਜੱਥੇਬੰਦੀ (ਉਸ ਸਮੇਂ ਕਮਿਊਨਿਸਟ ਪਾਰਟੀ ਦਾ ਨਾਮ) ਨਾਲ਼ ਸੰਬੰਧ ਰੱਖਣ ਕਾਰਨ ਉਹਨਾਂ ਨੂੰ ਕਈ ਵਾਰ ਗ੍ਰਿਫਤਾਰ ਕੀਤਾ ਗਿਆ ਅਤੇ ਜੇਲ ਵਿੱਚ ਵੀ ਰੱਖਿਆ ਗਿਆ। ਆਪਣੇ ਸਾਹਿਤਕ ਜੀਵਨ ਦੌਰਾਨ ਗੋਰਕੀ ਨੇ ਕਈ ਕਹਾਣੀਆਂ ਅਤੇ ਨਾਵਲਾਂ ਦੀ ਰਚਨਾ ਕੀਤੀ। ਅਪ੍ਰੈਲ 1907 ਵਿੱਚ ਗੋਰਕੀ ਦੀ ਬਹੁ-ਚਰਚਿਤ ਰਚਨਾ ਅਤੇ ਸੰਸਾਰ-ਪ੍ਰਸਿੱਧ ਨਾਵਲ 'ਮਾਂ' ਦਾ ਪ੍ਰਕਾਸ਼ਨ ਨਿਊਯਾਰਕ ਸ਼ਹਿਰ ਵਿਖੇ ਹੋਇਆ। ਇਸ ਕਿਤਾਬ ਬਾਰੇ ਲੈਨਿਨ ਦਾ ਕਹਿਣਾ ਸੀ ਕਿ ਇਹ ਇੱਕ ਬਹੁਤ ਲੋੜੀਂਦੀ ਕਿਤਾਬ ਹੈ ਜਿਹੜੀ ਬਿਲਕੁਲ ਸਹੀ ਸਮੇਂ 'ਤੇ ਆਈ ਹੈ। ਇਹ ਕਿਤਾਬ ਅਚੇਤ ਤੌਰ 'ਤੇ ਅਤੇ ਆਪਮੁਹਾਰੇ ਢੰਗ ਨਾਲ਼ ਇਨਕਲਾਬ ਵਿੱਚ ਹਿੱਸਾ ਲੈਣ ਵਾਲ਼ੇ ਬਹੁਤ ਸਾਰੇ ਮਜ਼ਦੂਰਾਂ ਨੂੰ ਸੁਚੇਤ ਲੜਾਕੇ ਬਣਾਉਣ ਵਿੱਚ ਮੱਦਦ ਕਰੇਗੀ।

ਰੂਸ ਵਿੱਚ ਸਮਾਜਵਾਦ ਦੀ ਸਥਾਪਤੀ ਤੋਂ ਬਾਅਦ ਗੋਰਕੀ ਸਾਹਿਤ ਦੇ ਖੇਤਰ ਵਿੱਚ ਪਾਰਟੀ ਦੀ ਅਗਵਾਈ ਹੇਠ ਵੱਖ-ਵੱਖ ਜਿੰਮੇਵਾਰੀਆਂ ਨਿਭਾਉਂਦੇ ਰਹੇ। 18 ਜੂਨ 1936 ਨੂੰ ਦੁਨੀਆਂ ਭਰ ਦੇ ਮਜ਼ਦੂਰਾਂ ਅਤੇ ਦੱਬੇ-ਕੁਚਲੇ ਲੋਕਾਂ ਦੇ ਇਸ ਮਹਾਨ ਸਾਹਿਤਕਾਰ ਨੇ ਆਪਣਾ ਆਖਰੀ ਸਾਹ ਲਿਆ। 19 ਜੂਨ ਦੇ 'ਪ੍ਰਾਵਦਾ' ਦੇ ਅੰਕ ਵਿੱਚ ਗੋਰਕੀ ਨੂੰ ਇਹਨਾਂ ਸਤਰਾਂ ਰਾਹੀਂ ਸ਼ਰਧਾਂਜਲੀ ਭੇਂਟ ਕੀਤੀ ਗਈ:

"ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਅਤੇ ਸੋਵੀਅਤ ਯੂਨੀਅਨ ਦੀ ਲੋਕ ਕੁਮੀਸਾਰਾਂ ਦੀ ਕੌਂਸਲ, ਇੱਕ ਮਹਾਨ ਰੂਸੀ ਲੇਖਕ, ਲਿਖਣ ਕਲਾ ਦੀ ਪ੍ਰਤਿਭਾ, ਕਿਰਤੀ ਲੋਕਾਂ ਦੇ ਸਮਰਪਿਤ ਦੋਸਤ ਅਤੇ ਕਮਿਊਨਿਜ਼ਮ ਦੀ ਜਿੱਤ ਲਈ ਲੜ ਰਹੇ ਸਿਪਾਹੀ ਕਾਮਰੇਡ ਅਲੈਕਸੇਈ ਮੈਕਸਿਮੋਵਿਚ ਗੋਰਕੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ।"

ਸੰਸਾਰ-ਪ੍ਰਸਿੱਧ ਨਾਵਲ 'ਮਾਂ', 'ਫੋਮਾ ਗੋਰਦੇਯੇਵ', 'ਉਹ ਤਿੰਨ', ਅਤੇ 'ਆਰਤਾਮਾਨੋਵਸ' ਦੇ ਨਾਲ਼-ਨਾਲ਼ ਤਿੰਨ ਭਾਗਾਂ ਵਿੱਚ ਲਿਖੀ ਨਾਵਲ-ਰੂਪੀ ਸਵੈ-ਜੀਵਨੀ ਵੀ ਉਹਨਾਂ ਦੀਆਂ ਸ਼ਾਹਕਾਰ ਰਚਨਾਵਾਂ ਵਿੱਚ ਸ਼ਾਮਿਲ ਕੀਤੀ ਜਾਂਦੀ ਹੈ। ਇਹ ਕਿਤਾਬਾਂ ਕ੍ਰਮਵਾਰ 'ਮੇਰਾ ਬਚਪਨ', 'ਮੇਰੀ ਸ਼ਗਿਰਦੀ ਦੇ ਦਿਨ' ਅਤੇ 'ਮੇਰੇ ਵਿਸ਼ਵ-ਵਿਦਿਆਲੇ' ਦੇ ਸਿਰਲੇਖ ਹੇਠ ਛਪੀਆਂ। ਇਹਨਾਂ ਕਿਤਾਬਾਂ ਬਾਰੇ ਇੰਨਾ ਕਹਿਣਾ ਹੀ ਕਾਫੀ ਹੋਵੇਗਾ ਕਿ ਇਹਨਾਂ ਵਿੱਚ ਇੱਕ ਮਹਾਨ ਲੇਖਕ ਦੀ ਮਾਸੂਮੀਅਤ ਅਤੇ ਸਹਿਜਤਾ ਆਪਣੇ ਹਰ ਰੰਗ ਵਿੱਚ ਝਲਕਦੀ ਹੈ। 1913 ਵਿੱਚ ਲਗਭਗ 45 ਸਾਲ ਦੀ ਉਮਰ ਵਿੱਚ ਗੋਰਕੀ ਨੇ ਇਸ ਲੜੀ ਦੀ ਪਹਿਲੀ ਕਿਤਾਬ 'ਮੇਰਾ ਬਚਪਨ' ਲਿਖੀ।

'ਮੇਰਾ ਬਚਪਨ'

ਚੀਨ ਦੇ ਪ੍ਰਸਿੱਧ ਲੇਖਕ ਲੂ-ਸ਼ੁਨ ਆਪਣੇ ਇੱਕ ਲੇਖ 'ਪ੍ਰਤਿਭਾ ਦੀ ਉਡੀਕ ਵਿੱਚ' ਲਿਖਦੇ ਹਨ ਕਿ *"...ਕਿਸੇ ਪ੍ਰਤਿਭਾ ਦੇ ਉਦੈ ਹੋਣ ਦੀ ਉਮੀਦ ਕਰਨ ਤੋਂ ਪਹਿਲਾਂ ਸਾਡੀ ਮੰਗ ਪ੍ਰਤਿਭਾ ਪੈਦਾ ਕਰਨ ਵਿੱਚ ਸਮਰੱਥ ਜਨਤਾ ਦੀ ਹੋਣੀ ਚਾਹੀਦੀ ਹੈ। ਕਿਉਂਕਿ ਜੇ ਅਸੀਂ ਖੂਬਸੂਰਤ ਬਿਰਖ ਜਾਂ ਫੁੱਲ ਚਾਹੁੰਦੇ ਹਾਂ ਤਾਂ ਉਸ ਤੋਂ ਪਹਿਲਾਂ ਸਾਨੂੰ ਵਧੀਆ ਜ਼ਮੀਨ ਤਿਆਰ ਕਰਨੀ ਪਵੇਗੀ। ਅਸਲ ਵਿੱਚ ਫੁੱਲਾਂ ਅਤੇ ਬਿਰਖ ਤੋਂ ਮਿੱਟੀ ਜ਼ਿਆਦਾ ਜ਼ਰੂਰੀ ਹੈ, ਕਿਉਂਕਿ ਉਸ ਤੋਂ ਬਗੈਰ ਕੁਝ ਵੀ ਪੈਦਾ ਨਹੀਂ ਹੋ ਸਕਦਾ। ਫੁੱਲਾਂ ਅਤੇ ਬਿਰਖਾਂ ਲਈ ਮਿੱਟੀ ਨਿਹਾਇਤ ਜ਼ਰੂਰੀ ਹੈ..."* ਗੋਰਕੀ ਸੰਸਾਰ ਸਾਹਿਤ ਦੇ ਬਗੀਚੇ ਦਾ ਇੱਕ ਟਹਿਕਦਾ ਸੂਹਾ ਗੁਲਾਬ ਹੈ। ਜਿਸਨੇ ਆਪਣੀ ਖੁਸ਼ਬੂ ਰਾਹੀਂ ਆਪਣੀ ਮਿੱਟੀ ਦੀਆਂ ਕਹਾਣੀਆਂ ਸੰਸਾਰ ਦੇ ਕੋਨੇ-ਕੋਨੇ ਵਿੱਚ ਪਹੁੰਚਾਈਆਂ। ਇੱਕ ਅਜਿਹੀ ਪ੍ਰਤਿਭਾ ਜਿਸਨੇ ਸਾਹਿਤ ਰਾਹੀਂ ਉਹਨਾਂ ਲੋਕਾਂ ਦੀਆਂ ਬਾਤਾਂ ਪਾਈਆਂ ਹਨ ਜਿਹਨਾਂ ਨੂੰ ਕਦੇ ਇਨਸਾਨ ਸਮਝਿਆ ਹੀ ਨਹੀਂ ਗਿਆ। ਗੋਰਕੀ ਨੇ ਆਪਣੇ ਪਾਤਰ ਜੀਵਨ ਦੀਆਂ ਗਹਿਰੀਆਂ, ਹਨੇਰੀਆਂ ਅਤੇ ਸਿੱਲੀਆਂ ਖੁੱਡਾਂ ਵਿੱਚੋਂ ਲੱਭੇ, ਜਿੱਥੇ ਆਮ ਤੌਰ 'ਤੇ ਬੁੱਧਜੀਵੀ ਲੇਖਕਾਂ ਦੇ ਗਿਆਨ ਦਾ ਚਾਨਣ ਪਹੁੰਚਣ ਤੋਂ ਅਸਮਰੱਥ ਸੀ। ਆਖਰੀ ਸਾਹਾਂ ਤੱਕ ਗੋਰਕੀ ਨੇ ਆਪਣੀ ਮਿੱਟੀ ਦੀ ਸੇਵਾ ਕੀਤੀ। ਉਹਨਾਂ ਦੀ ਸਵੈ-ਜੀਵਨੀ ਵੀ ਉਸੇ ਮਿੱਟੀ ਦੀ, ਉਹਨਾਂ ਲੋਕਾਂ ਦੀ ਜੀਵਨ-ਗਾਥਾ ਹੈ ਜਿਹਨਾਂ ਨੇ ਗੋਰਕੀ ਨਾਮਕ ਇਸ ਵਰਤਾਰੇ ਨੂੰ, ਇਸ ਸੂਹੇ ਫੁੱਲ ਨੂੰ ਜਨਮ ਦਿੱਤਾ।

'ਮੇਰਾ ਬਚਪਨ' ਵਿੱਚ, ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ, ਗੋਰਕੀ ਨੇ ਆਪਣੇ ਬਚਪਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਉਹਨਾਂ ਹਾਲਤਾਂ ਅਤੇ ਉਹਨਾਂ ਲੋਕਾਂ ਦਾ ਜ਼ਿਕਰ ਕੀਤਾ ਹੈ ਜਿਹਨਾਂ ਨੇ ਗੋਰਕੀ ਨੂੰ ਜੀਵਨ ਦੇ ਮੁੱਢਲੇ ਸਬਕ ਪੜ੍ਹਾਏ। ਗੋਰਕੀ ਆਪਣੇ ਜੀਵਨ ਬਾਰੇ ਗੱਲ ਕਰਦਿਆਂ ਉਸ ਦਿਨ ਤੋਂ ਸ਼ੁਰੂ ਕਰਦੇ ਹਨ ਜਦੋਂ ਉਹਨਾਂ ਦੇ ਪਿਤਾ ਦੀ ਮੌਤ ਹੋ ਜਾਂਦੀ ਹੈ ਅਤੇ ਉਸੇ ਦਿਨ ਉਹਨਾਂ ਦੇ ਛੋਟੇ ਭਰਾ ਦਾ ਜਨਮ ਹੁੰਦਾ ਹੈ।

ਗੋਰਕੀ ਦੀ ਲਿਖਣ-ਸ਼ੈਲੀ ਦੀ ਸਭ ਤੋਂ ਵੱਡੀ ਖਾਸੀਅਤ ਇਸੇ ਗੱਲ ਵਿੱਚ ਹੈ ਕਿ ਇਸ ਵਿੱਚ ਪੂਰੀ ਜ਼ਿੰਦਗੀ ਧੜਕਦੀ ਹੈ। ਨਿੱਤ-ਦਿਹਾੜੀ ਦੀਆਂ ਛੋਟੀਆਂ-ਛੋਟੀਆਂ ਗੱਲਾਂ ਤੇ ਘਟਨਾਵਾਂ ਨੂੰ ਵੀ ਉਹ ਇਸ ਢੰਗ ਨਾਲ਼ ਪੇਸ਼ ਕਰਦੇ ਹਨ ਪਾਠਕ ਨੂੰ ਇਹ ਹੰਢੀਆਂ-ਵਰਤੀਆਂ ਚੀਜ਼ਾਂ ਵੀ ਇੱਕਦਮ ਅਣਜਾਣ ਅਤੇ ਨਵੀਆਂ ਨਕੋਰ ਜਾਪਣ ਲੱਗ ਪੈਂਦੀਆਂ ਹਨ। ਅਤੇ ਜਦੋਂ ਇੱਕ ਬੱਚੇ ਦੀਆਂ ਨਜ਼ਰਾਂ ਤੋਂ ਇਸ ਦੁਨੀਆਂ ਨੂੰ ਵੇਖਣ ਦੀ ਗੱਲ ਹੋਵੇ ਤਾਂ ਗੋਰਕੀ ਇਸ ਵਿੱਚ ਮਾਹਿਰ ਹਨ। ਆਪਣੇ ਹੀ ਲਗਭਗ 40 ਸਾਲ ਪਹਿਲਾਂ ਦੇ ਰੂਪ ਨੂੰ ਮੁੜ-ਜੀਵਤ ਕਰਦਿਆਂ ਉਹ ਬੱਚਿਆਂ ਦੇ ਮਨੋਵਿਗਿਆਨ ਅਤੇ ਮਾਨਸਿਕਤਾ ਨੂੰ ਤਹਿ-ਦਰ-ਤਹਿ ਫਰੋਲਦਿਆਂ ਅਸੀਮ ਡੂੰਘਾਈਆਂ ਤੱਕ ਉੱਤਰ ਜਾਂਦੇ ਹਨ।

ਇਸ ਕਿਤਾਬ ਦਾ ਮੁੱਖ ਪਾਤਰ ਇੱਕ ਛੋਟਾ ਬੱਚਾ ਅਲੈਕਸੀ ਹੈ। ਜਿਹੜਾ ਅਜੇ ਦੁਨੀਆਂ ਤੋਂ ਲੱਗਭਗ ਅਣਜਾਣ ਅਤੇ ਹਰ ਤਰ੍ਹਾਂ ਦੇ ਵਿਚਾਰਾਂ ਅਤੇ ਤੁਅੱਸਬਾਂ ਤੋਂ ਮੁਕਤ ਹੈ। ਉਸਦੀ

ਮਾਸੂਮੀਅਤ ਅਤੇ ਸ਼ਰਾਰਤਾਂ ਪਹਿਲੇ ਸਫੇ ਤੋਂ ਲੈ ਕੇ ਆਖਰੀ ਸਫੇ ਤੱਕ ਛਲਕਦੀਆਂ ਰਹਿੰਦੀਆਂ ਹਨ। ਬਾਲਗਾਂ ਲਈ, ਜਿਹੜੇ ਦੁਨੀਆਂ ਵਿੱਚ ਆਪਣਾ ਸਥਾਨ ਤੈਅ ਕਰ ਚੁੱਕੇ ਹਨ, ਇੱਕ ਬਾਲਕ ਵਜੋਂ ਮੁੜ ਤੋਂ ਸੰਸਾਰ ਨੂੰ ਮਾਸੂਮ ਨਜ਼ਰਾਂ ਨਾਲ਼ ਦੇਖਣਾ ਇੱਕ ਦਿਲਚਸਪ ਤਜ਼ਰਬਾ ਹੁੰਦਾ ਹੈ। ਪਰ ਇਸ ਵਾਰ ਇਹ ਸਿਰਫ ਦਿਲਚਸਪ ਨਹੀਂ ਹੈ, ਇਹ ਸਫਰ ਤੁਹਾਡੇ ਮਨ ਵਿੱਚ ਤਰ੍ਹਾਂ-ਤਰ੍ਹਾਂ ਦੇ ਭਾਵ ਜਗਾਉਂਦਾ ਹੈ, ਨਫਰਤ, ਡਰ, ਦੁੱਖ, ਸ਼ਰਮ ਅਤੇ ਇਹਨਾਂ ਦੇ ਰਲਵੇਂ-ਮਿਲਵੇਂ ਅਹਿਸਾਸ। ਹਲਕੇ ਕਰੀਮੀ ਸ਼ੇਡ ਦੇ ਕੰਕਰੀਟ ਦੇ ਮਕਾਨਾਂ ਵਿੱਚ ਅਤੇ ਸ਼ੀਸ਼ੇ ਤੇ ਲੱਕੜ ਦੇ ਤਰ੍ਹਾਂ-ਤਰ੍ਹਾਂ ਦੇ ਸ਼ੋਅਕੇਸਾਂ ਤੇ ਕਾਰੀਗਰੀਆਂ ਨਾਲ਼ ਅਕਾ ਦੇਣ ਦੀ ਹੱਦ ਤੱਕ ਤੁੰਨੇ ਹੋਏ ਕਮਰਿਆਂ ਵਿੱਚ ਪਲਣ ਵਾਲ਼ੇ ਮੱਧ-ਵਰਗੀ ਨੌਜਵਾਨਾਂ ਲਈ ਇਹ ਕਿਤਾਬਾਂ ਖਾਸ ਤੌਰ 'ਤੇ ਅਹਿਮੀਅਤ ਰੱਖਦੀਆਂ ਹਨ। ਇਹ ਉਹਨਾਂ ਨੂੰ ਇੱਕ ਅਜਿਹੀ ਦੁਨੀਆਂ ਵਿੱਚ ਲੈ ਜਾਂਦੀਆਂ ਹਨ ਜਿਸ ਤੋਂ ਉਹ ਸਦਾ ਹੀ ਅਣਜਾਣ ਰਹੇ ਹਨ। ਫਲਾਈਂਗ ਓਵਰ ਬ੍ਰਿਜਾਂ ਦੇ ਹੇਠਾਂ, ਗੰਦੀਆਂ ਬਸਤੀਆਂ, ਲੁਧਿਆਣੇ ਦੇ ਮਜ਼ਦੂਰ ਵਿਹੜਿਆਂ ਤੋਂ ਲੈ ਕੇ ਮੁੰਬਈ ਦੀਆਂ ਰੇਲਵੇ ਲਾਈਨਾਂ ਦੇ ਦੋਹੀਂ ਪਾਸੀਂ ਫੈਲੀਆਂ ਦਲਦਲ ਵਰਗੀਆਂ ਝੁੱਗੀਆਂ ਵਿੱਚ ਕੁਰਬਲ-ਕੁਰਬਲ ਕਰਦੀ 'ਮਨੁੱਖੀ' ਅਬਾਦੀ ਦੀਆਂ ਦਰਦਨਾਕ ਅਤੇ ਅਣਮਨੁੱਖੀ ਹਾਲਤਾਂ ਵਿੱਚ ਪਲ਼ ਰਹੀ ਇੱਕ ਹੋਰ ਦੁਨੀਆਂ ਵਿੱਚ।

ਅਜਿਹੀ ਹੀ ਦੁਨੀਆਂ ਵਿੱਚ ਵਿਚਰ ਰਿਹਾ ਇਸ ਕਿਤਾਬ ਦਾ ਮੁੱਖ ਪਾਤਰ ਅਲੈਕਸੀ (ਗੋਰਕੀ ਦਾ ਬਚਪਨ ਦਾ ਨਾਮ) ਕਿਵੇਂ ਹੌਲ਼ੀ-ਹੌਲ਼ੀ ਇਸ ਸੰਸਾਰ ਨੂੰ ਸਮਝਦਾ ਹੈ ਅਤੇ ਇਸ ਸਭ ਕਾਸੇ ਦਾ ਉਸਦੇ ਬਾਲ ਮਨ 'ਤੇ ਕੀ ਪ੍ਰਭਾਵ ਪੈਂਦਾ ਹੈ, ਇਹੀ ਇਸ ਕਿਤਾਬ ਦਾ ਕੇਂਦਰੀ ਥੀਮ ਹੈ।

ਆਪਣੇ ਪਿਤਾ ਦਾ ਮੌਤ ਤੋਂ ਬਾਅਦ ਅਲੈਕਸੀ ਆਪਣੇ ਨਾਨਾ-ਨਾਨੀ ਕੋਲ ਰਹਿਣ ਲਈ ਨੀਜ਼ਨੀ ਨੋਵਗਰੋਦ ਆ ਜਾਂਦਾ ਹੈ। ਇਸ ਨਵੇਂ ਮਾਹੌਲ ਬਾਰੇ ਗੋਰਕੀ ਲਿਖਦੇ ਹਨ—*"ਸਭ ਕੁਝ ਅਨੋਖੇ ਢੰਗ ਨਾਲ਼ ਪ੍ਰੇਸ਼ਾਨ ਕਰਨ ਵਾਲ਼ਾ ਸੀ। ਮੈਨੂੰ ਕਿਸੇ ਹੋਰ ਜ਼ਿੰਦਗੀ ਦਾ ਪਤਾ ਨਹੀਂ ਸੀ, ਪਰ ਮੇਰੇ ਅੰਦਰ ਧੁੰਦਲੀ ਜਿਹੀ ਯਾਦ ਸੀ ਕਿ ਮੇਰੀ ਮਾਂ ਤੇ ਪਿਓ ਦੋਵੇਂ ਨਹੀਂ ਸਨ ਰਹੇ। ਉਹਨਾਂ ਹੋਰ ਸ਼ਬਦ ਬੋਲੇ ਸਨ, ਹੋਰ ਈ ਦਿਲ ਪ੍ਰਚਾਵੇ ਸਨ ਉਹਨਾਂ ਦੇ, ਤੇ ਹਮੇਸ਼ਾ ਇੱਕ ਦੂਜੇ ਦੇ ਨਾਲ਼ੋ-ਨਾਲ਼ ਜੁੜ ਕੇ ਬੈਠੇ ਸਨ ਤੇ ਤੁਰੇ ਸਨ। ਸ਼ਾਮਾਂ ਨੂੰ ਉਹ ਖਿੜਕੀ ਕੋਲ਼ ਬਹਿ ਕੇ ਗਾਉਂਦੇ ਹੁੰਦੇ ਸਨ, ਉੱਚੀ-ਉੱਚੀ ਬੜੇ ਚਿਰ ਤਾਈਂ ਹੱਸਦੇ ਰਹਿੰਦੇ...ਏਥੇ ਉਸ ਦੇ ਉਲਟ ਕਦੇ-ਕਦਾਈਂ ਹੀ ਹੱਸਦੇ ਸਨ ਤੇ ਜਦੋਂ ਉਹ ਹੱਸਦੇ ਵੀ ਤਾਂ ਤੁਸੀਂ ਯਕੀਨ ਨਹੀਂ ਸੀ ਕਰ ਸਕਦੇ ਕਿ ਉਹ ਕਾਹਤੋਂ ਹੱਸਦੇ ਸਨ। ਉਹ ਹਮੇਸ਼ਾ ਇੱਕ ਦੂਜੇ ਨੂੰ ਲਲਕਾਰਦੇ ਰਹਿੰਦੇ ਸਨ,ਇੱਕ ਦੂਜੇ ਨੂੰ ਡਰਾਉਂਦੇ ਰਹਿੰਦੇ ਤੇ ਖੂੰਜਿਆਂ ਵਿੱਚ ਲੱਗ ਕੇ ਘੁਸਰ-ਮੁਸਰ ਕਰਦੇ ਰਹਿੰਦੇ ਸਨ। ਬੱਚੇ ਮੀਂਹ ਵਿੱਚ ਦੱਬੀ ਧੂੜ ਵਾਂਗ, ਕੁੱਟ-ਮਾਰ ਕੇ ਦਬਾਏ ਹੋਏ, ਚੁੱਪ-ਗੜੁੱਪ ਤੇ ਗੁਆਚੇ-ਗੁਆਚੇ ਸਨ। ਮੈਂ ਇਸ ਘਰ ਵਿੱਚ ਕਿਸੇ ਓਪਰੇ ਬੰਦੇ ਵਾਂਗ ਮਹਿਸੂਸ ਕਰਦਾ ਸਾਂ ਤੇ ਮੇਰੇ ਦੁਆਲੇ ਦੀ ਜ਼ਿੰਦਗੀ ਮੇਰੇ ਸ਼ੱਕ ਵਧਾਉਂਦੀ ਤੇ ਮੈਨੂੰ ਹਰ ਸ਼ੈਅ ਵੱਲ ਗਹੁ ਨਾਲ਼ ਤੱਕਣ ਲਈ ਮਜ਼ਬੂਰ ਕਰਦਿਆਂ ਹਜ਼ਾਰਾਂ ਸੂਈਆਂ ਨਾਲ਼ ਵਿੰਨ੍ਹਦੀ ਸੀ।"*

ਪਰ ਇਸੇ ਥਾਂ 'ਤੇ ਉਸਦੀ ਸਭ ਤੋਂ ਪਹਿਲੀ ਦੋਸਤ, ਅਲੈਕਸੀ ਦੀ ਨਾਨੀ ਵੀ ਰਹਿੰਦੀ ਸੀ। ਉਸਦੀ ਨਾਨੀ ਇੱਕ ਭਲੀ ਔਰਤ ਹੈ। ਆਪਣੇ ਹੀ ਕਿਸਮ ਦੇ ਰੱਬ ਵਿੱਚ ਯਕੀਨ ਰੱਖਣ ਵਾਲ਼ੀ ਇੱਕ ਇਮਾਨਦਾਰ ਅਤੇ ਠਰੰਮੇ ਵਾਲ਼ੀ ਸਿਆਣੀ ਔਰਤ ਹੈ। ਗੋਰਕੀ ਦੇ ਮਨ 'ਤੇ ਉਸਦੀ ਨਾਨੀ ਦੀ ਸਖਸ਼ੀਅਤ ਦਾ ਬੜਾ ਡੂੰਘਾ ਪ੍ਰਭਾਵ ਪਿਆ ਹੈ। ਜਿਵੇਂ ਕਿ ਉਹ ਲਿਖਦੇ ਹਨ- *"ਇੰਜ ਜਾਪਦਾ ਸੀ ਕਿ ਉਹਦੇ ਆਉਣ ਤੱਕ ਮੈਂ ਕਿਤੇ ਹਨੇਰੇ ਵਿੱਚ ਸੁੱਤਾ ਪਿਆ ਸਾਂ। ਪਰ ਉਹ ਆਈ, ਉਹਨੇ ਮੈਨੂੰ ਜਗਾਇਆ ਤੇ ਬਾਹਰ ਚਾਨਣੇ ਵਿੱਚ ਲੈ ਆਂਦਾ। ਮੇਰੇ ਸਾਰੇ ਆਲ਼ੇ ਦੁਆਲ਼ੇ ਨੂੰ ਉਸਨੇ ਇੱਕ ਪੱਕੀ ਡੋਰ ਵਿੱਚ ਗੁੰਦ ਦਿੱਤਾ, ਤੇ ਫੇਰ ਉਹਦੇ ਨਾਲ਼ ਇੱਕ ਰੰਗ-ਬਿਰੰਗਾ ਫੀਤਾ ਉਣ ਦਿੱਤਾ। ਉਹ ਪਹਿਲੇ ਦਿਨੋਂ ਹੀ ਮੇਰੀ ਜ਼ਿੰਦਗੀ ਦੀ ਸਦੀਵੀ ਮਿੱਤਰ ਬਣ ਗਈ, ਉਹ ਜਿਹੜੀ ਮੈਨੂੰ ਸਭ ਤੋਂ ਨਜ਼ਦੀਕ ਅਤੇ ਸਭ ਤੋਂ ਅਜ਼ੀਜ ਸੀ, ਉਹ ਜਿਹਨੂੰ ਮੈਂ ਸਭ ਤੋਂ ਜ਼ਿਆਦਾ ਸਮਝਦਾ ਸਾਂ। ਉਹਦੇ ਜ਼ਿੰਦਗੀ ਲਈ ਬੇਗਰਜ਼ ਪਿਆਰ ਨੇ ਮੈਨੂੰ ਅਮੀਰ ਬਣਾਇਆ। ਤੇ ਔਖੇ ਭਵਿੱਖ ਨਾਲ਼ ਮਿਲਣ ਲਈ ਮੈਨੂੰ ਤਾਕਤ ਦਿੱਤੀ।"* ਗੋਰਕੀ ਨੂੰ ਸਾਹਿਤ ਦੀ ਗੁੜਤੀ ਵੀ ਆਪਣੀ ਨਾਨੀ ਤੋਂ ਹੀ ਮਿਲ਼ੀ। ਨਾਨੀ ਕੋਲ਼ ਲੋਕ-ਗਥਾਵਾਂ ਅਤੇ ਲੋਕ-ਗੀਤਾਂ ਦਾ ਇੱਕ ਅਮੁੱਕ ਖਜ਼ਾਨਾ ਸੀ ਅਤੇ ਉਸਦਾ ਕਹਾਣੀਆਂ ਸੁਣਾਉਣ ਦਾ ਇੱਕ ਆਪਣਾ ਹੀ ਖਾਸ ਅਤੇ ਦਿਲਕਸ਼ ਅੰਦਾਜ਼ ਸੀ। *"ਉਹਦੇ ਬੋਲਣ ਦਾ ਖਾਸ ਅੰਦਾਜ਼ ਸੀ, ਲਫ਼ਜ਼ ਗਾਉਂਦੇ ਜਾਪਦੇ ਸਨ, ਇੰਝ ਉਹਨਾਂ ਨੂੰ ਚੇਤੇ ਰੱਖਣਾ ਮੇਰੇ ਲਈ ਸੌਖਾ ਸੀ। ਲਫ਼ਜ਼ ਫੁੱਲਾਂ ਵਰਗੇ ਸੋਹਣੇ ਅਤੇ ਨਿੱਖੜਵੇਂ।"* ਲੋਕ-ਸਾਹਿਤ ਨਾਲ਼ ਗੋਰਕੀ ਦਾ ਜੋ ਇੱਕ ਖਾਸ ਹੀ ਮੋਹ ਸੀ ਉਸਦੀ ਤੰਦ ਵੀ ਇੱਥੋਂ ਹੀ ਸ਼ੁਰੂ ਹੁੰਦੀ ਜਾਪਦੀ ਹੈ। ਆਪਣੇ ਬਾਅਦ ਦੇ ਦਿਨਾਂ ਵਿੱਚ ਉਹਨਾਂ ਨੇ ਲੋਕ-ਸਾਹਿਤ ਦਾ ਕਾਫੀ ਡੂੰਘਾ ਅਧਿਐਨ ਕੀਤਾ। ਉਹਨਾਂ ਦੇ ਸਾਹਿਤਕ ਲੇਖਾਂ ਵਿੱਚ ਇਸ ਅਧਿਐਨ ਦੇ ਕਈ ਸ਼ਾਨਦਾਰ ਪ੍ਰਮਾਣ ਮਿਲ਼ਦੇ ਹਨ। ਜ਼ੁਬਾਨੀ ਸਾਹਿਤ ਨੂੰ ਉਹ ਸੱਭਿਆਚਾਰ ਦੇ ਇਤਿਹਾਸ ਦਾ ਪ੍ਰਮਾਣਿਕ ਸਬੂਤ ਮੰਨਦੇ ਸਨ। ਜਿਵੇਂ ਕਿ ਸੋਵੀਅਤ ਲੇਖਕਾਂ ਦੀ ਪਹਿਲੀ ਅਖਿਲ ਯੂਨੀਅਨ ਕਾਂਗਰਸ ਵਿੱਚ ਦਿੱਤੇ ਆਪਣੇ ਭਾਸ਼ਣ ਵਿੱਚ ਉਹਨਾਂ ਨੇ ਕਿਹਾ- *"ਤੁਸੀਂ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹੋ ਕਿ ਪੁਰਾਤਨ ਸੱਭਿਆਚਾਰ ਦੇ ਇਤਿਹਾਸ ਨੇ ਪੁਰਾਤੱਤਵ-ਵਿਗਿਆਨ ਦੁਆਰਾ ਮੁਹੱਈਆ ਕਰਵਾਏ ਅੰਕੜਿਆਂ ਅਤੇ ਪ੍ਰਾਚੀਨ ਧਰਮਾਂ ਦੀ ਛਾਪ ਤੋਂ ਲਾਭ ਉਠਾਇਆ ਹੈ। ਪ੍ਰਾਚੀਨ ਧਰਮਾਂ ਨੂੰ ਇਸਾਈ ਦਾਰਸ਼ਨਿਕ ਸਿਧਾਂਤਵਾਦ ਦੀ ਰੌਸ਼ਨੀ ਵਿੱਚ ਅਤੇ ਅਸਰ ਹੇਠ ਸਮਝਿਆ ਗਿਆ, ਜਿਹੜਾ ਕਿ ਨਾਸਤਿਕ ਇਤਿਹਾਸਕਾਰਾਂ ਤੋਂ ਵੀ ਲੁਕਿਆ ਹੋਇਆ ਨਹੀਂ ਸੀ। ...ਕੁਝ ਵੀ ਹੋਵੇ ਆਦਿ-ਕਾਲੀਨ ਅਤੇ ਪੁਰਾਤਨ ਸੱਭਿਆਚਾਰ ਦੇ ਕਿਸੇ ਵੀ ਇਤਿਹਾਸਕਾਰ ਨੇ ਲੋਕ-ਧਾਰਾ ਅਤੇ ਲੋਕਾਂ ਦੀ ਜ਼ੁਬਾਨੀ ਕਲਾ ਦੇ ਅੰਕੜਿਆਂ ਦੀ ਜਾਂ ਮਿਥਿਹਾਸਕ ਪ੍ਰਮਾਣਾਂ ਦੀ ਵਰਤੋਂ ਨਹੀਂ ਕੀਤੀ, ਜਿਹੜੀ ਕਿ ਸਮੁੱਚੇ ਤੌਰ 'ਤੇ ਕੁਦਰਤੀ ਵਰਤਾਰਿਆਂ ਦਾ, ਕੁਦਰਤ ਖਿਲਾਫ ਸੰਘਰਸ਼ ਦਾ ਪ੍ਰਤੀਬਿੰਬ ਹੈ, ਅਤੇ ਪੂਰੀ ਤਰ੍ਹਾਂ ਕਲਾਤਮਕ ਸਧਾਰਣੀਕਰਨ ਵਿੱਚ ਸਮਾਜਿਕ ਜੀਵਨ ਦਾ ਅਕਸ ਹੈ।"*

ਆਪਣੀ ਨਾਨੀ ਤੋਂ ਛੁੱਟ ਅਲੈਕਸੀ ਨੂੰ ਅਜੇ ਤੱਕ ਕਿਸੇ

ਹੋਰ ਦੋਸਤ ਦਾ ਸਾਥ ਨਹੀਂ ਸੀ ਮਿਲ਼ਿਆ। ਆਪਣੇ ਨਾਨਕੇ ਘਰ ਵਿੱਚਲੇ ਓਪਰੇ ਜਿਹੇ ਜੀਵਨ ਨੂੰ ਯਾਦ ਕਰਦਿਆਂ ਗੋਰਕੀ ਲਿਖਦੇ ਹਨ– *"ਇਹ ਇੱਕ ਤਿੱਖੀ, ਹਾਦਸਿਆਂ ਭਰੀ ਤੇ ਅਕਿਹ ਜ਼ਿੰਦਗੀ ਦਾ ਮੁੱਢ ਸੀ। ਇਹ ਮੈਨੂੰ ਇੱਕ ਉਦਾਸ ਕਹਾਣੀ ਵਾਂਗ ਚੇਤੇ ਹੈ, ਜੋ ਕਿ ਕਿਸੇ ਆਲੌਕਿਕ ਕਹਾਣੀਕਾਰ ਨੇ ਸੁਣਾਈ ਹੋਵੇ, ਇੱਕ ਸੱਚੀ ਦਰਦ ਭਰੀ ਕਹਾਣੀ। ਹੁਣ ਜਦੋਂ ਮੈਂ ਬੀਤੇ ਨੂੰ ਦੁਹਰਾਉਂਦਾ ਹਾਂ ਤਾਂ ਕਦੇ-ਕਦੇ ਮੈਨੂੰ ਇਹ ਭਰੋਸਾ ਕਰਨਾ ਔਖਾ ਹੋ ਜਾਂਦਾ ਹੈ ਕਿ ਇਹ ਸੱਚੀ ਮੁੱਚੀ ਇੰਝ ਹੀ ਸੀ। ਜੀਅ ਕਰਦਾ ਹੈ ਕਿ ਕਈ ਸੱਚਾਈਆਂ ਨੂੰ ਮੈਂ ਨਾ ਮੰਨਾਂ—ਇਸ "ਮੂਰਖ ਕਬੀਲੇ" ਦੀ ਜ਼ਿੰਦਗੀ ਬੇਤਰਸ ਅਤੇ ਪੱਛੜੀ ਹੋਈ ਸੀ।*

ਪਰ ਸੱਚ ਨੂੰ ਕਿਸੇ ਭੈਅ ਦੀ ਲੋੜ ਨਹੀਂ ਹੁੰਦੀ ਤੇ ਮੈਂ ਇਹ ਆਪਣੇ ਬਾਰੇ ਨਹੀਂ ਲਿਖ ਰਿਹਾ, ਇੱਕ ਸਾਹ ਘੁਟਵੇਂ ਤੇ ਡਰਾਉਣੇ ਵਾਤਾਵਰਣ ਬਾਰੇ ਲਿਖ ਰਿਹਾ ਹਾਂ, ਜਿਹਦੇ ਵਿੱਚ ਆਮ ਰੂਸੀ ਲੋਕ ਰਹਿੰਦੇ ਰਹੇ ਹਨ ਅਤੇ ਅਜੇ ਵੀ ਰਹਿ ਰਹੇ ਹਨ।"

ਅਲੈਕਸੀ ਦਾ ਨਾਨਾ ਵਾਸਿਲੀ ਨਿੱਕ-ਬੁਰਜੂਆ ਜਮਾਤ ਦੇ ਪ੍ਰਤੀਨਿੱਧ ਪਾਤਰਾਂ ਵਿੱਚੋਂ ਇੱਕ ਹੈ। ਇਸ ਜਮਾਤ ਦੀਆਂ ਲਖਾਇਕ ਵਿਸ਼ੇਸ਼ਤਾਵਾਂ ਉਸ ਵਿੱਚ ਕੁੱਟ-ਕੁੱਟ ਕੇ ਭਰੀਆਂ ਹੋਈਆਂ ਹਨ।ਆਪਣੀ ਦੁਕਾਨਦਾਰੀ ਦੇ ਸ਼ੁਰੂਆਤੀ ਦੌਰ ਤੋਂ ਹੀ ਉਹ ਆਪਣੇ ਕਾਰੀਗਰਾਂ ਦੀ ਬੜੇ ਬੇਕਿਰਕ ਤਰੀਕੇ ਨਾਲ਼ ਲੁੱਟ ਕਰਦਾ ਹੈ।ਉਸਦਾ ਸਭ ਤੋਂ ਵਧੀਆ ਕਾਰੀਗਰ ਆਪਣੇ ਬੁਢਾਪੇ ਤੱਕ ਬਿਲਕੁਲ ਅੰਨਾ ਹੋ ਜਾਂਦਾ ਹੈ ਤੇ ਭੀਖ ਮੰਗ ਕੇ ਗੁਜ਼ਾਰਾ ਕਰਦਾ ਹੈ।ਵਾਸਿਲੀ ਆਪਣਾ ਸਾਰਾ ਜੀਵਨ ਪੈਸਾ ਕਮਾਉਣ ਅਤੇ ਬਚਾਉਣ ਵਿੱਚ ਹੀ ਖਰਚ ਕਰ ਦਿੰਦਾ ਹੈ। ਉਸਦੇ ਆਪਣੇ ਹੀ ਪੁੱਤਰ ਜਿਹੜੇ ਉਸੇ ਦੇ ਨਿੱਕ ਬੁਰਜੂਆ ਸੰਸਕਾਰਾਂ ਨਾਲ਼ ਸਿੰਜੇ ਹੋਏ ਸਨ ਉਸਦਾ ਵੀ ਉਹੀ ਹਾਲ ਕਰਦੇ ਹਨ ਅਤੇ ਆਪਣੇ ਆਖਰੀ ਦਿਨਾਂ ਵਿੱਚ ਵਾਸਿਲੀ ਵੀ ਭੀਖ ਮੰਗਣ ਲਈ ਮਜ਼ਬੂਰ ਹੋ ਜਾਂਦਾ ਹੈ। ਪੂੰਜੀ ਦੀ ਇਸ ਸ਼ੈਤਾਨੀ ਤੇ ਢਾਹੂ ਤਾਕਤ ਦਾ ਵਾਸਿਲੀ ਬੜੇ ਭਿਆਨਕ ਢੰਗ ਨਾਲ਼ ਸ਼ਿਕਾਰ ਬਣਦਾ ਹੈ। ਵਾਸਿਲੀ ਅਤੇ ਉਸਦੇ ਪੁੱਤਰਾਂ ਦੇ ਕਿਰਦਾਰ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਮਾਲਿਕ ਬਣਨ ਦਾ ਲਾਲਚ ਇਨਸਾਨ ਨੂੰ ਕਿਸ ਹੱਦ ਤੱਕ ਭ੍ਰਿਸ਼ਟ ਕਰ ਦਿੰਦਾ ਹੈ, ਤੇ ਪਸ਼ੂਆਂ ਤੋਂ ਵੀ ਗਿਆ ਗੁਜ਼ਰਿਆ ਬਣਾ ਦਿੰਦਾ ਹੈ।

ਅਜਿਹੇ ਘੁਟਣ ਭਰੇ ਅਤੇ ਵਿਸ਼ੈਲੇ ਮਾਹੌਲ ਵਿੱਚ ਵਿਚਰਦਿਆਂ ਅਲੈਕਸੀ ਦਾ ਜੀਵਨ ਦੇ ਯਥਾਰਥ ਨਾਲ਼ ਵਾਹ ਪੈਣਾ ਸ਼ੁਰੂ ਹੁੰਦਾ ਹੈ ਅਤੇ ਕਦਮ-ਦਰ-ਕਦਮ ਉਹ ਉਹਨਾਂ ਹਕੀਕਤਾਂ ਦੇ ਪ੍ਰਭਾਵ ਕਬੂਲਦਾ ਰਹਿੰਦਾ ਹੈ। ਇੱਕ ਬੱਚੇ ਦੇ ਛੋਟੇ-ਛੋਟੇ ਸੁਪਨਿਆਂ ਦੇ ਟੁੱਟਣ ਦੇ, ਅਤੇ ਉਸਦੇ ਦਿਲ ਵਿੱਚ ਭੈਅ ਦੇ ਜਨਮ ਲੈਣ ਦੇ ਕਾਰਨ ਬੜੀ ਬਾਰੀਕੀ ਨਾਲ ਪੇਸ਼ ਕੀਤੇ ਗਏ ਹਨ। ਅਲੈਕਸੀ ਦੁਆਰਾ ਪਹਿਲੀ ਵਾਰ ਆਪਣੇ ਨਾਨੇ ਦੀਆਂ ਬੈਂਤਾਂ ਦਾ ਸਾਹਮਣਾ ਕਰਨ ਵਾਲ਼ੀ ਘਟਨਾ ਬੜਾ ਹੌਲਨਾਕ ਮਾਹੌਲ ਸਿਰਜ ਦਿੰਦੀ ਹੈ। ਉਸ ਭਿਆਨਕ ਹਾਦਸੇ ਤੋਂ ਬਾਅਦ ਅਲੈਕਸੀ ਦੇ ਬਾਲ ਮਨ 'ਤੇ ਕੀ ਬੀਤਦੀ ਹੈ, ਗੋਰਕੀ ਇਸ ਬਾਰੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ਼ ਬਿਆਨ ਕਰਦੇ ਹਨ– *"ਜਿੰਨਾ ਚਿਰ ਮੈਂ ਆਪਣੀ ਸੁੱਧ ਨਾ ਗੁਆਈ ਮੇਰਾ ਨਾਨਾ ਮੈਨੂੰ ਕੁੱਟਦਾ ਹੀ ਰਿਹਾ। ਉਸ ਪਿੱਛੋਂ ਕਿੰਨੇ ਦਿਨ ਮੈਂ ਇੱਕ ਛੋਟੇ ਕਮਰੇ ਵਿੱਚ ਜਿੱਥੇ ਇੱਕ ਤਾਕੀ ਤੇ ਮੂਰਤੀ ਵਾਲ਼ੇ ਖੂੰਜੇ ਵਿੱਚ ਨਿਰੰਤਰ ਬਲ਼ਦੀ ਰੱਖੀ ਨਿੱਕੀ ਲਾਲ ਬੱਤੀ ਸੀ, ਖੁੱਲੇ ਗਰਮ ਬਿਸਤਰੇ ਉੱਤੇ ਪਿਆ ਰਿਹਾ।*

ਮੇਰੀ ਬਿਮਾਰੀ ਦੇ ਦਿਨ ਮੇਰੇ ਜੀਵਨ ਦੇ ਮਹੱਤਵਪੂਰਨ ਦਿਨ ਸਨ, ਉਨੀਂ ਦਿਨੀ ਇਉਂ ਲੱਗਾ ਜਿਵੇਂ ਮੈਂ ਚਾਣਚੱਕ ਵਡੇਰਾ ਹੋ ਗਿਆ ਹੋਵਾਂ ਤੇ ਮੇਰੇ ਦਿਲ ਵਿੱਚ ਇੱਕ ਨਵਾਂ ਗੁਣ ਪੈਦਾ ਹੋ ਗਿਆ ਹੋਵੇ—ਉਹ ਸੀ ਲੋਕਾਂ ਪ੍ਰਤੀ ਦਿਲੋਂ ਸਬੰਧਿਤ ਹੋਣ ਦਾ ਗੁਣ। ਇਉਂ ਹੋ ਗਿਆ ਜਿਵੇਂ ਕਿਤੇ ਮੇਰੇ ਦਿਲ ਉੱਤੋਂ ਚਮੜੀ ਲਾਹ ਸੁੱਟੀ ਗਈ ਹੋਵੇ, ਤੇ ਇਸ ਗੱਲ ਨੇ ਮੇਰੇ ਦਿਲ ਨੂੰ ਏਨਾ ਕੋਮਲ-ਭਾਵੀ ਬਣਾ ਦਿੱਤਾ ਕਿ ਇਹਦੇ ਲਈ ਮੇਰੀ ਆਪਣੀ ਜਾਂ ਕਿਸੇ ਹੋਰ ਦੀ, ਹਰੇਕ ਸੱਟ ਅਸਿਹ ਹੋ ਗਈ।"

ਇਸੇ ਤਰ੍ਹਾਂ ਅਲੈਕਸੀ ਇਸ ਥਾਂ 'ਤੇ ਆਪਣਾ ਪੂਰਾ ਬਚਪਨ ਗੁਜ਼ਾਰਦਾ ਹੈ। ਤਰ੍ਹਾਂ-ਤਰ੍ਹਾਂ ਦੀਆਂ ਤਕਲੀਫਾਂ ਸਹਿੰਦਿਆਂ ਉਹ ਵੱਡਾ ਹੁੰਦਾ ਹੈ। ਲੜਾਈ-ਝਗੜੇ, ਦੁੱਖ-ਦਰਦ, ਘੋਰ ਗਰੀਬੀ ਇਹੀ ਉਸਦੇ ਬਚਪਨ ਦਾ ਸਾਰਾ ਖ਼ਜ਼ਾਨਾ ਹੈ।

ਅਜਿਹੀਆਂ ਹਾਲਤਾਂ ਵਿੱਚ ਸਿਗਾਨੋਕ ਜਿਹੇ ਜ਼ਿੰਦਗੀ ਦੇ ਆਸ਼ਿਕ ਅਤੇ ਜ਼ਿੰਦਾਦਿਲ ਪਾਤਰਾਂ ਦਾ ਵੀ ਹਾਜ਼ਿਰ ਹੋਣਾ ਸਾਡੀ ਹੈਰਾਨੀ ਦਾ ਸਬੱਬ ਤਾਂ ਹੋ ਸਕਦਾ ਹੈ ਪਰ ਗੋਰਕੀ ਦੇ ਗਲਪ ਸੰਸਾਰ ਵਿੱਚ ਇਹ ਕੋਈ ਅਪਵਾਦ ਨਹੀਂ ਹੈ। ਗੋਰਕੀ ਦੇ ਪਾਤਰਾਂ ਦੀ ਇਹ ਵੀ ਇੱਕ ਵੱਡੀ ਖਾਸੀਅਤ ਹੈ ਕਿ ਉਹਨਾਂ ਅੰਦਰ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਜੀਣ ਦੀ ਇੱਕ ਖਿਚ ਹੁੰਦੀ ਹੈ– *"ਮਰਨ ਦਾ ਏਨਾ ਵੀ ਖਿਆਲ ਨਹੀਂ ਰਹਿੰਦਾ। ਬਸ ਜੇ ਤੁਹਾਨੂੰ ਇਸ ਗੱਲ ਦੀ ਸੋਝੀ ਹੋਵੇ ਕਿ ਜਿਉਣਾ ਕਿਵੇਂ ਹੈ..."*, ਤੇ ਜੀਵਨ ਦੀਆਂ ਹਰ ਤਰ੍ਹਾਂ ਦੀਆਂ ਬੁਰਾਈਆਂ ਪ੍ਰਤੀ ਨਫਰਤ ਵੀ ਉਹਨਾਂ ਦੀਆਂ ਅੱਖਾਂ ਵਿੱਚ ਬਲ਼ਦੀ ਸਾਫ ਦਿਸਦੀ ਹੈ।ਉਸਦੇ ਪਾਤਰਾਂ ਕੋਲ਼ ਜੀਵਨ ਦਾ ਅਸਲ ਗਿਆਨ ਹੈ।ਔਖੀਆਂ ਤੇ ਸਮਝੋਂ ਬਾਹਰੀਆਂ ਗੱਲਾਂ ਨੂੰ ਵੀ ਉਹ ਕਿੰਨੇ ਕਾਵਿਕ ਤੇ ਸਾਧਾਰਣ ਅੰਦਾਜ਼ ਵਿੱਚ ਕਹਿ ਦਿੰਦੇ ਹਨ– *"ਤੁਸੀਂ ਜਾਣਦੇ ਹੋ ਕਿ ਮੈਂ ਬਿਲਕੁਲ ਕੱਲ-ਮੁੱਕਲਾ ਹਾਂ। ਮੇਰਾ ਇਸ ਦੁਨੀਆਂ ਵਿੱਚ ਕੋਈ ਵੀ ਨਹੀਂ ਹੈ। ਤੇ ਜਦੋਂ ਇੱਕ ਬੰਦਾ ਸਦਾ ਇੰਜ ਚੁੱਪ ਰਹਿੰਦੈ, ਤਾਂ ਇੱਕ ਘੜੀ ਅਜਿਹੀ ਵੀ ਆਉਂਦੀ ਹੈ ਜਦੋਂ ਉਹਦੀ ਆਤਮਾ ਸੱਭੇ ਜੰਜੀਰਾਂ ਤੋੜ ਸੁਤੰਤਰ ਹੋ ਜਾਂਦੀ ਹੈ। ਫੇਰ ਤਾਂ ਉਹ ਚਟਾਨਾਂ ਤੇ ਰੁੱਖਾਂ ਨਾਲ਼ ਵੀ ਗੱਲਾਂ ਕਰਨ ਨੂੰ ਤਿਆਰ ਹੋ ਜਾਂਦੀ ਐ..."*

ਇਸੇ ਤਰ੍ਹਾਂ ਕਈ ਘਟਨਾਵਾਂ ਵਿੱਚੋਂ ਲੰਘਦਾ ਹੋਇਆ ਇਹ ਸਫਰ ਉਸ ਥਾਂ 'ਤੇ ਆ ਕੇ ਕੁਝ ਦੇਰ ਲਈ ਰੁਕ ਜਾਂਦਾ ਹੈ, ਜਿੱਥੋਂ ਅੱਗੇ ਇਹ ਅਗਲੀ ਕਿਤਾਬ 'ਮੇਰੀ ਸ਼ਗਿਰਦੀ ਦੇ ਦਿਨ' ਵਿੱਚ ਇੱਕ ਨਵੇਂ ਰੂਪ ਵਿੱਚ ਸ਼ੁਰੂ ਹੁੰਦਾ ਹੈ। ਜਦੋਂ ਅਲੈਕਸੀ ਦੀ ਉਮਰ ਅਜੇ ਮਹਿਜ਼ ਗਿਆਰਾਂ ਸਾਲ ਦੀ ਹੀ ਹੁੰਦੀ ਹੈ ਤੇ ਉਸਦੀ ਮਾਂ ਦੀ ਮੌਤ ਤੋਂ ਬਾਅਦ ਉਸਦਾ ਨਾਨਾ ਉਸਨੂੰ ਕਹਿੰਦਾ ਹੈ– *"ਅੱਛਾ, ਅਲੈਕਸੀ, ਤੈਨੂੰ ਸਹੀ ਅਰਥਾਂ ਵਿੱਚ ਮੇਰੇ ਗਲ਼ ਦੁਆਲੇ ਲਮਕਦਾ ਤਮਗਾ ਆਖਿਆ ਜਾ ਸਕਦੈ। ਹੁਣ ਅੱਗੋਂ ਤੇਰੇ ਲਈ ਏਥੇ ਕੋਈ ਥਾਂ ਨਹੀਂ। ਤੇਰੇ ਲਈ ਹੁਣ ਬਾਹਰਲੀ ਦੁਨੀਆਂ ਵਿੱਚ ਜਾਣ ਦਾ ਸਮਾਂ ਆ ਗਿਐ...*

ਸੋ ਮੈਂ ਦੁਨੀਆਂ ਵਿੱਚ ਚਲਾ ਆਇਆ।"

(ਅਗਲੇ ਅੰਕ 'ਚ ਜਾਰੀ)

ਪਾਠਕ ਮੰਚ

ਸੰਪਾਦਕ ਜੀ,

'ਲਲਕਾਰ' ਦੇ ਪਿਛਲੇ ਅੰਕ 'ਚ ਰਾਜਵੀਰ ਨੇ ਲਖਵਿੰਦਰ ਦੇ ਲੇਖ 'ਪੰਜਾਬ ਸਰਕਾਰ ਨੇ ਬਣਾਏ ਦੋ ਖਤਰਨਾਕ ਕਾਲੇ ਕਾਨੂੰਨਾਂ' ਦੀ ਸਹੀ ਅਤੇ ਸਟੀਕ ਅਲੋਚਨਾ ਕੀਤੀ ਹੈ। ਪਰ ਰਾਜਵੀਰ ਦੀ ਇਸ ਅਲੋਚਨਾ 'ਚ ਵੀ ਕੁਝ ਘਾਟ ਹੈ। ਜਿੱਥੇ ਲਖਵਿੰਦਰ ਦੇ ਲੇਖ ਦੀ ਇਹ ਕਮੀ ਹੈ ਕਿ ਇਹ ਪੰਜਾਬ ਸਰਕਾਰ ਵਲੋਂ ਬਣਾਏ ਕਾਲ਼ੇ ਕਾਨੂੰਨਾਂ ਨੂੰ ਸਾਡੇ ਪੂਰੇ ਗੈਰ-ਜਮਹੂਰੀ ਤਾਣੇ-ਬਾਣੇ ਅਤੇ ਭਾਰਤ ਦੇ ਹਾਕਮਾਂ ਵੱਲੋਂ ਅਤੀਤ ਵਿੱਚ ਬਣਾਏ ਕਾਲੇ ਕਾਨੂੰਨਾਂ ਨਾਲੋਂ ਨਿਖੇੜ ਕੇ ਦੇਖਦਾ ਹੈ, ਉਥੇ ਰਾਜਵੀਰ ਦੀ ਟਿੱਪਣੀ 'ਚ ਦੂਸਰੇ ਸਿਰੇ ਦਾ ਭਟਕਾਅ ਹੈ। ਉਹ ਖਾਸ ਨੂੰ ਆਮ ਬਣਾਉਂਦਾ ਹੈ। ਬੀਤੀ 4 ਅਪ੍ਰੈਲ 2011 ਨੂੰ ਲੁਧਿਆਣਾ ਵਿਖੇ ਇੱਕ ਵਿਸ਼ਾਲ ਰੈਲੀ ਹੋਈ। ਇਹ ਰੈਲੀ ਪੰਜਾਬ ਸਰਕਾਰ ਵਲੋਂ ਬਣਾਏ ਉਪਰੋਕਤ ਕਾਨੂੰਨਾਂ ਖਿਲਾਫ ਸੀ। ਇਸ ਰੈਲੀ ਵਿੱਚ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਵਿਦਿਆਰਥੀਆਂ-ਨੌਜਵਾਨਾਂ ਨੇ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ। ਇਸ ਰੈਲੀ ਵਿੱਚ ਔਰਤਾਂ ਦੀ ਹਾਜ਼ਰੀ ਵੀ ਗਿਣਨਯੋਗ ਸੀ। ਇਹ ਰੈਲੀ ਦਿਖਾਉਂਦੀ ਹੈ ਪੰਜਾਬ ਦੇ ਕਿਰਤੀ ਲੋਕ ਇਹਨਾਂ ਕਾਨੂੰਨਾਂ ਵਿਰੁੱਧ ਸੰਘਰਸ਼ ਦੀ ਕਿੰਨੀ ਤੀਬਰ ਲੋੜ ਮਹਿਸੂਸ ਕਰਦੇ ਹਨ।

ਪਰ ਭਾਰਤੀ ਸਮਾਜ ਦੇ ਸਮੁੱਚੇ ਸਿਆਸੀ-ਸਮਾਜਿਕ ਤਾਣੇ-ਬਾਣੇ ਦੇ ਜਮਹੂਰੀਕਰਨ ਜਾਂ ਭਾਰਤ ਦੇ ਹਾਕਮਾਂ ਵੱਲੋਂ ਬਣਾਏ ਗਏ ਹੁਣ ਤੱਕ ਦੇ ਸਾਰੇ ਕਾਨੂੰਨਾਂ ਵਿਰੁੱਧ, ਅਜਿਹੀ ਲਾਮਬੰਦੀ ਸ਼ਾਇਦ ਸੰਭਵ ਨਾ ਹੋਵੇ। ਇਸ ਲਈ ਪੰਜਾਬ ਸਰਕਾਰ ਵੱਲੋਂ ਬਣਾਏ ਮੌਜੂਦਾ ਕਾਲੇ ਕਾਨੂੰਨਾਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਦੇ ਹੋਏ ਹੀ, ਭਾਰਤੀ ਸਮਾਜ ਦੇ ਸਮੁੱਚੇ ਸਿਆਸੀ-ਸਮਾਜਿਕ ਤਾਣੇ-ਬਾਣੇ ਦੇ ਜਮਹੂਰੀਕਰਨ ਅਤੇ ਭਾਰਤੀ ਹਾਕਮਾਂ ਵੱਲੋਂ ਬਣਾਏ ਹੋਰ ਖਤਰਨਾਕ ਕਾਲੇ ਕਾਨੂੰਨਾਂ ਵਿਰੁੱਧ ਲੜਾਈ ਲੜੀ ਜਾ ਸਕਦੀ ਹੈ। ਇਸ ਲਈ ਖਾਸ ਨੂੰ ਆਮ ਬਣਾਉਣਾ ਜਾਂ ਖਾਸ ਅਤੇ ਆਮ 'ਚ ਫਰਕ ਨਾ ਕਰਨਾ (ਜਿਵੇਂ ਕਿ ਰਾਜਵੀਰ ਨੇ ਕੀਤਾ ਹੈ) ਸਾਨੂੰ ਬੜੇ ਖਤਰਨਾਕ ਨਤੀਜਿਆਂ ਵੱਲ ਲੈ ਜਾਵੇਗਾ। ਇਹ ਸਾਨੂੰ ਨਿਠੱਲੇਪਣ ਦੇ ਟੋਏ 'ਚ ਲਿਜਾ ਸੁੱਟੇਗਾ।

'ਲਲਕਾਰ' ਦੇ ਪਿਛਲੇ ਅੰਕ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਅਰਬ ਦੇਸ਼ਾਂ ਵਿੱਚ ਉੱਠੇ ਲੋਕ ਵਿਦਰੋਹ ਬਾਰੇ ਡਾ. ਅੰਮ੍ਰਿਤ ਦਾ ਲੇਖ ਛਪਿਆ ਹੈ। ਇਹ ਲੇਖ ਮੁੱਖ ਰੂਪ ਵਿੱਚ ਮਿਸਰ ਤੱਕ ਹੀ ਸੀਮਤ ਰਿਹਾ ਅਤੇ ਸਮੁੱਚੇ ਰੂਪ ਵਿੱਚ ਅਰਬ ਲੋਕਾਂ ਦੇ ਵਿਦਰੋਹ ਨੂੰ ਸਮੇਟਣ 'ਚ ਨਾਕਾਮ ਰਿਹਾ ਹੈ। ਇਸ ਲੇਖ ਵਿੱਚ ਇਹਨਾਂ ਅਰਬ ਦੇਸ਼ਾਂ ਦੇ ਇਤਿਹਾਸ ਦੀ ਵੀ ਚਰਚਾ ਆਉਣੀ ਚਾਹੀਦੀ ਸੀ, ਇਹਨਾਂ ਦੇਸ਼ਾਂ 'ਚ ਸਾਮਰਾਜਵਾਦੀ ਦਖਲੰਦਾਜ਼ੀ ਦੀ ਵੀ ਚਰਚਾ ਆਉਣੀ ਚਾਹੀਦੀ ਸੀ। ਪਰ ਇਹ ਸਭ ਇਸ ਲੇਖ 'ਚ ਨਹੀਂ ਹੈ। ਇਸ ਤੋਂ ਇਲਾਵਾ ਇਹ ਲੇਖ ਅਰਬ ਦੇਸ਼ਾਂ 'ਚ ਵਰਤਮਾਨ ਲੋਕ ਉਭਾਰ ਦੇ ਬੁਨਿਆਦੀ ਕਾਰਨਾਂ ਦੀ ਚਰਚਾ ਕਰਨ 'ਚ ਵੀ ਨਾਕਾਮ ਰਿਹਾ ਹੈ।

ਇਸ ਲੇਖ ਵਿੱਚ ਇੱਕ 'ਬਗਲ 'ਚ ਛੁਰੀ ਰੱਖ ਕੇ ਰਾਮ ਰਾਮ ਜਪਣ ਵਾਲੇ 'ਸੰਤਾਂ' ਦਾ ਜ਼ਿਕਰ ਆਇਆ ਹੈ। ਇਸ ਦਾ ਕੀ ਮਤਲਬ ਹੋਇਆ ? ਕੀ ਇਹ ਕਿ ਰਾਮ ਰਾਮ ਜਪਣ ਵਾਲਿਆਂ ਦੀ ਬਗਲ 'ਚ ਛੁਰੀ ਨਹੀਂ ਹੋਣੀ ਚਾਹੀਦੀ ? ਜਾਂ ਜੇਕਰ ਬਗਲ 'ਚ ਛੁਰੀ ਰੱਖਣੀ ਹੈ ਤਾਂ ਰਾਮ ਰਾਮ ਨਾ ਜਪੋ ? ਭਾਵ ਰਾਮ ਰਾਮ ਜਪਣਾ ਅਤੇ ਬਗਲ 'ਚ ਛੁਰੀ ਰੱਖਣਾ ਆਪਸ 'ਚ ਬੇਮੇਲ ਹਨ। ਜਦ ਕਿ ਰਾਮ ਰਾਮ ਜਪਣ ਵਾਲੇ ਹਮੇਸ਼ਾ ਹੀ ਬਗਲ 'ਚ ਛੁਰੀ ਰੱਖਦੇ ਹਨ। ਰਾਮ ਦਾ ਨਾਂ ਤਾਂ ਸਿਰਫ਼ ਕਿਰਤੀ ਲੋਕਾਂ ਨੂੰ ਧੋਖਾ ਦੇਣ ਲਈ ਹੀ ਹੈ। ਸਾਨੂੰ ਅਜਿਹੇ ਫਿਕਰਿਆਂ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ, ਜਿਹਨਾਂ ਦਾ ਕਈ ਵਾਰ ਅਸੀਂ ਸੁਤੇ-ਸਿੱਧ ਹੀ ਇਸਤੇਮਾਲ ਕਰ ਜਾਂਦੇ ਹਾਂ। ਇਹ ਦਰਸਾਉਂਦਾ ਹੈ ਕਿ ਲੋਕ ਮਨਾਂ ਵਿੱਚ ਹਾਕਮ ਜਮਾਤ ਦੀ ਵਿਚਾਰਧਾਰਕ-ਸਿਆਸੀ ਹੇਜੇਮਨੀ ਦੀਆਂ ਜੜ੍ਹਾ ਕਿੰਨੀਆਂ ਡੂੰਘੀਆਂ ਹਨ।

ਇਸ ਲੇਖ 'ਚ 'ਸੰਤ' ਸ਼ਬਦ ਦਾ ਪ੍ਰਯੋਗ ਵੀ ਸਕਾਰਾਤਮਕ ਅਰਥਾਂ ਵਿੱਚ ਹੀ ਹੋਇਆ ਹੈ। 'ਸੰਤ' ਸ਼ਬਦ ਤਾਂ ਸਿਰਫ਼ ਧਰਮ-ਗੁਰੂਆਂ ਲਈ ਹੀ ਇਸਤੇਮਾਲ ਹੁੰਦਾ ਹੈ। ਅਤੇ ਇਹਨਾਂ ਧਰਮ ਗੁਰੂਆਂ ਦੇ ਅਸਲ ਕਿਰਦਾਰ ਬਾਰੇ ਅਸੀਂ ਸਭ ਜਾਣਦੇ ਹੀ ਹਾਂ। ਮੇਰੇ ਖਿਆਲ ਨਾਲ਼ ਸਾਨੂੰ ਅਜਿਹੇ ਸ਼ਬਦਾਂ ਦੇ ਇਸਤੇਮਾਲ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

• **ਕਰਮਜੀਤ**, ਲੁਧਿਆਣਾ

ਸਾਥੀ ਜੀ,

ਇਸ ਵਾਰ ਦਾ 'ਲਲਕਾਰ' ਪੜ੍ਹ ਕੇ ਲੱਗਿਆ ਕਿ ਮੈਂ ਵੀ ਕੁੱਝ ਸੁਝਾਅ ਦੇ ਸਕਦਾ ਹਾਂ। ਪਿਛਲੇ ਅੰਕ 'ਚ ਹਿਨਾ ਜੀ ਦੀ ਚਿੱਠੀ ਦਾ ਜੁਆਬ ਦਿੰਦੇ ਹੋਏ ਤੁਸੀਂ ਮੰਨਿਆ ਹੈ ਕਿ 'ਪੁਸਤਕ ਜਾਣ ਪਛਾਣ/ਸਮੀਖਿਆ' ਵਾਲਾ ਕਾਲਮ ਜਾਰੀ ਨਾ ਰੱਖ ਸਕਣ ਦੀ ਮੁੱਖ ਵਜ੍ਹਾ ਹੈ ਅਜਿਹੇ ਲੇਖਕਾਂ ਦੀ ਕਮੀ ਜਿਹੜੇ ਇਸ ਕੰਮ ਨੂੰ ਬਖ਼ੂਬੀ ਅੰਜ਼ਾਮ ਦੇ ਸਕਣ। ਮੈਨੂੰ ਲੱਗਦਾ ਹੈ ਇਸ ਵਿਸ਼ੇ 'ਤੇ ਸਮਾਜਵਾਦ ਸਮੇਂ ਰੂਸੀ ਪ੍ਰਕਾਸ਼ਨਾਵਾਂ ਨੇ ਕਾਫ਼ੀ ਕੰਮ ਕੀਤਾ ਹੋਇਆ ਹੈ। ਜੇਕਰ ਸਾਨੂੰ ਅਜੇ ਬਹੁਤ ਚੰਗੇ ਲੇਖਕ ਨਹੀਂ ਮਿਲ ਰਹੇ ਹਨ ਤਾਂ ਕੀ ਅਸੀਂ ਪੁਸਤਕ ਜਾਣ-ਪਛਾਣ ਦੀ ਥਾਂ ਉਹਨਾਂ ਪੁਸਤਕਾਂ ਦੀਆਂ ਭੂਮਿਕਾਵਾਂ ਨੂੰ ਨਹੀਂ ਛਾਪ ਸਕਦੇ ? ਮੈਂ ਸਮਝਦਾ ਹਾਂ ਕਿ ਪੁਸਤਕ ਜਾਣ-ਪਛਾਣ ਇਕ ਅਲੱਗ ਚੀਜ਼ ਹੈ, ਪਰ ਇਹ ਕਾਲਮ ਵੀ ਕਾਫ਼ੀ ਫਰੂਟਫੁੱਲ ਰਹੇਗਾ। ਰਾਦੂਗਾ, ਮਾਸਕੋ ਤੋਂ ਛਪੀਆਂ ਬਹੁਤ ਸਾਰੀਆਂ ਕਿਤਾਬਾਂ ਦੀਆਂ ਭੂਮਿਕਾਵਾਂ ਮਿਲ ਜਾਂਦੀਆਂ ਹਨ। ਇਥੇ ਮੈਂ ਕੁਝ ਦਾ ਜ਼ਿਕਰ ਕਰਨਾ ਚਾਹਾਂਗਾ ਜਿਵੇਂ 'ਬੱਚਿਆਂ ਨੂੰ ਦਿਆਂ ਦਿਲ ਆਪਣਾ ਮੈਂ', 'ਇਕ ਪੁਸਤਕ ਮਾਂ-ਪਿਉ ਲਈ'। ਅਸਕਦ ਮੁਖਤਾਰ ਦੇ ਨਾਵਲ 'ਭੈਣਾਂ' ਦੀ ਭੂਮਿਕਾ ਵੀ ਛਾਪੀ ਜਾ ਸਕਦੀ ਹੈ। ਇਸ ਤਰ੍ਹਾਂ ਸਾਨੂੰ ਪਹਿਲਾਂ ਉਹਨਾਂ ਕਿਤਾਬਾਂ 'ਤੇ ਫੋਕਸ ਕਰਨਾ ਚਾਹੀਦਾ ਹੈ ਜਿਹੜੀਆਂ ਪੰਜਾਬੀ ਭਾਸ਼ਾ 'ਚ ਉਪਲਭਧ ਹਨ ਜਾਂ ਪੰਜਾਬੀ 'ਚ ਰਾਦੂਗਾ ਨੇ ਛਾਪੀਆਂ ਹਨ। ਇਹ ਕੰਮ ਥੋੜੀ ਤਫ਼ਤੀਸ਼ ਦੀ ਮੰਗ ਕਰਦਾ ਹੈ। ਇਸੇ ਤਰ੍ਹਾਂ ਕੁਝ ਸਾਹਿਤ ਦੇ ਨਾਲ ਜੁੜੀਆਂ

ਸ਼ਖ਼ਸ਼ੀਅਤਾਂ ਬਾਰੇ ਵੀ ਇਹਨਾਂ ਕਿਤਾਬਾਂ 'ਚੋਂ ਲਿਖਿਆ ਜਾ ਸਕਦਾ ਹੈ। ਜਿਵੇਂ ਲਾਓ ਸ਼ ਜਿੰਨਾਂ ਦੇ ਇਕ ਨਾਵਲ 'ਰਿਕਸ਼ਾਵਾਲਾ' 'ਚ ਉਹਨਾਂ ਦੇ ਜੀਵਨ ਅਤੇ ਕੰਮ ਬਾਰੇ ਮਿਲਦਾ ਹੈ। ਇਸ ਤਰ੍ਹਾਂ ਹਿੰਦੀ 'ਚ ਉਪਲਬਧ ਕਿਤਾਬ 'ਦਰਸ਼ਨ, ਸਾਹਿਤ ਅਤੇ ਅਲੋਚਨਾ' 'ਚ ਜ਼ਿਆਦਾ ਨਹੀਂ ਤਾਂ ਸਾਨੂੰ ਇਕ-ਇਕ ਸਫ਼ਾ ਤਾਂ ਬਲਿੰਸਕੀ, ਹਰਜ਼ਨ, ਚੇਰਨੇਸ਼ਵਸਕੀ ਅਤੇ ਦੁਬਰਿਊਲੋਵ ਦਾ ਮਿਲ ਸਕਦਾ ਹੈ। ਰਾਧਾ ਮੋਹਨ ਗੋਕੁਲ, ਰਾਹੁਲ ਸੰਕਰਤਾਇਨ ਅਤੇ ਗਣੇਸ਼ ਸ਼ੰਕਰ ਵਿਦਿਆਰਥੀ ਬਾਰੇ ਸੱਤਿਅਮ ਅਤੇ ਕਾਤਿਆਇਨੀ ਨੇ ਇੰਨਾਂ ਸ਼ਖ਼ਸ਼ੀਅਤਾਂ ਦੀਆਂ ਲੇਖਾਂ ਵਾਲੀਆਂ ਪੁਸਤਕਾਂ 'ਚ ਬਹੁਤ ਸੰਖੇਪ 'ਚ ਅਤੇ ਅੱਛਾ ਲਿਖਿਆ ਹੈ, ਭਾਵੇਂ ਇਹਨਾਂ 'ਤੇ ਅਜੇ ਹੋਰ ਲਿਖਿਆ ਜਾਣਾ ਚਾਹੀਦਾ ਹੈ। ਮੋਹਨ ਥਪਲੀਆਲ ਦੁਆਰਾ ਮੂਲ ਜਰਮਨ ਤੋਂ ਅਨੁਵਾਦਿਤ ਕਵਿਤਾਵਾਂ ਦੀ ਬ੍ਰੈਖ਼ਤ ਦੀ ਕਿਤਾਬ 'ਚੋਂ ਬ੍ਰੈਖ਼ਤ ਦੇ ਜੀਵਨ ਅਤੇ ਕੰਮ 'ਤੇ ਇਕ ਵੱਡਾ ਲੇਖ ਦਿੱਤਾ ਜਾ ਸਕਦਾ ਹੈ। ਮਾਓ ਨੂੰ ਇਕ ਸਾਹਿਤਕਾਰ ਦੇ ਤੌਰ 'ਤੇ ਪੇਸ਼ ਕਰਦੇ ਹੋਏ ਸੱਤਿਆਵ੍ਰਤ ਨੇ ਉਹਨਾਂ ਦੀ ਕਵਿਤਾਵਾਂ ਦੀ ਕਿਤਾਬ 'ਚ ਬਹੁਤ ਅੱਛਾ ਆਰਟੀਕਲ ਲਿਖਿਆ ਹੈ। ਅਲੈਕਸਾਂਦਰ ਸੇਰਾਫ਼ੀਮੋਵਿਚ ਇਕ ਰੂਸੀ ਕਹਾਣੀਕਾਰ ਸਨ ਜਿਹਨਾਂ ਦੀਆਂ ਚੋਣਵੀਆਂ ਕਹਾਣੀਆਂ ਦੀ ਕਿਤਾਬ 'ਚ ਤੁਸੀਂ ਇਹਨਾਂ ਬਾਰੇ ਪੜ੍ਹ ਸਕਦੇ ਹੋ। ਤਾਲਸਤਾਏ ਦੀ 'ਮੋਇਆ ਦੀ ਜਾਗ' ਜਿਹੜੀ ਰੂਸ ਤੋਂ ਛਪੀ ਉਸ 'ਚ ਤਾਲਸਤਾਏ ਬਾਰੇ ਲੰਮਾ ਲੇਖ ਹੈ। ਮੈਕਸਿਮ ਗੋਰਕੀ ਅਤੇ ਚੈਖ਼ਵ ਦੀਆਂ ਕਹਾਣੀਆਂ ਦੇ ਜਿਹੜੇ ਸੰਗ੍ਰਹਿ ਰੂਸ ਤੋਂ ਛਪੇ ਸਨ ਉਹਨਾਂ 'ਚ ਗੋਰਕੀ ਅਤੇ ਚੈਖ਼ਵ ਬਾਰੇ ਕਾਫ਼ੀ ਲਿਖਿਆ ਹੈ। ਇਸੇ ਤਰ੍ਹਾਂ ਨੌਜਵਾਨਾਂ ਨੂੰ ਪਾਪੂਲਰ ਅਤੇ ਫਿਲਾਸਿਫਿਕਲ ਮਾਰਕਸਵਾਦ ਦੇ ਨੇੜੇ ਲਿਆਉਣ ਲਈ ਅਸੀਂ ਮਾਸਕੋ 'ਤੋਂ ਛਪੀਆਂ ਕੁਝ ਬੁਨਿਆਦੀ ਮਾਰਕਸਵਾਦੀ ਕਲਾਸਿਕਸ 'ਚੋਂ ਭੂਮਿਕਾਵਾਂ ਛਾਪ ਸਕਦੇ ਹਾਂ, ਇਸ ਤਰ੍ਹਾਂ ਦਾ ਇਕ ਕਾਲਮ ਮਾਰਕਸਵਾਦੀ ਕਲਾਸਿਕਸ ਸੰਬਧੀ ਸ਼ੁਰੂ ਕੀਤਾ ਜਾ ਸਕਦਾ ਹੈ। ਅਦਾਰਾ 'ਲਲਕਾਰ' ਦੀ ਨੌਜਵਾਨਾਂ ਨੂੰ ਮਾਰਕਸਵਾਦ ਪ੍ਰਤੀ ਸਿੱਖਿਅਤ ਕਰਨ ਲਈ ਚੀਨ ਦੇ 'ਯੁਵਕ ਸਵੈ-ਸਿੱਖਿਆ ਸੀਰੀਜ਼' ਵਰਗੀ ਭੂਮਿਕਾ ਹੋ ਸਕਦੀ ਹੈ। 'ਧਰਮ ਬਾਰੇ' ਮਾਰਕਸ ਏਂਗਲਜ਼ ਦੀ ਕਿਤਾਬ ਦੀ ਭੂਮਿਕਾ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਸਮਾਜਵਾਦੀ ਪ੍ਰਯੋਗਾਂ 'ਤੇ ਕੁਝ ਕਿਤਾਬਾਂ ਜਿਵੇਂ 'ਅਕਤੂਬਰ ਇਨਕਲਾਬ ਅਤੇ ਲੈਨਿਨ' ਦੀ ਰੀਸ ਵਿਲਿਅਮਸ ਦੀ ਲਿਖੀ ਭੂਮਿਕਾ ਸ਼ਾਨਦਾਰ ਹੈ। 'ਪਾਪ ਅਤੇ ਵਿਗਿਆਨ' ਦੀ ਡੀ. ਡੀ. ਕੋਸਾਂਬੀ ਦੀ ਲਿਖੀ ਭੂਮਿਕਾ ਆਦਿ। ਇਸੇ ਤਰ੍ਹਾਂ ਸੋਵਿਅਤ ਯੂਨੀਅਨ 'ਚ ਬਾਲ-ਸਾਹਿਤ ਦੇ ਖੇਤਰ 'ਚ ਜਿਹੜਾ ਕੰਮ ਹੋਇਆ ਸੀ ਉਸ ਤੋਂ ਸਾਨੂੰ ਸਿੱਖਿਆ ਲੈਣੀ ਚਾਹੀਦੀ ਹੈ ਅਤੇ ਉਸ ਸਮੇਂ ਦੇ ਪੰਜਾਬੀ ਅਨੁਵਾਦਾਂ ਦਾ ਫਾਇਦਾ ਉਠਾਉਣਾ ਚਾਹੀਦਾ ਹੈ।

ਤੁਹਾਡਾ

ਰਜਿੰਦਰ, ਚੰਡੀਗੜ੍ਹ।

(ਸਫਾ 19 ਦਾ ਬਾਕੀ)

ਭਗਵੰਤ ਮਾਨ ਦੇ ਫਾਰਮੂਲੇ ਤੇ ਯਥਾਰਥ

ਪਾਣੀਆਂ ਤੇ ਮਾਲਵਾ ਪੱਟੀ 'ਚ ਵੱਧ ਰਹੇ ਕੈਂਸਰ ਦੇ ਕੇਸਾਂ ਪ੍ਰਤੀ ਆਪਣਾ ਨਜ਼ਰੀਆ ਰੱਖਿਆ। ਉਹਨਾਂ ਅਨੁਸਾਰ ਪਾਣੀ ਸਿਰਫ ਭਾਰਤ 'ਚ ਹੀ ਗੰਧਲਾ ਹੁੰਦਾ ਹੈ, ਅਮਰੀਕਾ, ਕੈਨੇਡਾ 'ਚ ਅਜਿਹਾ ਹਰਗਿਜ਼ ਨਹੀਂ ਹੁੰਦਾ। ਪਰ ਉਹਨਾਂ ਨੇ ਇਹ ਨਹੀਂ ਦੱਸਿਆ ਕਿ ਹੁਣੇ ਹੁਣੇ ਸਭ ਤੋਂ ਵੱਡਾ ਤੇਲ ਲੀਕ ਕਿੱਥੇ ਹੋਇਆ, ਕੀ ਇਹ ਅਮਰੀਕਾ 'ਚ ਨਹੀਂ ਹੋਇਆ, ਪਾਣੀ ਦਾ ਨਿਊਕਲੀਅਰ ਪ੍ਰਦੂਸ਼ਣ ਕਿੱਥੇ ਹੋ ਰਿਹਾ ਹੈ, ਜਪਾਨ ਵਿੱਚ। 'ਗਲੋਬਲ ਵਾਰਮਿੰਗ' ਤੇ ਵਾਤਾਵਰਨ ਦੀ ਤਬਾਹੀ ਇੱਕ ਆਲਮੀ ਵਰਤਾਰਾ ਹੈ, ਇਸ ਦਾ ਕੋਈ ਖਾਸ ਰੂਪ ਕਿਸੇ ਖਾਸ ਖਿੱਤੇ 'ਚ ਜ਼ਰੂਰ ਹੋ ਸਕਦਾ ਹੈ ਅਤੇ ਇਸ ਦੇ ਕਾਰਨ ਵੀ ਮੁਨਾਫਾ-ਅਧਾਰਿਤ ਆਲਮੀ ਢਾਂਚੇ ਭਾਵ ਪੂੰਜੀਵਾਦ ਦੀਆਂ ਜੜ੍ਹਾਂ 'ਚ ਹੀ ਪਏ ਹਨ। ਵਾਤਾਵਰਨ ਦੀ ਤਬਾਹੀ ਦੀ ਬੂ-ਦੁਹਾਈ ਮਚਾਉਣਾ ਤੇ ਪੂੰਜੀਵਾਦ ਦੇ ਇਸ ਪਿੱਛੇ ਹੋਣ ਬਾਰੇ ਗੱਲ ਨਾ ਕਰਨਾ, ਇੱਕ ਤਰ੍ਹਾਂ ਦੀ ਬੌਧਿਕ ਬੇਈਮਾਨੀ ਹੈ ਤੇ ਲੋਕਾਂ ਨੂੰ ਮੂਰਖ ਬਣਾਉਣਾ ਹੈ।

ਹੋਰ ਵੀ ਕਈ ਆਪਾ ਵਿਰੋਧੀ ਵਿਚਾਰ ਉਹਨਾਂ ਨੇ ਸਰੋਤਿਆਂ ਸਾਹਮਣੇ ਰੱਖੇ ਮਸਲਨ ਉਹਨਾਂ ਨੇ ਕਿਹਾ ਕਿ ਉਹ 'ਕਾਕਾ' ਕਿਸਮ ਦੇ 'ਪੈਰਾਸ਼ੂਟ' ਰਾਜਨੀਤੀ ਤੋਂ ਨਫਰਤ ਕਰਦੇ ਹਨ, ਪਰ ਖੁਦ ਮਨਪ੍ਰੀਤ ਬਾਦਲ ਜਿਸ ਦੀ ਪਾਰਟੀ ਉਹ ਸ਼ਾਮਲ ਹੋਏ ਹਨ ਉਹ ਕਿਹੜੇ ਲੋਕ-ਮੋਰਚੇ ਲਾ ਕੇ ਨੇਤਾ ਬਣਿਆ ਹੈ। ਰਾਜਨੀਤੀ 'ਚ ਸ਼ਾਮਿਲ ਹੋਣ ਵੇਲੇ ਉਸ ਦੀ 'ਕੁਆਲੀਫਿਕੇਸ਼ਨ' ਕੀ 'ਭਤੀਜੇ' ਤੋਂ ਜ਼ਿਆਦਾ ਕੁਝ ਸੀ ? 'ਡੈਮੋਕਰੇਸੀ' ਬਾਰੇ ਉਹਨਾਂ ਦਾ ਮੰਨਣਾ ਹੈ ਕਿ ਲੋਕ ਇੱਕ ਵੋਟ ਪਾਕੇ 'ਡੈਮੋਕਰੇਸੀ' ਦਾ 'ਨਾਜਾਇਜ਼' ਫਾਇਦਾ ਉਠਾਉਂਦੇ ਹਨ। ਜਦੋਂ ਦੇਸ਼ ਦੇ 77 ਫੀਸਦੀ ਲੋਕ 20 ਰੁਪਏ/ਦਿਨ ਤੋਂ ਘੱਟ ਤੇ ਗੁਜਾਰਾ ਕਰਦੇ ਹਨ, ਤਾਂ ਫਿਰ ਉਹ ਕੌਣ ਹਨ ਜੋ 'ਨਾਜਾਇਜ਼' ਫਾਇਦਾ ਉਠਾਉਂਦੇ ਹਨ, ਇਸ ਬਾਰੇ ਉਹ ਕੋਈ ਚਾਨਣਾ ਨਹੀਂ ਪਾਉਂਦੇ।

ਸਵਾਲਾਂ ਜਵਾਬਾਂ ਦੇ ਸਿਲਸਿਲੇ ਦੌਰਾਨ ਉਹ ਦੱਸਦੇ ਹਨ ਕਿ ਲੋਕੀਂ ਆਪਣੀ 'ਚਾਦਰ' ਦੇਖ ਕੇ ਪੈਰ ਨਹੀਂ ਪਸਾਰਦੇ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੁਝ ਲੋਕਾਂ ਕੋਲ ਚਾਦਰਾਂ ਦੀ ਥਾਂ 'ਮਹਿਲ' ਕਿਉਂ ਹਨ ਤੇ ਬਹੁਗਿਣਤੀ ਕੋਲ 'ਚਾਦਰ' ਦੇ ਘਸੇ ਹੋਏ ਕਪੜੇ ਦੀ ਲੀਰ ਕਿਉਂ ਹੈ ? ਅਜਿਹਾ ਨਹੀਂ ਕਿ ਉਹਨਾਂ ਨੇ ਇੰਨਾ ਕੁਝ ਹੀ ਕਿਹਾ, ਉਹਨਾਂ ਨੇ ਹੋਰ ਵੀ ਗਿਆਨ ਦੀ ਵਰਖਾ ਕੀਤੀ ਪਰ ਸਾਡੇ ਲਈ ਇੰਨਾ ਹੀ ਬਹੁਤ ਹੈ ਇਹ ਜਾਣਨ ਲਈ ਕਿ ਇਸ ਵਰਖਾ ਦਾ ਧਰਤੀ ਨੂੰ ਕੋਈ ਫਾਇਦਾ ਹੋਣ ਵਾਲਾ ਹੈ ਜਾਂ ਨਹੀਂ। ਇੱਕ ਸੱਚ ਜੋ ਉਹਨਾਂ ਨੇ ਖੁਦ ਲਈ ਬੋਲਿਆ – 'ਮੈਂ ਕੋਈ ਫਿਲਾਸਫਰ ਨਹੀਂ ਹਾਂ, ਤੇ ਨਾ ਹੀ ਕੋਈ ਚਿੰਤਕ।' •

➡ ਇਸ ਤਰਾਂ ਆਪਣੇ ਕੈਰੀਅਰ ਦੀ ਸਿਖ਼ਰ ਤੇ ਪਾਲ ਰੋਬਿਸਨ ਇਕ ਸਰਗਰਮ ਰਾਜਨੀਤਕ ਕਾਰਕੁਨ ਬਣ ਗਏ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਦੁਨੀਆਂ ਦੀ ਅਗਾਂਹਵਧੂ ਲਹਿਰ ਲਈ ਸਮਰਪਤ ਕਰ ਦਿਤਾ। ਇਸੇ ਦੌਰਾਨ ਉਹ ਅਮਰੀਕਾ ਦੇ ਲੋਕਾਂ ਦੇ ਘੋਲ ਦੀਆਂ ਮੂਹਰਲੀਆਂ ਕਤਾਰਾਂ ਵਿਚ ਸ਼ਾਮਲ ਸਨ। ਉਨ੍ਹਾਂ ਨੇ ਦੁਨੀਆਂ ਭਰ ਦੇ ਲੋਕ ਮੁਕਤੀ ਦੇ ਘੋਲਾਂ ਦੀ ਹਮਾਇਤ ਕੀਤੀ। 27 ਜੂਨ 1938 ਨੂੰ ਰੋਬਿਸਨ ਭਾਰਤ ਦੀ ਅਜ਼ਾਦੀ ਦੀ ਹਮਾਇਤ ਲਈ ਕਿੰਗਸਵੇ ਹਾਲ ਵਿਚ ਰੱਖੀ ਗਈ ਰੈਲੀ ਵਿਚ ਸ਼ਾਮਲ ਹੋਏ।

ਇਸ ਦੌਰਾਨ 1939 ਵਿਚ ਦੂਜੀ ਸੰਸਾਰ ਜੰਗ ਛਿੜ ਗਈ। ਪਹਿਲਾਂ ਤਾਂ ਪਾਲ ਨੇ ਇਸ ਸਾਮਰਾਜੀ ਜੰਗ ਦਾ ਵਿਰੋਧ ਕੀਤਾ ਪਰ ਜਦ ਜੂਨ 1941 ਵਿਚ ਜਰਮਨੀ ਨੇ ਸੋਵੀਅਤ ਯੂਨੀਅਨ ਤੇ ਹਮਲਾ ਕਰ ਦਿਤਾ ਤਾਂ ਜਰਮਨੀ ਦੇ ਖਿਲਾਫ਼ ਦੂਜਾ ਫਰੰਟ ਖੋਲ੍ਹਣ ਦੇ ਹਮਾਇਤੀਆਂ ਵਿਚ ਪਾਲ ਵੀ ਸ਼ਾਮਲ ਸਨ।

ਲੋਕ ਪੱਖੀ ਸਰਗਰਮੀਆਂ ਕਾਰਣ 1952 ਵਿਚ ਉਨ੍ਹਾਂ ਨੂੰ ਕੌਮਾਂਤਰੀ ਸਤਾਲਿਨ ਸਨਮਾਨ ਨਾਲ ਨਿਵਾਜਿਆ ਗਿਆ। ਅਪ੍ਰੈਲ 1953 ਵਿਚ ਸਤਾਲਿਨ ਦੀ ਮੌਤ ਤੋਂ ਥੋੜ੍ਹੀ ਦੇਰ ਬਾਅਦ ਉਨ੍ਹਾਂ ਨੇ ਸਤਾਲਿਨ ਨੂੰ ਸਮਰਪਿਤ ਸ਼ਰਧਾਂਜਲੀ "ਟੂ ਯੂ ਬਿਲਵਡ ਕਾਮਰੇਡ" ਲਿਖੀ।

ਨਾਟਕ, ਫ਼ਿਲਮ ਅਤੇ ਸੰਗੀਤ ਦੀਆਂ ਸਰਗਰਮੀਆਂ ਦੇ ਨਾਲ ਹੀ ਪਾਲ ਨੇ ਲੋਕਾਂ ਦੇ ਹਿੱਤਾਂ ਲਈ ਅਵਾਜ਼ ਉਠਾਉਣੀ ਵੀ ਜਾਰੀ ਰੱਖੀ। ਪਾਲ ਦੀਆਂ ਇਨ੍ਹਾਂ ਸਰਗਰਮੀਆਂ ਕਾਰਣ ਉਹ ਅਮਰੀਕੀ ਹਾਕਮ ਜਮਾਤਾਂ ਦੀਆਂ ਨਜ਼ਰਾਂ ਵਿਚ ਰੜਕਣ ਲੱਗੇ ਸਨ। ਐਫ.ਬੀ.ਆਈ ਅਤੇ ਸੀ.ਏ.ਆਈ ਜਿਹੀਆਂ ਅਮਰੀਕੀ ਸੂਹੀਆਂ ਏਜੰਸੀਆਂ ਪਾਲ ਰੋਬਿਸਨ ਤੇ ਲਗਾਤਾਰ ਨਜ਼ਰ ਰੱਖਦੀਆਂ ਸਨ। ਇਹ ਉਹ ਦੌਰ ਸੀ ਜਦ ਮੈਕਾਰਥੀ ਜਿਹਿਆਂ ਨੇ 'ਕਮੇਟੀ ਆਨ ਅਨਅਮੇਰੀਕਨ ਐਕਟਿਵਟੀਜ' ਬਣਾ ਕੇ ਅਮਰੀਕਾ ਦੇ ਕਲਾਕਾਰਾਂ ਦੀ ਅਵਾਜ਼ ਨੂੰ ਦਬਾਉਣ ਦੀ ਤਿਆਰੀ ਕਰ ਲਈ ਸੀ। 1955 ਵਿਚ ਪਾਲ ਵੀ ਇਸ ਬਦਨਾਮ ਕਮੇਟੀ ਅੱਗੇ ਪੇਸ਼ ਹੋਏ। ਕਮੇਟੀ ਨੂੰ ਦਿਤੇ ਆਪਣੇ ਜੁਆਬਾਂ ਵਿਚ ਪਾਲ ਨੇ ਆਪਣੇ ਇਰਾਦਿਆਂ ਦੀ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਅਤੇ ਗੈਰ ਕਮਿਊਨਿਸਟ ਹੋਣ ਸੰਬੰਧੀ ਹਲਫੀਆ ਬਿਆਨ ਦੇਣ ਤੋਂ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਇਹ ਅਮਰੀਕੀ ਨਾਗਰਿਕਾਂ ਦੇ ਹੱਕਾਂ ਦੇ ਉਲਟ ਹੈ। ਜਦ ਉਸ ਨੂੰ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਸੰਬੰਧੀ ਪੁੱਛਿਆ ਗਿਆ ਤਾਂ ਉਸ ਨੇ ਕਮੇਟੀ ਤੇ ਮੋੜਵਾਂ ਸੁਆਲ ਕੀਤਾ, "ਕੀ ਤੁਸੀਂ ਉਨ੍ਹਾਂ ਲੋਕਾਂ ਦੀ ਪਾਰਟੀ ਸੰਬੰਧੀ ਗੱਲ ਕਰ ਰਹੇ ਹੋ ਜਿਸ ਨੇ ਮੇਰੇ ਲੋਕਾਂ, ਸਾਰੇ ਅਮਰੀਕੀ ਲੋਕਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਘੋਲ ਕੀਤਾ ਹੈ ?" ਉਨ੍ਹਾਂ ਨੇ ਅੱਗੇ ਕਿਹਾ ਕਿ ਫਾਸੀਵਾਦ ਵਿਰੁਧ ਸਭ ਤੋਂ ਪਹਿਲਾਂ ਜਾਨਾਂ ਵਾਰਨ ਵਾਲੇ ਕਮਿਊਨਿਸਟ ਸਨ ਅਤੇ ਉਨਾਂ ਨੇ ਪੂਰੇ ਯੂਰੋਪ ਵਿਚ ਕਈ ਥਾਂਵਾਂ ਤੇ ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ।"

ਪਾਲ ਰੋਬਿਸਨ ਦੇ ਤਿੱਖੇ ਜੁਆਬਾਂ ਦੀ ਤਾਬ ਨਾ ਝੱਲਦਿਆਂ ਜਦ ਕਮੇਟੀ ਦੇ ਮੈਂਬਰਾਂ ਨੇ ਉਸ ਨੂੰ ਅਮਰੀਕਾ ਛੱਡ ਕੇ ਸੋਵੀਅਤ ਯੂਨੀਅਨ ਵਸ ਜਾਣ ਲਈ ਕਿਹਾ ਤਾਂ ਪਾਲ ਰੋਬਿਸਨ ਗਰਜ਼ੇ, "ਮੇਰੇ ਬਾਪ ਇਕ ਗੁਲਾਮ ਸਨ ਅਤੇ ਮੇਰੇ ਲੋਕਾਂ ਨੇ ਇਸ ਦੇਸ਼ ਦੀ ਉਸਾਰੀ ਲਈ ਜਾਨਾਂ ਵਾਰੀਆਂ ਸਨ ਇਸ ਲਈ ਮੈਂ ਇਥੇ ਹੀ ਰਹਾਂਗਾ ਅਤੇ ਤੁਹਾਡੀ ਹੀ ਤਰ੍ਹਾਂ ਇਥੇ ਦਾ ਇਕ ਹਿੱਸਾ ਬਣਿਆ ਰਹਾਂਗਾ। ਕੋਈ ਵੀ ਫਾਸੀ ਸੋਚ ਵਾਲੇ ਵਿਅਕਤੀ ਮੈਨੂੰ ਇਥੋਂ ਕੱਢ ਨਹੀਂ ਸਕਦੇ। ਕੀ ਗੱਲ ਸਾਫ਼ ਹੋ ਗਈ ਹੈ ?"

ਇਸ ਦਾ ਨਤੀਜਾ ਪਾਲ ਰੋਬਿਸਨ ਦੇ ਪਾਸਪੋਰਟ ਦੀ ਜਬਤੀ ਦੇ ਰੂਪ ਵਿਚ ਨਿਕਲਿਆ। ਇਸ ਤਰ੍ਹਾਂ ਉਨ੍ਹਾਂ ਦੇ ਅਮਰੀਕਾ ਤੋਂ ਬਾਹਰ ਜਾਣ ਤੇ ਪਾਬੰਦੀ ਲਗ ਗਈ। ਉਸ ਨੂੰ 'ਬਲੈਕ ਲਿਸਟ' ਕਰ ਦਿਤਾ ਗਿਆ ਅਤੇ ਅਮਰੀਕਾ ਵਿਚ ਸਟੇਜ਼, ਸਕਰੀਨ, ਰੇਡੀਓ ਅਤੇ ਟੈਲੀਵਿਜ਼ਨ ਤੇ ਉਨ੍ਹਾਂ ਦੇ ਕੰਮ ਕਰਨ ਤੇ ਅਣਐਲਾਨੀ ਪਾਬੰਦੀ ਲਾ ਦਿਤੀ ਗਈ। ਬਲੈਕਲਿਸਟ ਕੀਤੇ ਜਾਣ ਕਾਰਣ ਉਸ ਦੀ ਆਮਦਨ ਬਹੁਤ ਘਟ ਗਈ। ਪਾਲ ਰੋਬਿਸਨ ਦੇ ਆਪਣੇ ਸ਼ਬਦਾਂ ਵਿਚ, "ਆਪਣੇ ਵਿਚਾਰਾਂ ਖਾਤਰ ਜੇ ਲੱਖਾਂ ਨਹੀਂ, ਤਾਂ ਹਜ਼ਾਰਾਂ ਡਾਲਰ ਕੁਰਬਾਨ ਕੀਤੇ ਹਨ।" ਇਸ ਦੌਰ ਵਿਚ ਵੀ ਟੈਲੀਫੋਨ ਰਾਹੀਂ ਵਿਦੇਸ਼ਾਂ ਵਿਚ ਉਹਨਾਂ ਦੇ ਕਈ ਸ਼ੋਅ ਹੋਏ। ਪੂਰੀ ਦੁਨੀਆਂ ਵਿਚ ਵੱਡੇ ਪੱਧਰ ਤੇ ਇਸ ਦਾ ਵਿਰੋਧ ਹੋਇਆ। ਇੰਗਲੈਂਡ ਵਿਚ 'ਨੈਸ਼ਨਲ ਪਾਲ ਰੋਬਿਸਨ ਕਮੇਟੀ' ਬਣੀ ਜਿਸ ਦੀ ਜਨਤਕ ਪਟੀਸ਼ਨ 'ਲੈਟ ਪਾਲ ਰੋਬਿਸਨ ਸਿੰਗ' ਤੇ ਲੱਖਾਂ ਲੋਕਾਂ ਦੇ ਦਸਖ਼ਤ ਕੀਤੇ।

1958 ਵਿੱਚ ਉਨ੍ਹਾਂ ਦੀ ਸਵੈ-ਜੀਵਨੀ 'ਹਿਅਰ ਆਈ ਸਟੈਂਡ' ਆਈ ਅਤੇ ਇਸੇ ਸਾਲ ਅਦਾਲਤ ਤੇ ਫੈਸਲੇ ਤੇ ਉਨ੍ਹਾਂ ਦਾ ਪਾਸਪੋਰਟ ਵਾਪਸ ਮਿਲਿਆ ਅਤੇ ਅਗਲੇ ਪੰਜਾਂ ਸਾਲ ਉਨ੍ਹਾਂ ਨੇ ਯੂਰੋਪ ਵਿਚ ਬਿਤਾਏ ਅਤੇ ਆਸਟਰੇਲੀਆ ਅਤੇ ਨਿਊਜ਼ੀਲੈਂਡ ਅਤੇ ਕਈ ਹੋਰਨਾਂ ਦੇਸ਼ਾਂ ਵਿਚ ਵੀ ਗਏ। ਆਕਲੈਂਡ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ "ਕੱਟੜ ਮਾਰਕਸਵਾਦੀ" ਐਲਾਨਿਆ। 1963 ਤੱਕ ਆਉਂਦਿਆਂ ਉਨ੍ਹਾਂ ਦੀ ਸਿਹਤ ਵਿਚ ਲਗਾਤਾਰ ਨਿਘਾਰ ਆਉਣਾ ਸ਼ੁਰੂ ਹੋ ਗਿਆ। 23 ਜਨਵਰੀ, 1976 ਨੂੰ ਅਮਰੀਕਾ ਦੇ ਫਿਲਾਡੈਲਫੀਆ ਸ਼ਹਿਰ ਵਿਚ ਲੰਮੀ ਬਿਮਾਰੀ ਪਿਛੋਂ ਇਸ ਮਹਾਨ ਕਲਾਕਾਰ ਦੀ ਮੌਤ ਹੋ ਗਈ।

ਪਾਲ ਰੋਬਿਸਨ ਦੇ ਇਹ ਸ਼ਬਦ ਕਲਾਕਾਰਾਂ ਨੂੰ ਲੋਕਾਂ ਨਾਲ ਖੜਨ ਲਈ ਸਦਾ ਪ੍ਰੇਰਣਾ ਦਿੰਦੇ ਰਹਿਣਗੇ, "ਕਲਾਕਾਰ ਨੂੰ ਲਾਜ਼ਮੀ ਹੀ ਪੱਖਪਾਤੀ ਹੋਣਾ ਪਵੇਗਾ। ਉਸ ਨੂੰ ਲਾਜ਼ਮੀ ਹੀ ਅਜ਼ਾਦੀ ਜਾਂ ਗੁਲਾਮੀ ਲਈ ਲੜਨ ਲਈ ਖੜ੍ਹੇ ਹੋਣਾ ਪਵੇਗਾ। ਮੈਂ ਆਪਣੀ ਚੋਣ ਕਰ ਲਈ ਹੈ। ਮੇਰੇ ਕੋਲ ਕੋਈ ਬਦਲ ਨਹੀਂ ਸੀ। ਪੂੰਜੀਵਾਦੀ ਯੁੱਗ ਦਾ ਇਤਿਹਾਸ ਮੇਰੇ ਲੋਕਾਂ ਦੀ ਮੰਦਹਾਲੀ ਲਈ ਜਾਣਿਆ ਜਾਂਦਾ ਹੈ। ... ਅੰਨੀ ਸ਼ਰਧਾ ਜਾਂ ਧੱਕੇ ਨਾਲ ਨਹੀਂ ਸਗੋਂ ਆਪਣੇ ਸੁਚੇਤ ਰਾਹ ਕਾਰਣ, ਮੈਂ ਤੁਹਾਡੇ ਨਾਲ ਖੜ੍ਹਦਾ ਹਾਂ।" •

ਵਿਦਰੋਹੀ ਗਾਇਕ - ਪਾਲ ਰੋਬਿਸਨ

• ਕੁਲਵਿੰਦਰ



ਪਾਲ ਰੋਬਿਸਨ ਨੂੰ ਦੁਨੀਆਂ ਵਿਦਰੋਹੀ ਗਾਇਕ ਵਜੋਂ ਜਾਣਦੀ ਹੈ। 9 ਅਪ੍ਰੈਲ, 1898 ਨੂੰ ਜਨਮੇ ਪਾਲ ਰੋਬਿਸਨ ਦੇ ਪਿਤਾ ਵਿਲੀਅਮ ਡਰਊ ਰੋਬਿਸਨ ਇਕ ਗੁਲਾਮ ਸਨ ਜੋ ਬਾਅਦ ਵਿਚ ਭਗੌੜੇ ਹੋ ਗਏ।ਉਨ੍ਹਾਂ ਨੂੰ ਆਪਣੀ ਨੌਕਰੀ ਸਮਾਜਕ ਨਿਆਂ ਲਈ ਉਨ੍ਹਾਂ ਦੇ ਭਾਸ਼ਣਾਂ ਕਰਕੇ ਗੁਆਣੀ ਪਈ ਸੀ। ਉਸ ਦੀ ਮਾਂ ਮਾਰੀਆ ਲੂਸੀਆ ਬੁਸਟਿਨ ਦਾ ਸੰਬੰਧ ਅਫ਼ਰੀਕੀ ਅਮਰੀਕੀ ਨਾਗਰਿਕ ਹੱਕਾਂ ਲਈ ਸਰਗਰਮ ਪਰਿਵਾਰ ਨਾਲ਼ ਸੀ। ਘਰੇਲੂ ਹਾਲਤਾਂ ਕਾਰਨ ਪਾਲ ਰੋਬਿਸਨ ਨੂੰ ਬਚਪਨ ਵਿਚ ਹੀ ਕਈ ਨਿੱਕੇ ਮੋਟੇ ਕੰਮ ਕਰਨੇ ਪਏ।

1915 ਵਿਚ ਉਨ੍ਹਾਂ ਨੂੰ ਵਜੀਫ਼ਾ ਮਿਲ ਗਿਆ ਅਤੇ ਉਨ੍ਹਾਂ ਨੇ ਰੁਟਗਰਸ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਆਪਣੀ ਤਾਕਤਵਰ ਅਵਾਜ਼ ਕਾਰਣ ਪਾਲ ਰੋਬਿਸਨ ਨੇ ਲਗਾਤਾਰ ਚਾਰ ਸਾਲ ਯੂਨੀਵਰਸਿਟੀ ਦੇ ਭਾਸ਼ਣ ਮੁਕਾਬਲੇ ਜਿੱਤੇ। ਏਸੇ ਸਮੇਂ ਦੌਰਾਨ ਉਹਨਾਂ ਨੇ ਸਥਾਨਕ ਕਲੱਬਾਂ ਵਿਚ ਗਾਉਣਾ ਵੀ ਸ਼ੁਰੂ ਕਰ ਦਿਤਾ। ਕੌਮੀ ਪੱਧਰ ਦੇ ਫੁਟਬਾਲ ਖਿਡਾਰੀ ਤੋਂ ਇਲਾਵਾ ਪਾਲ ਹੋਰ ਵੀ ਕਈ ਖੇਡਾਂ ਖੇਡਦੇ ਸਨ ਪਰ ਜਦ ਉਨ੍ਹਾਂ ਦੀਆਂ ਵਿਰੋਧੀ ਟੀਮਾਂ ਅਸ਼ਵੇਤ ਖਿਡਾਰੀ ਨਾਲ ਖੇਡਣੋਂ ਇਨਕਾਰ ਕਰ ਦਿੰਦੀਆਂ ਤਾਂ ਮਜ਼ਬੂਰਨ ਉਨ੍ਹਾਂ ਨੂੰ ਬਾਹਰ ਬੈਂਚ ਤੇ ਬਹਿਣਾ ਪੈਂਦਾ। ਇਸ ਤਰ੍ਹਾਂ ਬਚਪਨ ਵਿਚ ਹੀ ਪਾਲ ਰੋਬਿਸਨ ਦੇ ਮਨ ਵਿਚ ਨਸਲੀ ਵਿਤਕਰੇ ਲਈ ਨਫ਼ਰਤ ਪੈਦਾ ਹੋ ਗਈ।

1920 ਵਿਚ ਰੋਬਿਸਨ ਨਸਲੀ ਮੁੱਦਿਆਂ ਤੇ ਨਾਟਕ ਕਰਨ ਵਾਲੇ ਅਫ਼ਰੀਕੀ-ਅਮਰੀਕੀ ਵਿਦਿਆਰਥੀਆਂ ਦੇ ਸਮੂਹ ਵਿਚ ਸ਼ਾਮਲ ਹੋ ਗਏ। "ਸਿਮੋਨ ਦੀ ਸੀਰੀਅਨ" ਨਾਟਕ ਵਿਚ ਉਨ੍ਹਾਂ ਨੇ ਆਪਣਾ ਪਹਿਲਾ ਕਿਰਦਾਰ ਨਿਭਾਇਆ। ਛੇਤੀ ਹੀ ਪਾਲ ਦੇ ਮਾਪੇ ਇੰਗਲੈਂਡ ਚਲੇ ਗਏ। ਵਾਪਸ ਆ ਕੇ 1923 ਵਿਚ ਉਨ੍ਹਾਂ ਨੇ ਕਾਨੂੰਨ ਦੀ ਡਿਗਰੀ ਹਾਸਲ ਕੀਤੀ। ਬਾਅਦ ਵਿਚ ਆਪਣੀ ਨੌਕਰੀ ਇਸ ਲਈ ਛੱਡ ਦਿਤੀ ਕਿਉਂ ਕਿ ਇਕ ਸਟੈਨੋ ਨੇ ਉਨ੍ਹਾਂ ਦੇ ਰੰਗ ਕਾਰਣ ਉਨ੍ਹਾਂ ਤੋਂ ਡਿਕਟੇਸ਼ਨ ਲੈਣੋਂ ਇਨਕਾਰ ਕਰ ਦਿਤਾ ਸੀ। ਪਾਲ ਨੇ ਕਿੱਤੇ ਵਜੋਂ ਨਾਟਕ ਕਰਨ ਦਾ ਫੈਸਲਾ ਲੈ ਲਿਆ। ਇਸ ਦੌਰ ਵਿਚ ਉਨ੍ਹਾਂ ਨੇ ਅਮਰੀਕਾ ਅਤੇ ਯੂਰੋਪ ਵਿਚ "ਆਲ ਗਾਡਸ ਚਿਲਨ ਗੌਟ ਵਿੰਗਸ", "ਐਮਪਰਰ ਜੋਨਸ", "ਬਲੈਕ ਬੁਆਏ", "ਸ਼ੋਅ ਬੋਟ" ਅਤੇ "ਓਥੈਲੋ" ਜਿਹੇ ਨਾਟਕਾਂ ਵਿਚ ਆਪਣਾ ਸਿੱਕਾ ਮਨਵਾਇਆ।

ਹੁਣ ਵਾਰੀ ਫ਼ਿਲਮਾਂ ਦੀ ਸੀ। ਰੋਬਿਸਨ ਨੇ "ਦੀ ਐਪਰਰ ਜੋਨਸ" ਅਤੇ "ਸੈਂਡਰਸ ਆਫ਼ ਦੀ ਰਿਵਰ" ਜਿਹੀਆਂ ਕਈ ਫ਼ਿਲਮਾਂ ਵਿਚ ਕੰਮ ਕੀਤਾ, ਭਾਵੇਂ ਬਾਅਦ ਵਾਲੀ ਫ਼ਿਲਮ ਤੋਂ ਉਹ ਸੰਤੁਸ਼ਟ ਨਹੀਂ ਸਨ।

ਹੁਣ ਤੱਕ ਪਾਲ ਅਦਾਕਾਰੀ ਦੇ ਨਾਲ ਹੀ ਇਕ ਗਾਇਕ ਵਜੋਂ ਵੀ ਆਪਣੇ ਆਪ ਨੂੰ ਸਥਾਪਤ ਕਰ ਚੁੱਕੇ ਸਨ। ਪਰ 1930 ਤੱਕ ਪਾਲ ਹਾਲੇ ਏਨੇ ਸੁਚੇਤ ਨਹੀਂ ਸਨ ਹੋਏ ਕਿ ਕਲਾ ਦੀ ਅਸਲੀ ਤਾਕਤ ਨੂੰ ਪਛਾਣ ਸਕਦੇ। ਉਹ ਕਿਸੇ ਮਕਸਦ ਲਈ ਕਲਾ ਨੂੰ ਵਰਤਣ ਦੇ ਖਿਲਾਫ਼ ਸਨ ਅਤੇ ਉਨ੍ਹਾਂ ਅਨੁਸਾਰ ਕਲਾਕਾਰ ਨੂੰ ਲਾਜ਼ਮੀ ਹੀ ਖੁਦ ਪ੍ਰਤੀ ਜੁਆਬਦੇਹ ਹੋਣਾ ਚਾਹੀਦਾ ਹੈ।

ਇੰਗਲੈਂਡ ਵਿਚ ਅਦਾਕਾਰੀ ਅਤੇ ਗਾਉਣ ਦੇ ਕਿੱਤੇ ਦੇ ਨਾਲ ਨਾਲ ਹੁਣ ਰੋਬਿਸਨ ਬਰਤਾਨਵੀ ਮਜ਼ਦੂਰਾਂ ਦੇ ਘੋਲਾਂ ਵਿਚ ਸ਼ਮੂਲੀਅਤ ਕਰਨ ਲੱਗੇ। ਮਜ਼ਦੂਰਾਂ ਦੇ ਪ੍ਰੋਗਰਾਮਾਂ ਵਿਚ ਉਨ੍ਹਾਂ ਨੇ ਆਪਣੇ ਕਈ ਸ਼ੋਅ ਕੀਤੇ ਅਤੇ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾਂ ਨੂੰ ਜਾਨਣ ਲਈ ਖਾਣਾਂ ਵਿਚ ਵੀ ਗਏ। ਇਸ ਤਜਰਬੇ ਨੇ ਉਨ੍ਹਾਂ ਦੇ ਵਿਚਾਰਧਾਰਕ ਵਿਕਾਸ ਵਿਚ ਫੈਸਲਾਕੁਨ ਰੋਲ ਨਿਭਾਇਆ।

ਦਸੰਬਰ 1934 ਵਿਚ ਰੋਬਿਸਨ ਪਹਿਲੀ ਵਾਰ ਸੋਵੀਅਤ ਯੂਨੀਅਨ ਗਏ। ਉਥੋਂ ਦੀ ਜ਼ਿੰਦਗੀ ਨੂੰ ਦੇਖ ਕੇ ਉਹ ਸਮਾਜਵਾਦੀ ਵਿਚਾਰਾਂ ਵਲ ਆਕਰਸ਼ਤ ਹੋਏ। ਉਨ੍ਹਾਂ ਨੇ ਕਿਹਾ, "ਇਹ ਪਹਿਲੀ ਵਾਰ ਹੈ ਕਿ ਮੈਂ ਖੁਦ ਨੂੰ ਇਕ ਇਨਸਾਨ ਵਜੋਂ ਮਹਿਸੂਸ ਕੀਤਾ ਹੈ।" ਉਥੇ ਉਨ੍ਹਾਂ ਦੀ ਮੁਲਾਕਾਤ ਪ੍ਰਸਿੱਧ ਰੂਸੀ ਫ਼ਿਲਮ ਨਿਰਦੇਸ਼ਕ ਸਰਗੇਈ ਆਈਜੇਂਸਤਾਈਨ ਨਾਲ ਹੋਈ, ਬਾਅਦ ਵਿਚ ਜੋ ਦੋਸਤੀ ਵਿਚ ਬਦਲ ਗਈ।

ਏਸੇ ਦੌਰਾਨ ਸਪੇਨ ਦੀ ਘਰੇਲੂ ਜੰਗ ਛਿੜ ਗਈ ਜਿਸ ਨੇ ਸਾਰੀ ਦੁਨੀਆਂ ਦੇ ਕਲਾਕਾਰਾਂ ਨੂੰ ਪ੍ਰਭਾਵਤ ਕੀਤਾ। ਪਾਲ ਵੀ ਇਸ ਦੇ ਪ੍ਰਭਾਵ ਤੋਂ ਅਛੂਤੇ ਨਾ ਰਹਿ ਸਕੇ। ਉਹ ਸਪੇਨ ਵਿਚ ਲੜ ਰਹੇ ਇਬਰਾਹੀਮ ਲਿੰਕਨ ਬ੍ਰਗੇਡ ਦੇ ਤਿੰਨ ਆਨਰੇਰੀ ਮੈਂਬਰਾਂ ਚੋਂ ਇਕ ਸਨ। ਸਪੇਨ ਦੇ ਲੋਕਾਂ ਦੀ ਹਮਾਇਤ ਵਜੋਂ ਆਪਣੇ ਇਕ ਸ਼ੋਅ ਦੌਰਾਨ ਉਨ੍ਹਾਂ ਨੇ ਆਪਣੇ 'ਓਲਡ ਮੈਨ ਰਿਵਰ' ਗੀਤ ਦੇ ਬੋਲ 'ਮੈਂ ਜਿਊਣ ਤੋਂ ਥੱਕ ਗਿਆ ਹਾਂ ਤੇ ਮਰਨ ਤੋਂ ਡਰਦਾ ਹਾਂ' ਨੂੰ ਬਦਲ ਕੇ "ਮੈਂ ਜਰੂਰ ਹੀ ਲੜਾਂਗਾ, ਜਦ ਤੱਕ ਨਹੀਂ ਮਰਾਂਗਾ' ਗਾਇਆ।

ਵੱਖ ਵੱਖ ਦੇਸ਼ਾਂ ਦੀ ਯਾਤਰਾ ਨੇ ਉਨ੍ਹਾਂ ਦੇ ਵਿਚਾਰਾਂ ਵਿਚ ਇਨਕਲਾਬੀ ਤਬਦੀਲੀ ਲਿਆਂਦੀ। ਪਾਲ ਰੋਬਿਸਨ ਅਨੁਸਾਰ, "ਮੈਂ ਆਪਣੇ ਗੀਤਾਂ ਨੂੰ ਪੂਰੀ ਦੁਨੀਆਂ ਵਿਚ ਗਾਇਆ ਹੈ ਅਤੇ ਹਰੇਕ ਥਾਂ ਤੇ ਇਹ ਦੇਖਿਆ ਹੈ ਕਿ ਸਾਂਝੀ ਤੰਦ ਕਾਰਣ ਸਭ ਥਾਂ ਤੇ ਨੀਗਰੋ ਲੋਕਾਂ ਦੇ ਗੀਤਾਂ ਨੂੰ ਲੋਕ ਆਪਣੇ ਗੀਤਾਂ ਵਜੋਂ ਸੁਣਦੇ ਹਨ।"

(ਬਾਕੀ ਸਫ਼ਾ 32 'ਤੇ)

ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ।

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

1. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) 20.00
2. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) 30.00
3. ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ (ਕਾ. ਮਾਰਕਸ) 50.00
4. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) 35.00
5. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) 65.00
6. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) 05.00
7. ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ
ਦਰਸ਼ਨ ਦਾ ਅੰਤ (ਫ਼. ਏਂਗਲਜ਼) 30.00
8. ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) 35.00
9. ਰਾਜ ਅਤੇ ਇਨਕਲਾਬ (ਲੈਨਿਨ) 50.00
10. ਰਾਜ (ਲੈਨਿਨ 10.00)
11. ਖੇਤੀ ਵਿੱਚ ਪੂੰਜੀਵਾਦ (ਲੈਨਿਨ) 15.00
12. ਆਰਥਿਕ ਰੋਮਾਂਚਵਾਦ ਦਾ ਚਰਿੱਤਰ ਚਿਤਰਣ (ਲੈਨਿਨ) 50.00
13. ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) 35.00
14. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) 40.00
15. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ 75.00
16. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) 40.00
17. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) 60.00
18. ਦਵੰਦਵਾਦ ਜਰੀਏ ਲੋਕਾਂ ਦੀ ਸੇਵਾ 10.00
(ਸੱਭਿਆਚਾਰਕ ਇਨਕਲਾਬ ਦੌਰਾਨ ਚੀਨ ਵਿੱਚ ਹੋਏ ਨਵੇਂ ਪ੍ਰਯੋਗਾਂ ਦੀ ਕਹਾਣੀ)
19. ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਅਵੇਕੀਅਨ) 100.00
20. ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) 20.00
21. ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ 10.00
22. ਚੋਰ, ਭ੍ਰਿਸ਼ਟ ਤੇ ਅੱਯਾਸ਼ ਨੇਤਾਸ਼ਾਹੀ 3.00
23. ਨਵ-ਉਦਾਰਵਾਦੀ ਨੀਤੀਆਂ ਦੇ ਅਠਾਰਾਂ ਸਾਲ 3.00
24. ਫਿਲਾਸਫੀ ਕੋਈ ਗੋਰਖਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) 10.00
25. ਗ਼ਦਰੀ ਸੂਰਬੀਰ (ਰਣਧੀਰ ਸਿੰਘ) 10.00
26. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 10.00
27. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10.00
28. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ
10.00
29. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ) 15.00
30. ਜੰਗਲਨਾਮਾ - ਇੱਕ ਰਾਜਨੀਤਿਕ ਪੜਚੋਲ 3.00
31. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ 10.00
32. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ 20.00
ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ
33. ਕਿਉਂ ਮਾਓਵਾਦ? 10.00
34. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ
ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰ) 10.00
35. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੇਰਿਸ ਕਮਿਊਨ ਦੀ ਅਮਰ ਕਹਾਣੀ 10.00
36. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00
37. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00
38. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ
ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 25.00
39. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ
(ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60.00
40. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10.00
41. ਰਿਜ਼ਰਵੇਸ਼ਨ (ਪੱਖ, ਵਿਪੱਖ ਅਤੇ ਤੀਸਰਾ ਪੱਖ) 5.00
42. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00
43. ਭਗਤ ਸਿੰਘ ਨੇ ਕਿਹਾ... 5.00
44. ਸ਼ਹੀਦ ਕਰਤਾਰ ਸਿੰਘ ਸਰਾਭਾ 5.00
45. ਮੈਂ ਨਾਸਤਿਕ ਕਿਉਂ ਹਾਂ? (ਭਗਤ ਸਿੰਘ) 10.00
46. ਫ਼ਲਸਫ਼ਾਨਾ ਲਿਖ਼ਤਾਂ (ਮਾਓ-ਜ਼ੇ-ਤੁੰਗ) 25.00
47. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00
48. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20.00
49. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00
50. ਨੌਜਵਾਨਾਂ ਨਾਲ਼ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 10.00
51. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ ਵਲੋਂ
ਸੁਤੰਤਰ ਵਪਾਰ ਸੰਬੰਧੀ ਵਿਚਾਰ) 10.00
52. ਆਈਨਸਟੀਨ ਦੇ ਸਮਾਜਿਕ ਸਰੋਕਾਰ 10.00
53. ਫਾਸੀਵਾਦ ਕੀ ਹੈ? ਅਤੇ ਇਸ ਨਾਲ਼ ਕਿਵੇਂ ਲੜੀਏ? 15.00

——::——

ਦਸਤਕ ਪ੍ਰਕਾਸ਼ਨ

1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ) 80.00
2. ਮੇਰੇ ਸ਼ਗਿਰਦੀ ਦੇ ਦਿਨ (ਮੈਕਸਿਮ ਗੋਰਕੀ) 100.00
3. ਮੇਰੇ ਵਿਸ਼ਵ-ਵਿਦਿਆਲੇ (ਮੈਕਸਿਮ ਗੋਰਕੀ) 70.00
4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ) 20.00
5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) 15.00
6. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ 15.00
7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ 10.00
8. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) 20.00
9. ਸ਼ੋਲੋਖੋਵ ਦੀਆਂ ਕਹਾਣੀਆਂ 30.00
10. ਸ਼ਾਂਤ ਸਰਘੀ ਵੇਲਾ (ਨਾਵਲ) (ਬੋਰਿਸ ਵਾਸੀਲਿਯੇਵ) 30.00

——::——

ਅਨੁਰਾਗ ਟਰੱਸਟ

1. ਇਵਾਨ (ਵਲਾਦੀਮੀਰ ਬਗਾਮੋਲੋਵ) 40 ਰੁਪਏ
2. ਵਾਂਕਾ (ਐਂਤੋਨ ਚੇਖ਼ਵ) 15 ਰੁਪਏ
3. ਕਿਸਮਤ ਆਪੋ ਆਪਣੀ (ਜੈਨੇਂਦਰ) 20 ਰੁਪਏ
4. ਕੋਹੇਕਾਫ਼ ਦਾ ਕੈਦੀ (ਲਿਓ ਤਾਲਸਤਾਇ) 30 ਰੁਪਏ

ਮੁੱਖ ਦਫ਼ਤਰ : ਡੀ-68, ਨਿਰਾਲਾ ਨਗਰ, ਲਖਨਊ-226020
ਫੋਨ : 0522-2786782,
ਈਮੇਲ : janchetna@rediffmail.com
260, ਸ਼ਹੀਦ ਸੁਖਦੇਵ ਸਿੰਘ ਨਗਰ, ਪਿੰਡ-ਲੋਹਾਰਾ,
ਤਹਿ. ਅਤੇ ਜ਼ਿਲਾ — ਲੁਧਿਆਣਾ। ਫੋਨ : 98155-87807